# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਐਮ. ਏ. (ਸਿੱਖ ਅਧਿਐਨ)** **ਸਮੈਸਟਰ ਤੀਜਾ**

**ਪੇਪਰ : ਨੌਵਾਂ (Study of Sikh Religion & History-III)**

**ਮਾਧਿਅਮ : ਪੰਜਾਬੀ** **ਯੂਨਿਟ : 1**

## ਪਾਠ ਨੰ.


1.1 : ਸਿੱਖ ਅਤੇ ਬਰਤਾਨਵੀ ਬਸਤੀਵਾਦੀ ਯੋਜਨਾ 1857 ਤੱਕ

1.2 : ਨਾਮਧਾਰੀ (ਕੂਕਾ ਲਹਿਰ)

1.3. : ਨਿਰੰਕਾਰੀ ਲਹਿਰ ਦੀ ਸੰਖੇਪ ਜਾਣ-ਪਛਾਣ

1.4. : ਅੰਗਰੇਜ਼ੀ ਸਾਸ਼ਨ ਦੌਰਾਨ ਸਿੱਖ ਸਮਾਜ, ਧਰਮ ਅਤੇ ਪੱਛਮੀ ਵਿਦਿਆ ਦਾ ਪ੍ਰਭਾਵ

1.5 : ਸਿੱਖ ਪੁਨਰ ਜਾਗ੍ਰਿਤੀ ਵਿੱਚ ਸਿੰਘ ਸਭਾ ਲਹਿਰ ਅਤੇ ਸਿੱਖ ਪੱਤਰਕਾਰੀ ਦਾ ਯੋਗਦਾਨ

1.6 : ਚੀਫ਼ ਖਾਲਸਾ ਦੀਵਾਨ



***Department website : www.pbidde.org***

**Syllabus**

**M.A. SIKH STUDIES PART- II**
**(Sessions** 2023 - 2024 & 2024 - 2025**)**

**SEMESTER - III**

**Paper - IX Study of Sikh Religion and History-III**
**ਪੇਪਰ IX ਸਿੱਖ ਧਰਮ ਅਤੇ ਇਤਿਹਾਸ ਦਾ ਅਧਿਐਨ III**

| For Regular/Distance Education Students | For Private Students |
|---|---|
| Maximum Marks : 100<br>Theory: : 75<br>Internal Assessment: 25 | Maximum Marks: 100 |

| |
|---|
| Time allowed: 3 hours<br>Pass marks : 35% |

**INSTRUCTIONS FOR THE PAPER-SETTER**

**(For Regular and Distance Education Students)**:

**1**. The question paper is to be divided into three Sections A, B & C. For Section A of the question paper the examiner would set 4 questions covering Section A & Section B of the syllabus. Out of the 4 questions 2 questions are to be attempted by the candidates. Each question carries 10 marks. (2X10 =20)

**2**. In section B of the question paper 7 questions are to be asked from the whole syllabus. Out of 7 Questions 5 questions are to be answered by the candidates. Each question carries 5 marks. (5X5=25)

**3.** In section C of the paper the examiner would ask 10 questions from the whole syllabus. All the questions in section C are compulsory. Each question carries 3 marks. (10X3 = 30)

**INSTRUCTIONS FOR THE CANDIDATES**

Candidates will have to answer 2 questions out of 4 questions from Section- A, 5 questions out of 7 are to be answered in section-B of the questions paper. The whole of Section C is compulsory.

**ਪੇਪਰ ਸੈਟਰ ਲਈ ਹਦਾਇਤਾਂ**

**(ਰੈਗੂਲਰ ਅਤੇ ਡਿਸਟੈਂਸ ਐਜੂਕੇਸ਼ਨ ਲਈ)**

੧. ਪ੍ਰਸ਼ਨ ਪੱਤਰ ਤਿੰਨ ਹਿੱਸਿਆਂ ਵਿਚ ਵੰਡਿਆ ਜਾਵੇਗਾ ੳ, ਅ ਅਤੇ ੲ ਪ੍ਰਸ਼ਨ ਪੱਤਰ ਦੇ ਸੈਕਸ਼ਨ ੳ ਦੇ 4 ਪ੍ਰਸ਼ਨਾਂ ਵਿਚ ਪੇਪਰ ਸੈਟਰ ਸਿਲੇਬਸ ਦੇ ਸੈਕਸ਼ਨ ਏ ਅਤੇ ਸੈਕਸ਼ਨ ਬੀ ਕਵਰ ਕਰੇਗਾ 4 ਪ੍ਰਸ਼ਨਾਂ ਵਿਚੋਂ ਵਿਦਿਆਰਥੀ 2 ਪ੍ਰਸ਼ਨ ਹੱਲ ਕਰਨਗੇ ਅਤੇ ਹਰੇਕ ਪ੍ਰਸ਼ਨ 10 ਅੰਕਾਂ ਦਾ ਹੋਵੇਗਾ (10×2=20)

2. ਭਾਗ ਅ ਵਿਚ ਸਾਰੇ ਸਿਲੇਬਸ (ਸੈਕਸ਼ਨ ਏ ਅਤੇ ਸੈਕਸ਼ਨ ਬੀ) ਵਿਚੋਂ 7 ਪ੍ਰਸ਼ਨ ਪੁੱਛੇ ਜਾਣਗੇ ਅਤੇ ਵਿਦਿਆਰਥੀਆਂ ਲਈ 7 ਪ੍ਰਸ਼ਨ ਵਿਚੋਂ 5 ਦਾ ਉੱਤਰ ਦੇਣਾ ਲਾਜ਼ਮੀ ਹੋਵੇਗਾ ਅਤੇ ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ (5×5=25)

3. ਭਾਗ-ੲ ਵਿਚੋਂ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹੋਣਗੇ ਪ੍ਰੀਖਿਅਕ ਵੱਲੋਂ ਛੋਟੇ ਉਤਰਾਂ ਵਾਲੇ 10 ਪ੍ਰਸ਼ਨ ਸਾਰੇ ਸਿਲੇਬਸ ਵਿਚੋਂ ਪੁੱਛੇ ਜਾਣਗੇ ਅਤੇ ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ ($10 \times 3 = 30$)

ਪਰੀਖਿਆਰਥੀਆਂ ਲਈ ਹਦਾਇਤਾਂ

ਵਿਦਿਆਰਥੀਆਂ ਨੇ ਪ੍ਰਸ਼ਨ ਪੱਤਰ ਦੇ ਸੈਕਸ਼ਨ-ਏ ਦੇ 4 ਪ੍ਰਸ਼ਨਾਂ ਵਿਚੋਂ 2 ਪ੍ਰਸ਼ਨਾਂ ਦੇ ਉਤਰ ਦੇਣੇ ਹੋਣਗੇ ਪ੍ਰਸ਼ਨ ਪੱਤਰ ਦੇ ਸੈਕਸ਼ਨ-ਬੀ ਦੇ 7 ਪ੍ਰਸ਼ਨਾਂ ਵਿਚੋਂ 5 ਪ੍ਰਸ਼ਨਾਂ ਦੇ ਉਤਰ ਦੇਣੇ ਹੋਣਗੇ ਸੈਕਸ਼ਨ-ਸੀ ਦੇ ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹੋਣਗੇ

**Section-A:**

1. The Sikhs and the Colonial (British) Polity upto 1857
2. The Sikh Resistance : Bhai Maharaj Singh
3. The Sikh Resistance : Bhai Ram Singh
4. The Reformers: The Nirankaris.
5. Western Perspective : Christian Missions
6. The British Administration

**Section-B:**

7. Sikh Society and Religion in the third quarter of the 19th century.
8. Westernization of the Sikhs - The Role of Western Education.
9. Western Scholarship & Sikhism
10. Sikh Education
11. Sikh Journalism : Origin and Impact
12. Emergence of Chief Khalsa Diwan: Religious and Political role.

**Section-C:**

Short-Answer type questions covering the above sections.

**ਭਾਗ - ੳ**

1. **ਸਿੱਖ ਅਤੇ ਬਰਤਾਨਵੀ ਬਸਤੀਵਾਦੀ ਯੋਜਨਾ** 1857 **ਤੱਕ**
2. **ਸਿੱਖ ਬਗਾਵਤ: ਭਾਈ ਮਹਾਰਾਜ ਸਿੰਘ**
3. **ਸਿੱਖ ਬਗਾਵਤ: ਭਾਈ ਰਾਮ ਸਿੰਘ**
4. **ਸੁਧਾਰਕ: ਨਿਰੰਕਾਰੀ ਲਹਿਰ**
5. **ਪੱਛਮੀ ਪ੍ਰਭਾਵ: ਈਸਾਈ ਮਿਸ਼ਨ**
6. **ਬਰਤਾਨਵੀ ਪ੍ਰਸ਼ਾਸਨ**

**ਭਾਗ - ਅ**

7. **ਉੱਨੀਂਵੀ ਸਦੀ ਦੇ ਤੀਜੇ ਅੱਧ ਵਿਚ ਸਿੱਖ ਸਮਾਜ ਅਤੇ ਧਰਮ**
8. **ਸਿੱਖਾਂ ਦਾ ਪੱਛਮੀਕਰਣ: ਪੱਛਮੀ ਵਿਦਿਆ ਦੀ ਭੂਮਿਕਾ**

9. **ਪੱਛਮੀ ਅਕਾਦਮਿਕਤਾ ਅਤੇ ਸਿੱਖ ਧਰਮ**

10. **ਸਿੱਖ ਵਿਦਿਆ**

11. **ਸਿੱਖ ਪੱਤਰਕਾਰੀ: ਨਿਕਾਸ ਤੇ ਪ੍ਰਭਾਗ**

12. **ਚੀਫ ਖਾਲਸਾ ਦੀਵਾਨ ਦਾ ਉਦਭਵ: ਧਾਰਮਿਕ ਅਤੇ ਸਿਆਸੀ ਭੂਮਿਕਾ**

**ਭਾਗ - ੲ**

ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਭਾਗ ੳ ਅਤੇ ਅ ਵਿਚੋਂ ਪੁੱਛੇ ਜਾਣਗੇ

**Recommended Readings**


1. ਜਗਜੀਤ ਸਿੰਘ, ਸਿੰਘ ਸਭਾ ਲਹਿਰ
2. ਗਿਆਨੀ ਗੁਰਦਿੱਤ ਸਿੰਘ, ਸਿੰਘ ਸਭਾ ਪਤ੍ਰਿਕਾਵਾਂ
3. ਅਜਮੇਰ ਸਿੰਘ, ਕਿਸ ਬਿਧ ਰੁਲੀ ਪਾਤਸ਼ਾਹੀ
4. ਸ਼ਾਹ ਮੁਹੰਮਦ, ਜੰਗਨਾਮਾ ਸਿੰਘਾਂ ਤੇ ਫਰੰਗੀਆਂ
5. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ
6. ਗੰਡਾ ਸਿੰਘ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜਾ
7. Harbans Singh, *The Heritage of the Sikhs*
8. Ganda Singh : *The Punjab*

# ਸਿੱਖ ਅਤੇ ਬਰਤਾਨਵੀ ਬਸਤੀਵਾਦੀ ਯੋਜਨਾਂ 1857 ਤੱਕ

**ਪਾਠ-ਬਣਤਰ**

**1.1.1 ਉਦੇਸ਼**

**1.1.2 ਭੂਮਿਕਾ**

**1.1.3 ਪ੍ਰਬੰਧਕੀ ਬੋਰਡ ਦਾ ਢਾਂਚਾ**

**1.1.4 ਪ੍ਰਬੰਧਕੀ ਬੋਰਡ ਦੇ ਕੰਮ**

**1.1.4.1 ਫੌਜੀ ਅਤੇ ਪੁਲਿਸ ਮਾਪ-ਦੰਡ**

**1.1.4.2 ਪੰਜਾਬ ਸਰਹਤਦੀ ਬਲ ਦਾ ਸੰਗਠਨ**

**1.1.4.3 ਪੁਲਿਸ ਬਲ ਦਾ ਸੰਗਠਨ**

**1.1.5 ਸਿਵਲ ਪ੍ਰਬੰਧ**

1.1.6 ਬੋਰਡ ਦਾ ਖਾਤਮਾ

1.1.7 ਬੋਰਡ ਦੇ ਕੰਮਾਂ ਦਾ ਮੁਲਾਂਕਣ

1.1.8 ਜਾਨ ਲਾਰੰਸ ਕਮਿਸ਼ਨਰ ਦੇ ਤੌਰ ਤੇ

1.1.8.1 ਜਾਨ ਲਾਰੰਸ ਅਤੇ ਲਾਹੌਰ ਦਰਬਾਰ ਦੇ ਜਾਗੀਰਦਾਰ

1.1.8.2 ਕਿਸਾਨਾਂ ਨਾਲ ਵਰਤਾਓ

1.1.8.3 ਵਿਕਾਸ ਯੋਜਨਾਵਾਂ

1.1.8.4 ਵਿਦਿਆ ਦਾ ਵਿਕਾਸ

1.1.8.5 ਨਿਆਂ

1.1.8.6 ਇਕ ਅਨੁਮਾਨ

**1.1.9 ਸਾਰ**

**1.1.10 ਅਭਿਅਸ ਲਈ ਪ੍ਰਸ਼ਨ**

**1.1.11 ਪੁਸਤਕ ਸੂਚੀ**

## 1.1.1 ਉਦੇਸ਼

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬ ਵਿਚ ਬਰਤਾਨਵੀ ਸਾਮਰਾਜ ਦੀ ਬਸਤੀਵਾਦੀ ਯੋਜਨਾ ਅਧੀਨ ਬਣਾਏ ਗਏ ਬ੍ਰਿਟਿਸ਼ ਪ੍ਰਬੰਧਕੀ ਬੋਰਡ ਦੀਆਂ ਨੀਤੀਆਂ ਬਾਰੇ ਵਿਸਤਾਰ ਵਿਚ ਜਾਣਕਾਰੀ ਦੇਣਾ ਹੈ

### 1.1.2 ਭੂਮਿਕਾ

ਜਦੋਂ ਦੂਜੀ ਐਂਗਲੋ-ਸਿੱਖ ਜੰਗ ਖਤਮ ਹੋ ਗਈ ਤਾਂ ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਦੇ ਆਦੇਸ਼ ਅਨੁਸਾਰ ਸਰ ਹੈਨਰੀ ਈਲੀਅਟ, ਵਿਦੇਸ਼ ਸਕੱਤਰ ਵਲੋਂ 29 ਮਾਰਚ, 1849 ਨੂੰ ਲਾਹੌਰ ਵਿਖੇ ਇਕ ਦਰਬਾਰ ਲਾਇਆ ਗਿਆ। ਇਸ ਵਿੱਚ ਪੰਜਾਬ ਉਤੇ ਕਬਜ਼ੇ ਦਾ ਐਲਾਨ ਪੜ੍ਹਿਆ ਗਿਆ ਅਤੇ ਇਸ ਦੇ ਤੁਰੰਤ ਬਾਅਦ ਇਕ ਕਾਗਜ਼ ਤੇ ਮਹਾਰਾਜਾ ਦਲੀਪ ਸਿੰਘ ਨੇ ਦਸਤਖਤ ਕੀਤੇ। ਪੰਜਾਬ ਵਿੱਚ ਆਜ਼ਾਦ ਸਿੱਖ ਹਕੂਮਤ (ਮਹਾਰਾਜਾ ਰਣਜੀਤ ਸਿੰਘ ਦੇ ਵਾਰਸ ਦਲੀਪ ਸਿੰਘ) ਦਾ ਖਾਤਮਾ ਹੋ ਗਿਆ ਤੇ ਇਸ ਦੇ ਪ੍ਰਬੰਧ ਲਈ ਨਵੇਂ ਇੰਤਜ਼ਾਮ ਕੀਤੇ ਗਏ। ਜਿਸਦੇ ਲਈ ਇਕ ਤਿੰਨ ਮੈਂਬਰੀ ਬੋਰਡ ਬਣਾਇਆ ਗਿਆ।

### 1.1.3 ਪ੍ਰਬੰਧਕੀ ਬੋਰਡ ਦਾ ਢਾਂਚਾ

ਮੁਹੰਮਦ ਲਤੀਫ ਦੇ ਸ਼ਬਦਾਂ ਵਿੱਚ, ਸਹੀ ਰੂਪ ਵਿੱਚ ਇਨਸਾਫ ਦੇਣ ਲਈ ਲੋਕਾਂ ਨੂੰ ਕਾਨੂੰਨ ਦੀ ਸੁਰੱਖਿਆ, ਇਸਦੀਆਂ ਔਖੀਆਂ ਰੀਤਾਂ ਤੇ ਪੇਚੀਦਾ ਵਿਚਾਰਾਂ ਤੋਂ ਬਗੈਰ ਇੱਕ ਸਿਸਟਮ ਦੇਣ ਦਾ ਪ੍ਰਬੰਧ ਕੀਤਾ ਗਿਆ। ਨਵਾਂ ਸ਼ੁਰੂ ਕੀਤਾ ਗਿਆ ਸਿਸਟਮ, ਕਰੜੀਆਂ ਰੀਤਾਂ ਦੇ ਮੁਕਾਬਲੇ ਢਿੱਲਾ ਸੀ ਪਰ ਇਹ ਪੂਰਨ ਰੂਪ ਵਿੱਚ ਲੋਕਾਂ ਦੀ ਹਾਲਤ ਅਨੁਸਾਰ ਅਪਣਾਇਆ ਗਿਆ ਸੀ। ਇਸ ਲਈ ਇਹ ਵਿਚਾਰ ਕੀਤਾ ਗਿਆ ਸੀ ਕਿ ਇਕਦਮ ਕਬਜ਼ੇ ਤੋਂ ਬਾਅਦ ਪੰਜਾਬ ਦਾ ਪ੍ਰਬੰਧ 'ਨਾਨ ਰੈਗੂਲੇਟਿੰਗ ਸਿਸਟਮ' ਅਨੁਸਾਰ ਚਲਾਇਆ ਜਾਵੇ ਜਿਸ ਦਾ ਅਰਥ ਐਚੀਸਨ ਅਨੁਸਾਰ ਇਹ ਹੈ ਕਿ ਸਮੁੱਚਾ ਪ੍ਰਬੰਧ ਮਰਿਆਦਾ ਦੀ ਰੂਹ ਅਤੇ ਅਸੂਲਾਂ ਅਨੁਸਾਰ ਚਲਾਉਣਾ ਚਾਹੀਦਾ ਹੈ ਨਾ ਕਿ ਅੱਖਰਾਂ ਦੀ ਜਕੜ ਨਾਲ।

ਇਕ ਪ੍ਰਬੰਧ ਬੋਰਡ, ਜਿਸ ਦੇ ਤਿੰਨ ਬੰਦੇ ਹੈਨਰੀ ਲਾਰੰਸ, ਜਾਨ ਲਾਰੰਸ ਅਤੇ ਚਾਰਲਸ ਮੈਨਲਸ ਮੈਂਬਰ ਸਨ, ਬਣਾਇਆ ਗਿਆ। ਡਲਹੌਜੀ, ਹੈਨਰੀ ਲਾਰੰਸ ਨੂੰ ਪਸੰਦ ਨਹੀਂ ਕਰਦਾ ਸੀ ਕਿਉਂਕਿ ਇਕ ਵਾਰੀ ਪਹਿਲਾਂ ਹੀ ਉਸ ਨਾਲ ਝਗੜ ਪਿਆ ਸੀ। ਹੈਨਰੀ ਲਾਰੰਸ ਪੰਜਾਬ ਤੇ ਕਬਜ਼ਾ ਕਰਨ ਦੀ ਪਾਲਿਸੀ ਦੇ ਵਿਰੁੱਧ ਸੀ। ਪਰੰਤੂ ਗਵਰਨਰ ਜਨਰਲ ਹੈਨਰੀ ਲਾਰੰਸ ਨੂੰ ਛੱਡ ਨਹੀਂ ਸੀ ਸਕਦਾ ਜਿਵੇਂ ਕਿ ਗਫ ਦੇ ਸ਼ਬਦਾਂ ਵਿੱਚ, 'ਇਹੋ ਜਿਹਾ ਕੋਈ ਹੋਰ ਆਦਮੀ ਨਹੀਂ ਸੀ ਜਿਸ ਨੇ ਉਥੋਂ ਦੇ ਪੰਜਾਬ ਦੇ ਲੋਕਾਂ ਦਾ ਭਰੋਸਾ ਬੜੀ ਚੰਗੀ ਤਰ੍ਹਾਂ ਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਾਪਤ ਕਰ ਲਿਆ ਹੋਵੇ। ਇਸ ਤੋਂ ਬਾਅਦ ਦੂਜਾ ਮੈਂਬਰ ਉਸ ਦੇ ਭਰਾ ਜਾਨ ਲਾਰੰਸ ਸੀ ਜਿਹੜਾ ਕਿ ਮੋਟੇ ਦਿਮਾਗ ਦਾ, ਪੱਛਮੀ ਖਿਆਲਾਂ ਦਾ ਧਾਰਨੀ ਸੀ, ਪਰੰਤੂ ਲੋਕਾਂ ਵੱਲੋਂ ਘੱਟ ਸਲਾਹਿਆ ਗਿਆ।' ਹੈਨਰੀ ਦਾ ਭਰੋਸਾ ਅਤੇ ਲੋਕਾਂ ਨਾਲ ਗੱਲਬਾਤ ਕਰਨ ਦੀ ਜਾਂਚ ਨੇ ਉਸ ਨੂੰ ਅਜਿਹਾ ਆਦਮੀ ਐਲਾਨਿਆ ਜਿਹੜਾ ਕਿ ਐਂਗਲੋ-ਸਿੱਖ ਜੰਗਾਂ ਦੇ ਜ਼ਖਮਾਂ ਨੂੰ ਠੀਕ ਕਰ ਸਕਦਾ ਸੀ। ਉਹ ਜੇਤੂ ਅਤੇ ਹਾਰੇ ਹੋਇਆਂ ਦੇ ਵਿਚਕਾਰ ਉਦਾਰਵਾਦੀ ਵਿਚਾਰਾਂ ਵਾਲਾ ਵਿਅਕਤੀ ਸੀ। ਇਹ ਸਭ ਕੁਝ ਹੁੰਦੇ ਹੋਏ ਹੈਨਰੀ ਨੂੰ ਪ੍ਰਬੰਧ ਬੋਰਡ ਦਾ ਮੁੱਖੀ (President) ਨਿਯੁਕਤ ਕੀਤਾ ਗਿਆ ਪਰੰਤੂ ਡਲਹੌਜੀ ਉਸ ਦੇ ਹੱਥਾਂ ਵਿੱਚ ਸਾਰੀਆਂ ਕਾਰਜਕਾਰੀ ਸ਼ਕਤੀਆਂ ਨਹੀਂ ਸੀ ਛੱਡਣਾ ਚਾਹੁੰਦਾ ਕਿਉਂਕਿ ਇਸ ਬਾਰੇ ਗਵਰਨਰ ਜਨਰਲ ਦਾ ਵਿਸ਼ਵਾਸ਼ ਸੀ ਕਿ , 'ਹੈਨਰੀ ਦੇ ਵਿਚਾਰ ਸਰਕਾਰ ਦੀ ਅਪਣਾਈ ਗਈ ਨੀਤੀ ਦੇ ਬਿਲਕੁਲ ਉਲਟ ਸਨ।

ਜਾਨ ਲਾਰੈਂਸ ਦੇ ਵਿਚਾਰਾਂ ਨਾਲ ਗਵਰਨਰ ਜਨਰਲ ਸਹਿਮਤ ਸੀ। ਇਸ ਤਰ੍ਹਾਂ ਦੋਵੇਂ ਭਰਾ ਵੱਖ-ਵੱਖ ਦਿਸ਼ਾਵਾਂ ਵੱਲ ਖਿੱਚੇ ਹੋਏ ਸਨ। ਇਸ ਲਈ ਡਲਹੌਜੀ ਨੇ ਲੋੜੀਂਦੀ ਸ਼ਾਂਤੀ ਸਥਾਪਤ ਰੱਖਣ ਲਈ ਤੀਜੇ ਆਦਮੀ ਚਾਰਲਸ ਮੈਨਸਲ ਨੂੰ ਨਿਯੁਕਤ ਕੀਤਾ। ਦੋਨੋਂ ਭਰਾਵਾਂ ਵਿੱਚ ਰਾਜਨੀਤਿਕ ਮਾਮਲਿਆਂ ਵਿੱਚ ਭਿੰਨਤਾ ਨਾ ਖਤਮ ਹੋਣ ਵਾਲੀ ਸੀ। ਇੰਜ ਸ਼ੁਰੂ ਤੋਂ ਹੀ ਬੋਰਡ ਵਿੱਚ ਏਕਤਾ ਦੀ ਘਾਟ ਸੀ। ਫਿਰ ਵੀ ਬੋਰਡ ਨੇ ਜਿਵੇਂ ਅਸੀਂ ਅੱਗੇ ਵੇਖਾਂਗੇ, ਭਰੋਸੇਯੋਗ ਤੇ ਲਾਹੇਵੰਦ ਸਿੱਟੇ ਕੱਢੇ।

ਬੋਰਡ ਦੇ ਹਰੇਕ ਮੈਂਬਰ ਨੂੰ ਉਸ ਦੀ ਰੁਚੀ ਅਤੇ ਇੱਛਾ ਦੇ ਮੁਤਾਬਕ ਕੰਮ ਦਿੱਤਾ ਗਿਆ ਸੀ। ਹੈਨਰੀ ਲਾਰੰਸ ਨੇ ਰਾਜਨੀਤਿਕ ਤੇ ਫੌਜੀ ਮਾਮਲਿਆਂ ਬਾਰੇ ਜ਼ਿਮੇਂਵਾਰੀ ਸੰਭਾਲੀ। ਉਸ ਦੇ ਕੰਮ ਵਿੱਚ, ਰਾਜ ਦੇ ਲੋਕਾਂ ਤੋਂ ਹਥਿਆਰ ਲੈਣਾ ਤੇ ਖਾਲਸਾ ਫੌਜ ਤੋਂ ਸਰਹੱਦ ਦੀ ਸੁਰੱਖਿਆ ਕਰਨਾ ਆਦਿ ਸ਼ਾਮਿਲ ਸਨ। ਉਸ ਨੇ ਸਿੱਖਾਂ ਦੇ ਜ਼ਖਮਾਂ ਨੂੰ ਮ੍ਰਲਮ ਪੱਟੀ ਲਈ ਰਾਜੀ ਕਰਨਾ ਸੀ, ਜਿਹੜੇ ਸ਼ਕਤੀਆਂ ਖੁਸ ਜਾਣ ਕਾਰਨ ਬਹੁਤ ਜ਼ਿਆਦਾ ਮਹਿਸੂਸ ਕਰ ਰਹੇ ਸਨ। ਜਾਨ ਲਾਰੈਂਸ ਨੂੰ ਵਿੱਤੀ ਵਿਭਾਗ ਤੇ ਜ਼ਮੀਨ ਦੇ ਫੈਸਲਿਆਂ ਦੀ ਜ਼ਿੰਮੇਵਾਰੀ ਸੌਂਪੀ ਗਈ। ਚਾਰਲਸ ਮੈਨਸਲ ਜਿਹੜਾ ਕਿ ਸੁਹਿਰਦ, ਗੰਭੀਰ, ਸ਼ਾਂਤ ਸੀ ਪ੍ਰੰਤੂ ਬਹੁਤ ਜ਼ਿਆਦਾ ਸਮੇਂ ਲਈ ਨਹੀਂ ਟਿਕਿਆ ਅਤੇ ਉਸ ਦੀ ਥਾਂ 1851 ਵਿੱਚ ਰੋਬਰਟ ਮੌਂਟਗੁਮਰੀ ਨੇ ਲਈ। ਕੇਯ ਦੇ ਸ਼ਬਦਾਂ ਵਿੱਚ ਇਹ ਸਿਸਟਮ ਕੰਮ ਦੀ ਵੰਡ ਅਤੇ ਸਾਂਝੀ ਜ਼ਿੰਮੇਵਾਰੀ ਤੇ ਆਧਾਰਤ ਸੀ। ਇਕ ਦੂਜੇ ਦੇ ਕੰਮਾਂ ਲਈ ਹਰੇਕ ਜਵਾਬਦੇਹ ਸੀ। ਸਾਰੇ ਸਰਕਾਰੀ ਕਾਗਜ਼ ਤਿੰਨੇ ਮੈਂਬਰਾਂ ਵਿਚਕਾਰ ਸਰਕੂਲੇਟ ਕੀਤੇ ਜਾਂਦੇ ਸਨ ਅਤੇ ਹਰੇਕ ਮੈਂਬਰ ਹਰੇਕ ਮਸਲੇ ਤੇ ਆਪਣੇ ਵਿਚਾਰ ਦਰਜ ਕਰਦਾ ਸੀ ਜਿਹੜਾ ਕਿ ਉਸ ਦੇ ਸਾਹਮਣੇ ਆਉਂਦਾ ਸੀ। ਇਸ ਤੋਂ ਬਾਅਦ ਮਸਲਿਆਂ ਤੇ ਬੋਰਡ ਵੱਲੋਂ ਵਿਚਾਰ-ਵਟਾਂਦਰਾ ਕੀਤਾ ਜਾਂਦਾ ਸੀ ਅਤੇ ਸਾਂਝੇ ਤੌਰ ਤੇ ਫੈਸਲਾ ਲਿਆ ਜਾਂਦਾ ਸੀ।

ਬੋਰਡ ਕੋਲ ਪੰਜਾਬ ਨਾਲ ਸੰਬੰਧਤ ਮਾਮਲਿਆਂ ਬਾਰੇ ਬਹੁਤ ਜ਼ਿਆਦਾ ਸ਼ਕਤੀਆਂ ਸਨ। ਨਵੇਂ ਸਿਸਟਮ ਵਿੱਚ ਬਹੁਤੀਆਂ ਮਰਿਆਦਾਵਾਂ ਜਾਂ ਔਖੇ ਕਾਨੂੰਨ ਜਿਹੜੇ ਕਿ ਲੋਕਾਂ ਦੀ ਸਮਝ ਤੋਂ ਪਰੇ ਹੋਣ, ਨਹੀਂ ਸਨ। ਡਲਹੌਜੀ ਨੇ ਬਹੁਤ ਜ਼ਿਆਦਾ ਕਾਬਲ ਬ੍ਰਿਟਿਸ਼ ਅਧਿਕਾਰੀਆਂ ਦੀਆਂ ਸੇਵਾਵਾਂ ਬੋਰਡ ਦੇ ਹਵਾਲੇ ਕੀਤੀਆਂ।

### 1.1.4 ਪ੍ਰਬੰਧਕੀ ਬੋਰਡ ਦੇ ਕੰਮ

ਬੋਰਡ ਬਣਾਉਣ ਸਮੇਂ ਡਲਹੌਜੀ ਨੇ ਕਿਹਾ ਸੀ, 'ਰੁਜ਼ਗਾਰ ਦੇ ਪ੍ਰੋਜੈਕਟਾਂ ਦੀ ਪੈਰਵੀ ਕਰਕੇ ਅਤੇ ਲੋਕਾਂ ਦੀਆਂ ਸ਼ਕਤੀਆਂ ਨੂੰ ਦਿਲਚਸਪੀ ਅਤੇ ਜੋਸ਼ ਦੇ ਨਵੇਂ ਸੋਮਿਆਂ ਵੱਲ ਲਾ ਕੇ ਅਸੀਂ ਲੋਕਾਂ ਨੂੰ ਸੰਘਰਸ਼ ਅਤੇ ਹਿੰਸਾ ਦੀਆਂ ਸਕੀਮਾਂ ਬਣਾਉਣ ਤੋਂ ਹੌਲੀ-ਹੌਲੀ ਹਟਾ ਸਕਦੇ ਹਾਂ ਅਤੇ ਇਹ ਸਾਡੇ ਲਈ ਖੁਸ਼ੀ ਦੀ ਗੱਲ ਹੋਵੇਗੀ ਕਿ ਸਾਡੀਆਂ ਕੋਸ਼ਿਸ਼ਾਂ ਪੰਜਾਬ ਦੀ ਲੜਾਕੂ ਤੇ ਹਿੰਸਕ ਵਸੋਂ ਨੂੰ ਮਿਹਨਤੀ ਲੋਕਾਂ ਵਿੱਚ ਬਦਲ ਕੇ ਸ਼ਾਂਤੀ ਸਥਾਪਤ ਕਰਨ ਤੇ ਖੇਤੀਬਾੜੀ ਵਿੱਚ ਲਾਉਣ ਵਿੱਚ ਸਫਲ ਹੋਣ।' ਪੰਜਾਬ ਵਿੱਚ ਅਮਨ ਅਤੇ ਖੁਸ਼ਹਾਲੀ ਲਿਆਉਣੀ ਬੋਰਡ ਦੀ ਜ਼ਿੰਮੇਂਵਾਰੀ ਸੀ। ਹੈਨਰੀ ਲਾਰੰਸ ਚਾਹੁੰਦਾ ਸੀ ਕਿ ਉਸ ਦੇ ਅਧੀਨ ਕਰਮਚਾਰੀ ਲੋਕਾਂ ਵੱਲ ਨਰਮ ਅਤੇ ਦਿਆਲੂ ਹੋਣ।

### 1.1.4.1 ਫੌਜੀ ਅਤੇ ਪੁਲਿਸ ਮਾਪ-ਦੰਡ

ਖਾਲਸਾ ਫੌਜ ਦੇ ਪਤਨ ਪਿੱਛੋਂ ਸਿੱਖ ਸਿਪਾਹੀ ਬੜੇ ਨਿਰਾਸ਼ ਸਨ। ਬ੍ਰਿਟਿਸ਼ ਸਰਕਾਰ ਨੇ ਨਾ ਕੇਵਲ ਉਨ੍ਹਾਂ ਕੋਲੋਂ ਹਥਿਆਰ ਲੈਣ ਦੀ ਯੋਜਨਾ ਬਣਾਈ ਸਗੋਂ ਉਨ੍ਹਾਂ ਨੂੰ ਅਮਨ ਅਤੇ ਖੁਸ਼ਹਾਲੀ ਦਾ ਜੀਵਨ ਜੀਣ ਲਈ ਪ੍ਰੇਰਿਤ ਕੀਤਾ। ਇਹ ਜ਼ਰੂਰੀ ਸਮਝਿਆ ਜਾਂਦਾ ਸੀ ਕਿ ਪੰਜਾਬ ਦੇ ਲੋਕਾਂ ਨੂੰ ਨਿਹੱਥੇ ਕੀਤਾ ਜਾਏ। ਇਸ ਸੰਬੰਧ ਵਿਚ ਕੋਈ ਦੇਰੀ ਕਰਨਾ ਸਿੱਖ ਫੌਜ ਦੇ ਰੈਂਕਾਂ ਵਿੱਚ ਭੜਕਾਹਟ ਪੈਦਾ ਕਰ ਸਕਦੀ ਸੀ। ਇਸ ਐਲਾਨ ਦੁਆਰਾ ਉਨ੍ਹਾਂ ਨੂੰ ਆਪਣੇ ਹਥਿਆਰ ਜਮਾਂ ਕਰਾਉਣ ਲਈ ਕਿਹਾ ਗਿਆ ਅਤੇ ਸਾਰੇ ਪ੍ਰਾਈਵੇਟ ਕਿਲ੍ਹੇ ਅਤੇ ਕੋਟਾਂ ਨੂੰ ਢਾਹ ਦਿੱਤਾ ਗਿਆ। ਖਾਲਸਾ ਫੌਜ ਨੇ ਬਗੈਰ ਕਿਸੇ ਹੀਲ-ਹੁੱਜਤ ਦੇ ਆਪਣੇ ਹਥਿਆਰ ਸੁੱਟ ਦਿੱਤੇ। ਉਨ੍ਹਾਂ ਨੂੰ ਉਨ੍ਹਾਂ ਦੀ ਤਨਖਾਹ ਦੇ ਬਕਾਏ ਦੇ ਦਿੱਤੇ ਗਏ ਅਤੇ ਸੇਵਾ ਤੋਂ ਭਾਰ ਮੁਕਤ ਕਰ ਦਿੱਤਾ ਗਿਆ ਤਾਂ ਕਿ ਉਹ ਘਰ ਵਾਪਿਸ ਜਾ ਕੇ ਖੇਤੀ ਦਾ ਕਿੱਤਾ ਅਪਣਾ ਲੈਣ।

ਲੋਕਾਂ ਨੂੰ ਨਿਹੱਥੇ ਕਰਦੇ ਸਮੇਂ ਪਿੰਡਾਂ ਦੇ ਮੁਖੀਆਂ ਦੀ ਮਿਲਵਰਤਣ ਮੰਗੀ ਜਾਂਦੀ ਸੀ। ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਕੋਈ ਤਲਾਸ਼ੀ ਵਾਲੇ ਵਾਰੰਟ ਜਾਂ ਕਿਸੇ ਹੋਰ ਕਰੜੇ ਢੰਗ ਨੂੰ ਨਾ ਅਪਣਾਇਆ ਜਾਏ। ਪਿੰਡਾਂ ਦੇ ਮੁੱਖੀਆਂ ਨੂੰ ਆਪਣੇ ਖੇਤਰਾਂ ਲਈ ਜ਼ਿੰਮੇਵਾਰ ਸਮਝਿਆ ਜਾਂਦਾ ਸੀ। ਅਚਾਨਕ ਬਹੁਤ ਸਾਰੇ ਲੋਕ ਆਪਣੇ ਆਪ ਹਥਿਆਰ ਦੇਣ ਲਈ ਰਾਜ਼ੀ ਹੋ ਗਏ। ਬੋਰਡ ਨੂੰ ਕੁਝ ਜਾਗੀਰਦਾਰਾਂ ਅਤੇ ਸਿੱਖਾਂ ਕੋਲੋਂ ਡਰ ਸੀ ਕਿਉਂਕਿ ਕੁਝ ਸਮਾਂ ਪਹਿਲਾਂ ਉਨ੍ਹਾਂ ਨੇ ਆਪਣੇ ਵਿਸ਼ਵਾਸ਼ ਅਤੇ ਮਾਤਰ-ਭੂਮੀ ਲਈ ਬਹੁਤ ਸਖਤ ਲੜਾਈਆਂ ਲੜੀਆਂ ਸਨ। ਪਰੰਤੂ ਉਨ੍ਹਾਂ ਨੇ ਨਿਮਰਤਾ ਅਤੇ ਸਵੈ-ਇੱਛਾ ਨਾਲ ਸਮਰਪਣ ਕਰ ਦਿੱਤਾ।

### 1.1.4.2 ਪੰਜਾਬ ਸਰਹਤਦੀ ਬਲ ਦਾ ਸੰਗਠਨ

ਦਲੇਰ ਲੋਕਾਂ ਲਈ ਕੁਝ ਮੌਕੇ ਪ੍ਰਦਾਨ ਕਰਨ ਅਧੀਨ ਕੁਝ ਨਵੀਆਂ ਰੈਜੀਮੈਂਟਾਂ ਬਣਾਈਆਂ ਗਈਆਂ। ਇਸ ਨੇ ਪੰਜਾਬ ਬਲ ਦਾ ਮੂੰਹ-ਮੱਥਾ ਬਣਾਇਆ। ਪੰਜਾਬ ਦੀਆਂ ਉੱਤਰ-ਪੱਛਮੀ ਸਰਹੱਦਾਂ ਦੇ 800 ਮੀਲ ਲੰਬੇ ਖੇਤਰ ਵਿੱਚ ਵਿਦਰੋਹ ਆਦਿ ਨੂੰ ਦਬਾਉਣ ਲਈ ਅਤੇ ਸਰਹੱਦੀ ਕਬੀਲਿਆਂ ਨੂੰ ਦਬਾਅ ਹੇਠ ਰੱਖਣ ਲਈ ਇਕ ਬਲ, ਜਿਸ ਨੂੰ 'ਪੰਜਾਬ ਸਰਹੱਦੀ ਬਲ' ਕਿਹਾ ਜਾਂਦਾ ਸੀ, ਖੜ੍ਹਾ ਕੀਤਾ ਗਿਆ। ਇਹ ਬਲ ਭਾਰਤ ਵਿੱਚ ਬ੍ਰਿਟਿਸ਼ ਸਰਕਾਰ ਦੇ ਝੰਡੇ ਥੱਲੇ ਕਾਇਮ ਕੀਤਾ ਗਿਆ। ਪੰਜਾਬੀ ਫੌਜੀਆਂ ਦੀ ਇਹ ਸਭ ਤੋਂ ਵਧੀਆਂ ਸੰਸਥਾ ਸੀ। ਖਾਸ ਕਰਕੇ ਘੋੜ ਸਵਾਰੀ ਤੇ ਪੈਦਲ ਸੈਨਾ ਮਾਅਰਕੇ ਦੀ ਸੀ। ਇਹ ਤੇਜ ਹਿੱਲਜੁਲ ਵਾਲੀ ਸੀ ਅਤੇ ਸਿਵਲ ਅਧਿਕਾਰੀਆਂ ਦੇ ਅਧੀਨ ਸੀ। ਕੁਝ ਕੱਢੇ ਹੋਏ ਸਿੱਖ ਸਿਪਾਹੀ ਜਿਹੜੇ ਕੋਈ ਹੋਰ ਧੰਦਾ ਨਹੀਂ ਕਰਨਾ ਚਾਹੁੰਦੇ ਸਨ ਪੰਜਾਬ ਸਰਹੱਦੀ ਬਲ ਵਿੱਚ ਸ਼ਾਮਲ ਹੋ ਗਏ। ਇਸ ਬਲ ਦੀ ਗਾਈਡ ਕੋਰ ਵੱਲੋਂ ਮਦਦ ਕੀਤੀ ਜਾਂਦੀ ਸੀ ਅਤੇ ਸੈਨਾ ਪੁਲਿਸ, ਸਰਹੱਦਾਂ ਦੀ ਦੇਖਭਾਲ ਕਰਦੀ ਸੀ।

### 1.1.4.3 ਪੁਲਿਸ ਬਲ ਦਾ ਸੰਗਠਨ

ਇਕ ਪ੍ਰਭਾਵਸ਼ਾਲੀ ਪੁਲਿਸ ਬਲ ਜਿਸ ਵਿੱਚ 8100 ਆਦਮੀ ਸਨ ਡਾਕੂਆਂ ਅਤੇ ਠੱਗਾਂ ਨਾਲ ਨਿਪਟਣ ਲਈ ਕਾਇਮ ਕੀਤਾ ਗਿਆ। ਪੁਲਿਸ ਦੀ ਮਦਦ ਨਾਲ ਬੋਰਡ ਨੇ ਇਹਨਾਂ ਸਮਾਜ ਵਿਰੋਧੀ ਤੱਤਾਂ ਦਾ ਪੰਜਾਬ ਤੋਂ ਸਫਾਇਆ ਕਰ ਦਿੱਤਾ। ਪੁਲਿਸ ਸੰਗਠਨ ਦਾ ਇਕ ਤੱਤ ਇਹ ਸੀ ਕਿ ਤਹਿਸੀਲਦਾਰ ਜਾਂ ਹੋਰ ਕਰ ਇਕੱਠਾ ਕਰਨ ਵਾਲੇ ਅਧਿਕਾਰੀਆਂ ਕੋਲ ਉਨ੍ਹਾਂ ਦੇ ਖੇਤਰ ਵਿੱਚ ਪੁਲਿਸ ਅਧਿਕਾਰ ਵੀ ਸਨ। ਪਹਿਲੀ ਪੰਜਾਬ ਪ੍ਰਬੰਧ ਰਿਪੋਰਟ ਵਿੱਚ ਦਰਜ ਕੀਤਾ ਗਿਆ ਹੈ ਕਿ ਪੁਲਿਸ ਉਸ (ਤਹਿਸੀਲਦਾਰ) ਦੇ ਅਧੀਨ ਹੈ ਪਰੰਤੂ ਉਹ ਉਨ੍ਹਾਂ ਨੂੰ ਹਟਾ ਨਹੀਂ ਸੀ ਸਕਦਾ। ਉਸ ਨੇ ਉਨ੍ਹਾਂ ਤੇ ਕਾਬੂ ਪਾਉਣਾਂ ਹੈ ਜੇਕਰ ਕਰਮਚਾਰੀ ਭ੍ਰਿਸ਼ਟ ਹੋ ਜਾਣ ਤਾਂ ਉਹ ਜਿੰਮੇਵਾਰ ਹੈ। ਉਸ ਨੇ ਉਹਨਾਂ ਵਿੱਚ ਸ਼ਕਤੀ ਅਤੇ ਇਮਾਨਦਾਰੀ ਪੈਦਾ ਕਰਨੀ ਹੈ

ਤਾਂ ਕਿ ਬਗੈਰ ਦਬਾਅ ਤੋਂ ਠੀਕ ਢੰਗ ਨਾਲ ਆਪਣੇ ਕਾਰਜ ਕਰਨ। ਇਸ ਸਮੇਂ ਦੇ ਦੌਰਾਨ ਪੁਲਿਸ ਨੇ ਡਾਕੂਆਂ, ਚੋਰਾਂ, ਸਮਾਜ ਦੇ ਗੁੰਡਿਆਂ ਨਾਲ ਠੀਕ ਢੰਗ ਨਾਲ ਨਿਪਟਣ ਵਿੱਚ ਬਹੁਤ ਜਿਆਦਾ ਮੁਹਾਰਤ ਹਾਸਲ ਕਰ ਲਈ ਸੀ।

**1.1.5 ਸਿਵਲ ਪ੍ਰਬੰਧ**

ਉਨ੍ਹਾਂ ਨੇ ਸੱਚੀ ਸੁਹਰਤ ਵਾਲੇ ਬੰਦਿਆਂ ਤੇ ਕਰੜੀ ਨਿਗਾਹ ਰੱਖੀ। ਸੰਬੰਧਤ ਹਲਕਿਆਂ ਵਿੱਚ ਅਮਨ ਵਾਸਤੇ ਕਬੀਲੇ ਸਰਦਾਰਾਂ ਨੂੰ ਜਿੰਮੇਂਵਾਰ ਠਹਿਰਾਇਆ ਜਾਂਦਾ ਸੀ। ਭੈੜੇ ਲੋਕਾਂ ਦੇ ਵਿਰੁੱਧ ਸਖਤ ਕਾਰਵਾਈ ਕਰਨ ਦੇ ਬਾਵਜੂਦ ਇਸ ਪ੍ਰਬੰਧ ਨੇ ਕਬੀਲੇ ਦੇ ਸਰਦਾਰਾਂ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ।

ਅਫਰੀਦੀਆਂ ਨੂੰ ਜਿਹੜਾ ਕਿ ਇਕ ਲੜਾਕਾ ਕਬੀਲਾ ਸੀ, ਮੁਫਤ ਡੰਗਰ ਚਾਰਨ ਦੀ ਆਗਿਆ ਦਿੱਤੀ ਗਈ। ਜ਼ਿਲਾ ਅਧਿਕਾਰੀਆਂ ਨੂੰ ਸਰਹੱਦੀ ਖੇਤਰ ਦੇ ਵਾਸੀਆਂ ਨਾਲ ਦੋਸਤਾਨਾ ਸੰਬੰਧ ਸਥਾਪਿਤ ਕਰਨ ਲਈ ਕਿਹਾ ਗਿਆ। ਨਵੀਂ ਸਰਕਾਰ ਨੇ ਸਰਹੱਦ ਦੇ ਨਾਲ ਕਈ ਛਾਉਣੀਆਂ ਬਣਾਈਆਂ ਅਤੇ ਫੌਜ ਦੀ ਆਵਾਜਾਈ ਨੂੰ ਆਸਾਨ ਬਣਾਉਣ ਲਈ ਬਹੁਤ ਸਾਰੀਆਂ ਸੜਕਾਂ ਬਣਾਈਆਂ। ਪਿਸ਼ਾਵਰ ਨੂੰ ਲਾਹੌਰ ਨਾਲ ਮਿਲਾਉਣ ਲਈ ਜੀ.ਟੀ.ਰੋਡ ਬਣਾਉਣ ਲਈ ਯੋਜਨਾ ਬਣਾਈ ਗਈ।

ਹੈਨਰੀ ਲਾਰੰਸ ਇਕ ਮਜਬੂਤ ਅਤੇ ਸਥਿਰ ਸਰਹੱਦ ਬਣਾ ਰਿਹਾ ਸੀ। ਜਾਨ ਲਾਰੰਸ ਨੇ ਪੰਜਾਬ ਦੀ ਆਰਥਿਕ ਸਥਿਤੀ ਨੂੰ ਪੱਕੇ ਪੈਰਾਂ ਤੇ ਲਿਆਉਣ ਲਈ ਖਾਸ ਧਿਆਨ ਦਿੱਤਾ। ਮੈਂਨਸਲ ਜਿੰਨਾ ਚਿਰ ਰਿਹਾ ਨਿਆਇਕ ਪ੍ਰਬੰਧਾਂ ਵਿੱਚ ਜੁਟਿਆ ਹੋਇਆ ਸੀ।

### (ੳ) ਨਿਆਂ ਪ੍ਰਬੰਧ

ਬੋਰਡ ਵੱਲੋਂ ਚਾਲੂ ਕੀਤਾ ਗਿਆ ਨਿਆਂ ਸਿਸਟਮ ਸਾਧਾਰਨ ਤੇ ਸ਼ਕਤੀਸ਼ਾਲੀ ਸੀ ਅਤੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਦਾ ਸੀ। ਅਦਾਲਤਾਂ ਦੇ ਕੰਮ ਕਾਨੂੰਨੀ ਕਾਰਵਾਈਆਂ ਦੀਆਂ ਅੜਚਣਾਂ ਤੋਂ ਮੁਕਤ ਸਨ। ਵਕੀਲਾਂ ਦੀ ਅਣਹੋਂਦ ਅਤੇ ਪੇਂਡੂ ਪੰਚਾਇਤਾ ਦੀ ਮਾਨਤਾ ਪੰਜਾਬ ਦੇ ਵਾਸੀਆਂ ਦੀਆਂ ਲੋੜਾਂ ਦੇ ਅਨੁਕੂਲ ਸੀ। ਲੋਕ ਤੁਰੰਤ ਇਨਸਾਫ ਚਾਹੁੰਦੇ ਸਨ। ਬੋਰਡ ਦਾ ਨਿਆਂ ਸਿਸਟਮ ਪੰਜਾਬ ਵਾਸੀਆਂ ਦੇ ਰੀਤੀ ਰਿਵਾਜਾਂ ਅਤੇ ਪ੍ਰੰਪਰਾਵਾਂ ਤੇ ਆਧਾਰਤ ਸੀ। ਨਿਆਂ ਸਿਸਟਮ ਇਤਨਾ ਸਾਧਾਰਨ ਸੀ ਕਿ ਹਰੇਕ ਆਦਮੀ ਆਪਣਾ ਕੇਸ ਆਪ ਲੜ ਸਕਦਾ ਸੀ ਜਾਂ ਬਾਹਰੀ ਮਦਦ ਤੋਂ ਬਗੈਰ ਆਪਣੀ ਰੱਖਿਆ ਕਰ ਸਕਦਾ ਸੀ। ਬੋਰਡ ਨੇ ਦੇਸ਼ ਵਾਸੀਆਂ ਦੀਆਂ ਸੰਸਥਾਵਾਂ ਜਿਵੇਂ ਪੰਚਾਇਤ ਆਦਿ ਨੂੰ ਖਤਮ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਇਨ੍ਹਾਂ ਦਾ ਵਿਕਾਸ ਕੀਤਾ ਅਤੇ ਹਰਮਨ ਪਿਆਰਾ ਬਣਾਇਆ। ਬੋਰਡ ਨੇ ਪੰਚਾਂ ਦੀਆਂ ਕਾਰਵਾਈਆਂ ਨੂੰ ਨਿਯਮਤ ਕਰਨ ਲਈ ਨਿਯਮਾਂ ਦਾ ਇਕ ਵਿਸਥਾਰਮਈ ਕੋਡ ਬਣਾਇਆ ਅਤੇ ਜਿਲ੍ਹਾ ਅਧਿਕਾਰੀਆਂ ਨੂੰ ਪੰਚਾਇਤਾਂ ਦੇ ਕੰਮ ਕਾਜ ਦੀ ਨਿਗਰਾਨੀ ਕਰਨ ਲਈ ਕਿਹਾ ਗਿਆ।

ਬੋਰਡ ਵੱਲੋਂ ਤਿਆਰ ਕੀਤੇ ਗਏ ਕਾਨੂੰਨੀ ਕੋਡ ਨੇ ਸਾਧਾਰਨ ਹਿੰਦੂ ਅਤੇ ਮੁਸਲਮਾਨ ਕਾਨੂੰਨ ਨੂੰ ਉਸੇ ਤਰ੍ਹਾਂ ਚੱਲਣ ਦਿਤਾ ਜਿਵੇਂ ਕਿ ਉਹ ਸੁਰੂ ਤੋਂ ਚਲਦੇ ਆ ਰਹੇ ਸਨ ਉਦਾਹਰਣ ਦੇ ਤੌਰ ਤੇ ਵਿਰਾਸਤ, ਔਰਤਾਂ ਦੀ ਜਾਇਦਾਦ, ਵਿਆਹ, ਤਲਾਕ, ਮੁਤਬੰਨਾ ਆਦਿ।

ਕਾਨੂੰਨੀ ਕੋਡ, ਜਦੋਂ ਇਹ ਬਣਾਇਆ, ਉਸ ਸਮੇਂ ਅਨੁਸਾਰ ਠੀਕ ਸੀ। ਇਸ ਨੇ ਸੂਬੇ ਨੂੰ ਹਿੰਦੂ ਅਤੇ ਮੁਸਲਮਾਨਾਂ ਦੀਆਂ ਗੁੰਝਲਦਾਰ ਕਾਨੂੰਨੀ ਅੜਚਨਾਂ ਤੋਂ ਬਚਾਇਆ ਅਤੇ ਇਹ ਅੰਗਰੇਜ਼ੀ ਕਾਨੂੰਨ ਵਿਰੁੱਧ ਰੋਕ ਸਾਬਤ ਹੋਇਆ। ਐਚੀਸ਼ਨ ਦੇ ਸ਼ਬਦਾਂ ਵਿੱਚ, ' ਬੋਰਡ ਦੇ ਇਸ ਕੰਮ ਨੇ ਇਹ ਜ਼ਰੂਰੀ ਬਣਾ ਦਿੱਤਾ ਕਿ ਸਰਕਾਰ ਭਵਿੱਖ ਵਿੱਚ ਕਾਨੂੰਨ ਬਣਾਉਣ ਸਮੇਂ ਸੂਬੇ ਦੇ ਰੀਤੀ ਰਿਵਾਜਾਂ ਦਾ ਧਿਆਨ ਜ਼ਰੂਰ ਰੱਖੇ।'

### (ਅ) ਭੂਮੀ ਸੁਧਾਰ

ਲਾਹੌਰ ਦਰਬਾਰ ਦੀ ਫੌਜ ਤੋੜਨ ਨਾਲ ਬੇਰੁਜ਼ਗਾਰੀ ਦੀ ਮਾਤਰਾ ਬਹੁਤ ਵੱਧ ਗਈ। ਜ਼ਮੀਨ ਉਤੇ ਕੰਮ ਕਰਨ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਸੀ। ਕਿਸਾਨਾਂ ਨੇ ਭੂਮੀ ਕਰ ਘਟਾਉਣ ਲਈ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ। ਸਰਕਾਰ ਨੇ ਭੂਮੀ ਸੁਧਾਰ ਅਧਿਕਾਰੀਆਂ ਨੂੰ ਕਾਸ਼ਤਕਾਰਾਂ ਦੀ ਆਰਥਿਕ ਸਥਿਤੀ, ਉਨ੍ਹਾਂ ਦੀਆਂ ਆਦਤਾਂ ਤੇ ਰੀਤੀ ਰਿਵਾਜਾਂ ਬਾਰੇ ਸੂਚਿਤ ਕਰਨ ਲਈ ਕਿਹਾ। ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਭੂਮੀ ਕਰ ਕਾਫੀ ਘਟਾ ਦਿਤਾ ਗਿਆ ਅਤੇ ਉਨ੍ਹਾਂ ਦੇ ਹੱਕਾਂ ਨੂੰ ਦਰਜ ਕੀਤਾ ਗਿਆ।ਭੂਮੀ ਕਰ ਵਿੱਚ ਕਮੀ ਕਰਨ ਦੇ ਬਾਵਜੂਦ ਵੀ ਕਿਸਾਨਾਂ ਦੀ ਹਾਲਤ ਸੁਧਰ ਨਹੀਂ ਸਕੀ। ਨਵੇਂ ਸਿਸਟਮ ਅਧੀਨ ਕਿਸਾਨਾਂ ਨੂੰ ਪੁਰਾਣੀ ਰੀਤੀ ਦੇ ਉਲਟ ਭੂਮੀ ਕਰ ਨਕਦੀ ਦੇ ਰੂਪ ਵਿੱਚ ਦੇਣਾ ਪਿਆ। ਫਸਲ ਦੀ ਥਾਂ ਨਕਦੀ ਰਕਮ ਦੇਣ ਨਾਲ ਖੇਤੀਬਾੜੀ ਕਰਨ ਵਾਲਿਆਂ ਤੇ ਬੁਰਾ ਪ੍ਰਭਾਵ ਪਿਆ ਕਿਉਂਕਿ ਪੰਜਾਬ ਤੇ ਕਬਜ਼ਾ ਕਰਨ ਪਿੱਛੋਂ ਭੂਮੀ ਉਤਪਾਦਨ ਬੜੀ ਤੇਜ਼ੀ ਨਾਲ ਵਧਿਆ ਤੇ ਫਲਸਰੂਪ ਫਸਲਾਂ ਦੇ ਭਾਅ ਵੀ ਡਿੱਗ ਪਏ। ਕਿਸਾਨਾਂ ਨੂੰ ਸਰਕਾਰ ਦਾ ਹਿੱਸਾ ਨਕਦੀ ਦੇਣਾ ਔਖਾ ਹੋ ਗਿਆ।

ਕਾਸ਼ਤਕਾਰ ਆਪਣੀਆਂ ਜਿਨਸਾਂ ਦਾ ਜ਼ਿਆਦਾ ਮੁੱਲ ਲੈਣ ਲਈ ਇਕ ਥਾਂ ਤੋਂ ਦੂਜੀ ਨਹੀਂ ਲੈ ਜਾ ਸਕਦੇ ਸਨ। ਕਾਸ਼ਤਕਾਰਾਂ ਨੇ ਆਪਣੀ ਮਾੜੀ ਹਾਲਤ ਨੂੰ ਨਕਦ ਭੁਗਤਾਨ ਸਿਸਟਮ ਨਾਲ ਜੋੜਿਆ। ਉਨ੍ਹਾਂ ਨੇ ਪੁਰਾਣੀ ਰੀਤੀ ਅਨੁਸਾਰ ਰਾਜ ਦਾ ਹਿੱਸਾ ਫਸਲ ਦੇ ਰੂਪ ਵਿੱਚ ਦੇਣ ਦੀ ਮੰਗ ਨੂੰ ਦੁਬਾਰਾ ਲਾਗੂ ਕਰਨ ਲਈ ਕਿਹਾ। ਜਾਨ ਲਾਰੰਸ, ਜਿਹੜਾ ਇਸ ਵਿਭਾਗ ਦਾ ਇੰਚਾਰਜ ਸੀ, ਨੇ ਸਿਸਟਮ ਵਿੱਚ ਨਰਮੀ ਵਰਤਣ ਤੋਂ ਇਨਕਾਰ ਕਰ ਦਿੱਤਾ। ਹੈਨਰੀ, ਅਸਲ ਵਿੱਚ, ਇਸ ਨਵੇਂ ਸਿਸਟਮ ਨੂੰ ਹਾਲੇ ਆਰਜ਼ੀ ਤੋਰ ਤੇ ਲਾਗੂ ਨਹੀਂ ਕਰਨਾ ਚਾਹੁੰਦਾ ਸੀ, ਭਾਵੇਂ ਆਰਜ਼ੀ ਤੌਰ ਤੇ ਇਸ ਦਾ ਮੰਤਵ ਭੂਮੀ ਦੇ ਵਾਹਕਾਂ ਦੀਆਂ ਔਕੜਾਂ ਦੂਰ ਕਰਨਾ ਸੀ ਪ੍ਰੰਤੂ ਜਾਨ ਲਾਰੰਸ ਨੇ ਡੱਟ ਕੇ ਇਸ ਦਾ ਵਿਰੋਧ ਕੀਤਾ।

ਇਸ ਮਸਲੇ ਤੇ ਦੋਵੇਂ ਭਰਾਵਾਂ ਵਿਚਕਾਰ ਪਹਿਲੀ ਗੰਭੀਰ ਝੜੱਪ ਹੋਈ। ਲਾਰਡ ਡਲਹੋਜੀ, ਗਵਰਨਰ ਜਨਰਲ ਨੇ ਜਾਨ ਲਾਰੰਸ ਦੇ ਵਿਚਾਰ ਨੂੰ ਹਮੇਸ਼ਾ ਭਰਵੀਂ ਮਦਦ ਦਿੱਤੀ ਤੇ ਹੈਨਰੀ ਲਾਰੰਸ ਵੱਲੋਂ ਕੀਤੀ ਗਈ ਕਾਰਵਾਈ ਨੂੰ ਮੱਠਾ ਹੁੰਗਾਰਾ ਦਿੱਤਾ।

ਸੂਬੇ ਤੋਂ ਸਰਕਾਰ ਦੀ ਆਮਦਨ ਦਾ ਮੁੱਖ ਸਾਧਨ ਖੇਤੀਬਾੜੀ ਸੀ। ਸਰਕਾਰ ਨੇ ਨਹਿਰੀ ਸਿੰਚਾਈ ਲਈ ਨਦੀਆਂ ਅਤੇ ਦਰਿਆਵਾਂ ਦਾ ਠੀਕ ਉਪਯੋਗ ਕਰਨ ਬਾਰੇ ਸੋਚਿਆ। ਕਿਸਾਨਾਂ ਨੂੰ ਅਕਾਲ ਆਦਿ ਦੇ ਭੈ ਤੋਂ ਮੁਕਤ ਕਰਾਉਣ ਲਈ ਬੋਰਡ ਨੇ ਸਿੰਚਾਈ ਦੇ ਢੰਗਾਂ ਵਿੱਚ ਸੁਧਾਰ ਕਰਨ ਲਈ ਪ੍ਰਬੰਧ ਕੀਤੇ। ਸ਼ਾਹੀ ਨਹਿਰ ਤੇ ਬਾਰੀ ਦੁਆਬ ਨਹਿਰ ਨੂੰ ਵਧਾਇਆ ਗਿਆ। ਹੈਨਰੀ ਹੋਰ ਨਹਿਰਾਂ ਖੋਦਣੀਆਂ ਚਾਹੁੰਦਾ ਸੀ। ਪਰੰਤੂ ਉਸ ਦਾ ਭਰਾ ਜਾਨ ਲਾਰੰਸ ਸਾਰੀਆਂ ਸਕੀਮਾਂ ਨੂੰ ਬੋਰਡ ਦੇ ਵਿੱਤੀ ਸਾਧਨਾਂ ਅੰਦਰ ਹੀ ਚਾਹੁੰਦਾ ਸੀ। ਹੈਨਰੀ ਦਾ ਇਹ ਵਿਚਾਰ ਸੀ ਕਿ ਇਹ ਯੋਜਨਾ ਅੰਤ ਵਿੱਚ ਸੂਬੇ ਦੇ ਮਾਲੀ ਸਾਧਨਾਂ ਨੂੰ ਵਧਾਉਣ ਵਿੱਚ ਯੋਗਦਾਨ ਪਾ ਸਕਦੀ ਸੀ ਪਰੰਤੂ ਜਾਨ ਨੇ ਇਸ ਨੂੰ ਤੰਗ ਅਰਥ-ਵਿਵਸਥਾ ਦੇ ਰੂਪ ਵਿੱਚ ਸੋਚਿਆ।

ਟੈਕਸਾਂ ਦਾ ਬੋਝ ਘੱਟ ਕਰਨ ਦੇ ਉਦੇਸ਼ ਨਾਲ ਘਰ ਟੈਕਸ ਖਤਮ ਕਰ ਦਿੱਤਾ ਗਿਆ, ਭਾਵੇਂ ਸ਼ਹਿਰਾਂ ਅਤੇ ਵੱਡੇ ਪਿੰਡਾਂ ਵਿੱਚ ਚੁੰਗੀ ਕਰ ਲਗਾ ਦਿੱਤੇ ਗਏ। ਬੋਰਡ ਨੇ ਕਾਂਗੜਾ ਪਹਾੜੀਆਂ ਤੇ ਕਾਸ਼ਤ ਕਰਨ ਨੂੰ ਉਤਸਾਹਤ ਕੀਤਾ। ਸਰਹੱਦ ਦੀ ਸੁਰੱਖਿਆ ਦੇ ਖਰਚੇ ਸੂਬੇ ਦੇ ਸਾਧਨਾਂ ਤੋਂ ਹੀ ਬੋਰਡ ਵੱਲੋਂ ਕੀਤੇ ਜਾਂਦੇ ਸਨ, ਫਿਰ ਵੀ ਬੋਰਡ ਦੇ ਪਹਿਲੇ ਤਿੰਨ ਸਾਲਾਂ ਦੇ ਪ੍ਰਬੰਧ ਦੌਰਾਨ 52 ਲੱਖ, 64 ਲੱਖ ਅਤੇ 70 ਲੱਖ ਰੁਪਏ ਦੀ ਬੱਚਤ ਕੀਤੀ।

### (ੲ) ਪੁਰਾਣੇ ਜਗੀਰਦਾਰਾਂ ਨਾਲ ਵਰਤਾਓ

1852 ਵਿੱਚ ਬੋਰਡ ਦੇ ਸਾਹਮਣੇ ਪੁਰਾਣੇ ਜਾਗੀਰਦਾਰਾਂ ਦੇ ਵਰਤਾਓ ਦਾ ਪ੍ਰਸ਼ਨ ਵਿਚਾਰ ਵਿਟਾਂਦਰੇ ਲਈ ਆਇਆ। ਦੋਵੇਂ ਲਾਰੈਂਸ ਭਰਾਵਾਂ ਵਿਚਕਾਰ ਭਿੰਨਤਾ ਕਾਰਨ ਇਹ ਸਮੱਸਿਆ ਗੰਭੀਰ ਰੂਪ ਧਾਰਨ ਕਰ ਗਈ। ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਸਾਰੇ ਸਰਦਾਰਾਂ ਨੂੰ ਸੈਨਿਕ ਅਤੇ ਗੈਰ ਸੈਨਿਕ ਸੇਵਾਵਾਂ ਵਿੱਚ ਉਘੇ ਯੋਗਦਾਨ ਵਜੋਂ ਜਾਗੀਰਾਂ ਦਿੱਤੀਆਂ ਸਨ। ਰਣਜੀਤ ਸਿੰਘ ਦੇ ਰਸਾਲੇ ਦਾ ਇਕ ਹਿੱਸਾ ਜਾਗੀਰਦਾਰਾਂ ਦੇ ਸੈਨਿਕ ਦਲਾਂ ਦਾ ਬਣਿਆ ਹੋਇਆ ਸੀ। ਲਾਹੌਰ ਦਰਬਾਰ ਦੀ ਇਹ ਰਵਾਇਤ ਸੀ ਕਿ ਮੰਤਰੀਆਂ ਤੇ ਰਾਜ ਦੇ ਕਰਮਚਾਰੀਆਂ ਨੂੰ ਤਨਖਾਹਾਂ ਜਾਗੀਰਾਂ ਦੇ ਰੂਪ ਵਿੱਚ ਭੂਮੀ ਦੇ ਕੇ ਦਿੱਤੀ ਜਾਂਦੀ। ਪੈਨਸ਼ਨਾਂ ਅਤੇ ਦਾਨ ਆਦਿ ਲਈ ਵੀ ਭੂਮੀ ਅਲਾਟ ਕੀਤੀ ਜਾਂਦੀ ਸੀ।

ਪ੍ਰਸ਼ਨ ਉਠਿਆ ਕਿ ਇਹਨਾਂ ਜਾਗੀਰਾਂ ਦੀ ਦੇਖ ਭਾਲ ਦਾ ਲਗਾਨ ਕਿਸ ਤਰ੍ਹਾਂ ਲਿਆ ਜਾਵੇ। ਹੈਨਰੀ ਨੇ ਇਸ ਸਮੱਸਿਆ ਤੇ ਵਿੱਤੀ ਪੱਖ ਤੋਂ ਦੇਖਣ ਦੀ ਥਾਂ ਰਾਜਨੀਤਿਕ ਉਪਾਉ ਵਜੋਂ ਦੇਖਿਆ। ਉਸ ਨੂੰ ਭਰੋਸਾ ਸੀ ਕਿ ਲਾਹੌਰ ਦਰਬਾਰ ਦੇ ਜਾਗੀਰਦਾਰਾਂ ਅਤੇ ਸਰਦਾਰਾਂ ਨਾਲ ਨਿਮਰਤਾ ਵਾਲਾ ਵਰਤਾਉ ਕਰਕੇ ਉਹ ਬ੍ਰਿਟਿਸ਼ ਸੱਤਾ ਦੀਆਂ ਜੜ੍ਹਾਂ ਪੱਕੀਆਂ ਕਰ ਸਕਦੇ ਸਨ। ਉਸ ਨੇ ਇਸ ਲਈ ਸਿਫਾਰਸ਼ ਕੀਤੀ ਕਿ ਪਹਿਲੀਆਂ ਜਾਗੀਰਾਂ ਨੂੰ ਲੱਗੀਆਂ ਰਹਿਣ ਦੇਣਾ ਚਾਹੀਦਾ ਹੈ। ਪ੍ਰੰਤੂ ਜਾਨ ਲਾਰੈਂਸ ਨੇ ਇਸ ਸਾਰੇ ਮਾਮਲੇ ਨੂੰ ਹੋਰ ਪੱਖ ਤੋਂ ਦੇਖਿਆ। ਉਸ ਦੇ ਮਨ ਵਿੱਚ ਜਾਗੀਰਦਾਰਾਂ ਲਈ ਕੋਈ ਨਰਮੀ ਨਹੀਂ ਸੀ। ਉਸ ਨੇ ਮਹਿਸੂਸ ਕੀਤਾ ਉਹ ਲੋਕ ਨਿਕੰਮੇ ਹਨ ਜਿਹੜੇ ਈਮਾਨਦਾਰ ਕਿਸਾਨਾਂ ਦੇ ਖੂਨ ਤੇ ਪਲਦੇ ਹਨ ਅਤੇ ਉਨ੍ਹਾਂ ਨੇ ਰਾਜ ਦੇ ਖਜ਼ਾਨੇ ਤੇ ਬੋਝ ਪਾ ਰੱਖਿਆ ਸੀ ਅਤੇ ਉਹ ਲੋਕਾਂ ਤੇ ਦਿਆਲੂ ਬ੍ਰਿਟਿਸ਼ ਸਰਕਾਰ ਵਿਚਕਾਰ ਖੜ੍ਹੇ ਸਨ। ਜਾਨ ਲਾਰੰਸ ਦਾ ਮੱਤ ਸੀ ਕਿ ਜਾਗੀਰਦਾਰਾਂ ਨੂੰ ਗੁਜ਼ਾਰੇ ਤੋਂ ਵੱਧ ਕੁਝ ਨਹੀਂ ਦੇਣਾ ਚਾਹੀਦਾ। ਜਿਤਨੀ ਸ਼ਕਤੀ ਉਨ੍ਹਾਂ ਕੋਲ ਘੱਟ ਹੋਵੇਗੀ ਉਤਨਾ ਜਿਆਦਾ ਚੰਗਾ ਹੋਵੇਗਾ। ਜਾਨ ਦੇ ਵਿਚਾਰ ਬਲ ਪਕੜ ਗਏ ਅਤੇ ਇਸ ਨਾਲ ਧਨਾਢ ਸਿੱਖ ਸਰਦਾਰ ਤਬਾਹ ਹੋ ਗਏ ਜਿਨ੍ਹਾਂ ਦੀ ਹੈਨਰੀ ਉਤਸੁਕਤਾ ਨਾਲ ਰੱਖਿਆ ਤੇ ਮਦਦ ਕਰਨਾ ਚਾਹੁੰਦਾ ਸੀ।

ਪੰਜਾਬ ਤੋਂ ਚਲੇ ਜਾਣ ਬਾਅਦ ਹੈਨਰੀ ਨੇ ਆਪਣੇ ਭਰਾ ਜਾਨ ਲਾਰੰਸ ਨੂੰ ਅਖੀਰਲਾ ਪੱਤਰ ਲਿਖਿਆ ਜਿਸ ਵਿੱਚ ਉਸ ਨੂੰ ਜਾਗੀਰਦਾਰਾਂ ਦੇ ਪ੍ਰਤੀ ਨਰਮ ਰਹਿਣ ਲਈ ਬੇਨਤੀ ਕੀਤੀ ਗਈ। ''ਇੰਜ ਜਾਪਦਾ ਹੈ ਕਿ ਤੁਸੀਂ ਜਾਗੀਰਦਾਰਾਂ ਨਾਲ ਸੰਬੰਧਤ ਸਾਰੇ ਪ੍ਰਸ਼ਨਾਂ ਤੇ ਹੋਰਾਂ ਨਾਲੋਂ ਬਿਲਕੁੱਲ ਵੱਖਰੇ ਤੌਰ ਤੇ ਵੇਖਦੇ ਹੋ। ਤੁਸੀਂ ਅਸਲ ਵਿੱਚ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਅਤੇ ਦੁਸ਼ਮਣ ਸਮਝਦੇ ਹੋ। ਜੇਕਰ ਇਹੋ ਜਿਹੀ ਚੀਜ਼ ਤੁਸੀਂ ਆਪ ਮਹਿਸੂਸ ਕਰਦੇ ਹੋ ਤਦ ਤੁਸੀਂ ਉਨ੍ਹਾਂ ਨਾਲ ਇਨਸਾਫ ਕਿਵੇਂ ਕਰ ਸਕਦੇ ਹੋ ਜਿਵੇਂ ਇਕ ਆਦਮੀ ਆਸ ਕਰਦਾ ਹੈ। ਮੈਨੂੰ ਭਰੋਸਾ ਹੈ ਜੇਕਰ ਤੁਸੀਂ ਆਪਣੇ ਆਪ ਨੂੰ ਇਸ ਸਥਿਤੀ ਵਿਚ

ਵੇਖੋ ਤਾਂ ਤੁਸੀਂ ਉਨ੍ਹਾਂ ਨਾਲ ਸੰਬੰਧਤ ਪ੍ਰਸ਼ਨਾਂ ਵੱਲ ਇਕ ਦਿਆਲੂ ਭਾਵਨਾ ਵਾਲਾ ਰੁੱਖ ਅਪਨਾਉਣ ਲਈ ਉਤਸੁਕ ਹੋਵੋਗੇ। ਮੇਰਾ ਵਿਚਾਰ ਹੈ ਕਿ ਅਸੀਂ ਦੂਹਰੇ ਤੌਰ ਤੇ ਬੰਨ੍ਹੇ ਹੋਏ ਹਾਂ ਕਿ ਉਨ੍ਹਾਂ ਨਾਲ ਨਰਮੀ ਵਰਤੀ ਜਾਵੇ ਕਿਉਂਕਿ ਉਨ੍ਹਾਂ ਕੋਲੋਂ ਤਾਕਤ ਖੁਸ ਗਈ ਹੈ ਅਤੇ ਉਹ ਲੋਕਾਂ ਵਿੱਚ ਅਸ਼ਾਂਤੀ ਤੇ ਅਸੰਤੁਸ਼ਟਤਾ ਕਾਇਮ ਕਰਨ ਲਈ ਕਾਫੀ ਜ਼ਿਆਦਾ ਪ੍ਰਭਾਵ ਰੱਖਦੇ ਹਨ।''

ਜਗੀਰਦਾਰਾਂ ਨਾਲ ਵਰਤਾਉ ਬਾਰੇ ਦੋਵੇਂ ਭਰਾਵਾਂ ਵਿਚ ਕਾਫੀ ਜ਼ਿਆਦਾ ਭਿੰਨਤਾ ਸੀ। ਸਥਿਤੀ ਹੋਰ ਜ਼ਿਆਦਾ ਵਿਗੜ ਗਈ ਤੇ ਬੋਰਡ ਦੇ ਤੀਜੇ ਮੈਂਬਰ ਮੋਂਟਗੁਮਰੀ ਨੂੰ ਡਰ ਸੀ ਕਿ ਮੀਟਿੰਗ ਵਿੱਚ ਦੋਵੇਂ ਭਰਾਵਾਂ ਦੀ ਸ਼ਬਦੀ ਲੜਾਈ ਹੱਥੋਂ ਪਾਈ ਵਿੱਚ ਬਦਲ ਸਕਦੀ ਸੀ।

### 1.1.6 ਬੋਰਡ ਦਾ ਖਾਤਮਾ

ਹੈਨਰੀ ਲਾਰੰਸ ਨੇ ਸ਼ਿਕਾਇਤ ਕੀਤੀ ਕਿ ਜਾਨ ਲਾਰੰਸ ਦੀ ਸਭ ਤੋਂ ਵੱਡੀ ਗਲਤੀ ਆਪਣੇ ਫੈਸਲੇ ਤੇ ਭਰੋਸਾ ਕਰਨ ਤੇ ਦੂਜਿਆਂ ਦੇ ਵਿਚਾਰਾਂ ਨੂੰ ਨਾ ਮੰਨਣਾ ਸੀ। ਉਸ ਨੇ ਡਲਹੌਜ਼ੀ ਦੁਆਰਾ ਕੀਤੇ ਗਏ ਅਸੰਤੁਸ਼ਟ ਵਰਤਾਉ ਦੀ ਵੀ ਸ਼ਿਕਾਇਤ ਕੀਤੀ ਅਤੇ ਦੱਸਿਆ ਕਿ ਤਿੰਨ ਸਾਲਾਂ ਲਈ ਬੋਰਡ ਦਾ ਮੈਂਬਰ ਰਹਿੰਦੇ ਸਮੇਂ ਉਹ ਸੁੱਖ ਦੀ ਨੀਂਦ ਨਹੀਂ ਸੁੱਤਾ। ਮਈ 1852 ਤਕ ਸਥਿਤੀ ਕਾਬੂ ਤੋਂ ਬਾਹਰ ਹੋ ਗਈ ਅਤੇ ਦੋਵੇਂ ਭਰਾਵਾਂ ਨੇ ਅਸਤੀਫੇ ਦੇ ਦਿਤੇ। ਦੋਨਾਂ ਨੇ ਹੈਦਰਾਬਾਦ ਰੈਜੀਡੈਂਸੀ ਦੀ ਖਾਲੀ ਆਸਾਮੀ ਤੇ ਬਦਲੀ ਲਈ ਡਲਹੌਜ਼ੀ ਨੂੰ ਲਿਖਿਆ। ਹੈਨਰੀ ਨੂੰ ਪੰਜਾਬ ਵਿਚੋਂ ਬਦਲ ਦਿਤਾ ਗਿਆ ਅਤੇ ਇਕ ਘਟੀਆ ਰੈਜੀਡੈਂਸੀ ਰਾਜਪੂਤਾਨਾ ਵਿਖੇ ਭੇਜ ਦਿਤਾ ਗਿਆ ਅਤੇ ਜਾਨ ਨੂੰ ਪੰਜਾਬ ਵਿੱਚ ਹੀ ਚੀਫ ਕਮਿਸ਼ਨਰ ਦੇ ਤੌਰ ਤੇ ਜਿਸ ਦੇ ਅਧੀਨ ਨਿਆਂ ਅਤੇ ਵਿੱਤ ਕਮਿਸ਼ਨਰ ਹੋਣਗੇ, ਰਹਿਣ ਲਈ ਕਿਹਾ ਗਿਆ। ਹੈਨਰੀ ਨੂੰ ਪੰਜਾਬ ਤੋਂ ਬਾਹਰ ਭੇਜ ਦਿਤਾ ਗਿਆ ਅਤੇ ਕਿਹਾ ਗਿਆ ਕਿ ਉਹ ਪੰਜਾਬ ਤੇ ਰਾਜ ਕਰਨ ਲਈ 'ਪੂਰਣ ਤਜ਼ਰਬੇਕਾਰ ਅਤੇ ਯੋਗ ਸਿਵਲ ਅਧਿਕਾਰੀ ਨਹੀਂ ਸੀ।' ਇਹ ਹੈਨਰੀ ਵਾਸਤੇ ਵਰਨਣਯੋਗ ਟਿੱਪਣੀ ਸੀ ਕਿ ਪੰਜਾਬ ਵਿੱਚ ਜਾਂ ਇਸ ਦੇ ਆਸ ਪਾਸ ਇਕ ਸਦੀ ਦਾ ਚੌਥਾ ਹਿੱਸਾ ਰਿਹਾ ਅਤੇ ਸਿਵਲ ਤੇ ਰਾਜਨੀਤਿਕ ਨਿਯੁਕਤੀਆਂ ਤੇ ਆਪਣੇ ਕਰਤੱਵ ਬੜੀ ਚੰਗੀ ਤਰ੍ਹਾਂ ਨਿਭਾ ਚੁੱਕਾ ਸੀ। ਉਸ ਦਾ ਕੇਵਲ ਇਹੋ ਕਸੂਰ ਸੀ ਕਿ ਪੰਜਾਬ ਦੇ ਲੋਕਾਂ ਜਾਂ ਲਾਹੌਰ ਦਰਬਾਰ ਪ੍ਰਤਿ ਲਿਹਾਜਦਾਰ ਸੀ ਜਿਨ੍ਹਾਂ ਉਤੇ ਬ੍ਰਿਟਿਸ਼ ਰਾਜ ਦਾ ਵਿਸਥਾਰ ਕਰਨ ਲਈ ਉਹ ਆਇਆ ਸੀ। ਇਥੋਂ ਤਕ ਕਿ ਉਸ ਨੇ ਰਾਜਪੂਤਾਨੇ ਤੋਂ ਚਾਰਲਸ ਰੈਕਸ (Raikes) ਨੂੰ ਲਿਖਿਆ, 'ਤੁਸੀਂ ਪੁਰਾਣੇ ਦਰਬਾਰ ਦੇ ਲੋਕਾਂ ਲਈ ਕੋਈ ਦਇਆ ਦਿਖਾਓਗੇ, ਉਹ ਦਇਆ ਮੇਰੇ ਉਤੇ ਮੰਨੀ ਜਾਏਗੀ।' ਹੈਨਰੀ ਦੇ ਪੰਜਾਬ ਤੋਂ ਚਲੇ ਜਾਣ ਬਾਅਦ ਲਾਹੌਰ ਕਰੌਨੀਕਲ (Lahore Chronicle) ਨੇ ਲਿਖਿਆ, 'ਸਰ ਹੈਨਰੀ ਲਾਰੰਸ ਦਾ ਉੱਤਰਾਧਿਕਾਰੀ ਪੰਜਾਬ ਲਈ ਉਸ ਤਰ੍ਹਾਂ ਨਹੀਂ ਹੋ ਸਕਦਾ ਜਿਸ ਤਰ੍ਹਾਂ ਸਰ ਹੈਨਰੀ ਸੀ।'

### 1.1.7 ਬੋਰਡ ਦੇ ਕੰਮਾਂ ਦਾ ਮੁਲਾਂਕਣ

ਸਰ ਚਾਰਲਸ ਨੇਪੀਅਰ ਨੇ ਲਿਖਿਆ, ਬੋਰਡ ਵਿੱਚ ਕਦੇ ਕਦਾਈਂ ਕੋਈ ਚੰਗਾ ਗੁਣ ਹੁੰਦਾ ਹੈ ਤੇ ਪੰਜਾਬ ਇਸ ਤੋਂ ਅਲੱਗ ਨਹੀਂ ਸੀ ਰਹਿ ਸਕਦਾ। ਬੋਰਡ ਦੀਆਂ ਪ੍ਰਾਪਤੀਆਂ ਦਾ ਨਿਰੀਖਣ ਕਰਕੇ ਇੰਜ ਜਾਪਦਾ ਹੈ ਕਿ ਇਹ ਕਥਨ ਠੀਕ ਨਹੀਂ ਹੈ। ਸਰ ਰਿਚਰਡ ਟੈਂਪਲ ਦੇ ਅਨੁਸਾਰ 'ਬੋਰਡ ਦੇ ਕੰਮ ਅਨੁਭਵ ਵਿੱਚ ਨਿਪੁੰਨ, ਨੀਂਹ ਵਿੱਚ ਪੂਰਣ ਅਤੇ ਵੇਰਵਿਆਂ ਵਿੱਚ ਵਿਹਾਰੀ ਸਨ।'

ਸਰ ਚਾਰਲਸ ਰੈਕਸ ਨੇ ਬੋਰਡ ਦੁਆਰਾ ਪ੍ਰਬੰਧਕੀ ਨਤੀਜਿਆਂ ਦੀਆਂ ਪ੍ਰਾਪਤੀਆਂ ਬਾਰੇ ਲਿਖਿਆ ਸੀ, 'ਪੰਜਾਬ ਸਿਸਟਮ ਇਤਨਾ ਸਰਲ, ਇਤਨਾ ਵਿਕਸਿਤ ਤੇ ਲੋਕਾਂ ਨੂੰ ਪਸੰਦ ਸੀ ਕਿ ਇਹ ਸਾਰੇ, ਪ੍ਰਇਦੀਪ ਵਿੱਚ, ਜਲਦੀ ਜਾਂ ਦੇਰ ਨਾਲ, ਸਚਾਈ ਦੀ ਤਰ੍ਹਾਂ ਇਹ ਫੈਲ ਜਾਵੇ। ਬੋਰਡ ਦਾ ਕੰਮ ਇਸ ਦੀ ਵਿਸ਼ਾਲਤਾ ਲਈ ਪ੍ਰਸਿੱਧ ਹੈ। ਇਸ ਨੇ ਲਾਹੌਰ ਦਰਬਾਰ ਦੇ ਹਜ਼ਾਰਾਂ ਸਿਪਾਹੀਆਂ ਨੂੰ ਕੱਢ ਦਿੱਤਾ। ਉੱਤਰ-ਪੱਛਮੀ ਸਰਹੱਦ ਵੱਲ ਖਾਸ ਧਿਆਨ ਦਿੱਤਾ। ਨਿਆਇਕ, ਵਿੱਤੀ ਤੇ ਕਰ ਪ੍ਰਣਾਲੀਆਂ ਦਾ ਪੁਨਰ ਗਠਨ ਕੀਤਾ ਗਿਆ। ਸੜਕਾਂ ਦਾ ਜਾਲ ਵਿਛਾ ਦਿੱਤਾ ਗਿਆ ਤੇ ਨਹਿਰਾਂ ਪੁੱਟੀਆਂ ਗਈਆਂ ਅਤੇ ਭੂਮੀ ਉਤਪਾਦਨ ਵਿੱਚ ਵਾਧਾ ਹੋਇਆ। ਇਹ ਸਾਰੀਆਂ ਚੀਜਾਂ ਚਾਰ ਸਾਲ ਦੇ ਥੋੜ੍ਹੇ ਜਿਹੇ ਸਮੇਂ ਦੌਰਾਨ ਹੀ ਹੋਇਆ।

ਬੋਰਡ ਨੇ ਸ਼ੁਰੂ ਤੋਂ ਹੀ ਸੁਧਾਰ ਕਰਨ ਦੀ ਰੁਚੀ ਦਿਖਾਉਣੀ ਸ਼ੁਰੂ ਕਰ ਦਿੱਤੀ ਅਤੇ ਆਪਣਾਂ ਸਮਾਂ ਪੂਰਾ ਕਰਨ ਤੱਕ ਇਸ ਵਿੱਚ ਲੱਗਿਆ ਰਿਹਾ। ਬੋਰਡ ਨੇ ਆਪਣੇ ਸਾਹਮਣੇ ਪਹਿਲਾਂ ਹੀ ਸਥਾਪਤ ਸੰਸਥਾਵਾਂ ਨੂੰ ਰਖਿਆ। ਇਸ ਨੇ ਪ੍ਰਚਲਿਤ ਰੀਤੀ ਰਿਵਾਜ ਤੇ ਪ੍ਰੰਪਰਾਵਾਂ ਵਿੱਚੋਂ, ਜੋ ਸਭ ਤੋਂ ਚੰਗਾ ਲੱਗਿਆ, ਅਪਣਾ ਲਿਆ। ਇਸ ਨੇ ਪੱਛਮੀ ਸਿਸਟਮ ਦੇ ਅਸੂਲ ਅਨੁਸਾਰ ਕਾਨੂੰਨਾਂ ਦੇ ਕੋਡ ਬਣਾਉਣ ਤੋਂ ਬਚਣ ਦੀ ਕੋਸ਼ਿਸ਼ ਕੀਤੀ। ਹੈਨਰੀ ਨੇ ਆਪਣੇ ਕੰਮਾਂ ਦੇ ਪ੍ਰਭਾਵਸ਼ਾਲੀ ਨਤੀਜਿਆਂ ਲਈ ਲੋਕਾਂ ਤੋਂ ਮਿਲਵਰਤਨ ਮੰਗਿਆ। ਕੁਝ ਸਮਾਜਿਕ ਬੁਰਾਈਆਂ ਜਿਵੇਂ ਜੰਮਦੀਆਂ ਕੁੜੀਆਂ ਦੀ ਹੱਤਿਆ ਆਦਿ ਨੂੰ ਕਾਨੂੰਨ ਦੇ ਘੇਰੇ ਵਿੱਚ ਲਿਆਂਦਾ ਗਿਆ।

ਕੁਝ ਸੁਧਾਰਾਂ, ਜਿਨ੍ਹਾਂ ਦਾ ਜ਼ਿਕਰ ਉਪਰ ਕੀਤਾ ਗਿਆ ਹੈ, ਦੀ ਲੋਅ ਵਿੱਚ ਅਸੀਂ ਨਾਲ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਬ੍ਰਿਟਿਸ਼ ਰਾਜ ਦੇ ਆਗੂਆਂ ਨੇ ਪੰਜਾਬ ਵਿੱਚ ਲੋਕਾਂ ਦੀਆਂ ਲੋੜਾਂ ਵੱਲ ਬੜੀ ਹਮਦਰਦੀ ਨਾਲ ਖਾਸ ਧਿਆਨ ਦਿੱਤਾ ਅਤੇ ਉਹਨਾਂ ਨੂੰ ਆਪਣੇ ਵੱਲ ਆਕਰਸ਼ਤ ਕੀਤਾ। ਭਾਵੇਂ ਪੰਜਾਬ ਦੇ ਲੋਕਾਂ ਨੇ ਆਪਣੀ ਸਰਕਾਰ ਗੁਆ ਲਈ ਪਰੰਤੂ ਨਵੀਂ ਸਰਕਾਰ ਨੇ ਇਕਸਾਰਤਾ ਵਾਲੀਆਂ ਕੋਸ਼ਿਸ਼ਾਂ ਨਾਲ ਉਨ੍ਹਾਂ ਨੂੰ ਆਪਣੇ ਭਰੋਸੇ ਵਿੱਚ ਲੈ ਲਿਆ।

### 1.1.8 ਜਾਨ ਲਾਰੰਸ ਕਮਿਸ਼ਨਰ ਦੇ ਤੌਰ ਤੇ

ਪ੍ਰਬੰਧ ਬੋਰਡ ਦਾ ਸਮਾਂ, ਸਿੱਖ ਰਾਜ ਤੋਂ ਬ੍ਰਿਟਿਸ਼ ਰਾਜ ਵੱਲ ਤਬਦੀਲੀ ਦਾ ਸਮਾਂ ਸੀ। ਬੋਰਡ ਦੇ ਭੰਗ ਹੋਣ ਨਾਲ ਪੰਜਾਬ ਦੇ ਇਤਿਹਾਸ ਵਿੱਚ ਨਵਾਂ ਕਾਂਡ ਸ਼ੁਰੂ ਹੁੰਦਾ ਹੈ। ਲਾਹੌਰ ਦਰਬਾਰ ਦੇ ਕੱਢੇ ਹੋਏ ਸਿਪਾਹੀਆਂ ਨੇ ਤਲਵਾਰਾਂ ਨੂੰ ਹਲਾਂ ਤੇ ਫਲਿਆਂ ਵਿੱਚ ਬਦਲ ਲਿਆ। ਜਾਨ ਲਾਰੰਸ ਨੇ ਪਹਿਲਾਂ ਸ਼ੁਰੂ ਕੀਤੇ ਹੋਏ ਕੰਮਾਂ ਤੇ ਉਸਾਰੀ ਕਰਨੀ ਸੀ। ਉਸ ਸਾਹਮਣੇ ਸੁਲਝਾਣ ਲਈ ਕੋਈ ਨਵੀਂ ਤੇ ਗੁੰਝਲਦਾਰ ਸਮੱਸਿਆ ਨਹੀਂ ਸੀ। ਕੋਈ ਨਵੀਂ ਪਾਲਿਸੀ ਦੀ ਸ਼ੁਰੂਆਤ ਨਹੀਂ ਕਰਨੀ ਸੀ। ਤਕਰੀਬਨ ਹਰੇਕ ਖੇਤਰ ਵਿੱਚ ਕੁਝ ਕੰਮ ਪਹਿਲਾਂ ਹੀ ਹੋ ਚੁੱਕਿਆ ਸੀ। ਜਾਨ ਲਾਰੰਸ ਨੇ ਕੇਵਲ ਚੀਜਾਂ ਨੂੰ ਵਿਉਂਤ ਅਨੁਸਾਰ ਇਕੱਠਾ ਕਰਨਾ ਸੀ ਜਿਨ੍ਹਾਂ ਦੀ ਵਿਉਂਤ ਪਹਿਲਾਂ ਹੀ ਉਲੀਕੀ ਹੋਈ ਸੀ।

ਜਾਨ ਲਾਰੰਸ ਕੋਲ ਸਾਰੀਆਂ ਸ਼ਕਤੀਆਂ ਸਨ ਜਿਹੜੀਆਂ ਬੋਰਡ ਲਈ ਨਿਰਧਾਰਿਤ ਸਨ। ਉਸ ਦਾ ਵੱਖ-ਵੱਖ ਵਿਭਾਗਾਂ ਤੇ ਪੂਰਨ ਕੰਟਰੋਲ ਸੀ। ਨਵੀਂ ਸਰਕਾਰ ਦੀਆਂ ਯੋਜਨਾਵਾਂ ਤੇ ਪਾਲਿਸੀਆਂ ਵਿੱਚ ਕੁਝ ਵੀ ਵਿਅਰਥ ਨਹੀਂ ਸੀ। ਇਸ ਲਈ ਜਾਨ ਲਾਰੰਸ ਦਾ ਸਮਾਂ 'ਨਿਯਮਿਤ ਆਦਰਸ਼' ਦਾ ਸਮਾਂ ਸੀ। ਸਰਕਾਰ ਨੂੰ ਪਤਾ ਸੀ ਕਿ ਉਸ ਨੇ ਕੀ ਕਰਨ ਦੀਆਂ ਸਕੀਮਾਂ ਬਣਾਈਆਂ ਹਨ ਤੇ ਲੋਕਾਂ ਨੂੰ ਪਤਾ ਸੀ ਕਿ ਸਰਕਾਰ ਕੀ ਕਰਨਾ ਚਾਹੁੰਦੀ ਹੈ। ਸਰਕਾਰ ਨੇ ਹੁਣ ਲੋਕਾਂ ਦੇ ਜਾਣੇ ਪਛਾਣੇ ਆਦਰਸ਼ਾਂ ਅਨੁਸਾਰ ਚੱਲਣਾ ਸ਼ੁਰੂ ਕਰ ਦਿੱਤਾ ਸੀ। ਭਾਵੇਂ ਜਾਨ ਲਾਰੰਸ ਕੋਲ ਵਿੱਤ ਅਤੇ ਨਿਆਂ ਵਿਭਾਗਾਂ ਦੇ ਕੰਮ ਨੂੰ ਦੇਖਣ ਲਈ ਦੋ ਕਮਿਸ਼ਨਰ ਸਨ ਪਰ ਫਿਰ ਵੀ ਜ਼ਿੰਮੇਂਵਾਰੀ ਅਣਟੁਟਵੀਂ ਕੜੀ ਵਾਂਗ ਥੱਲੇ ਨੂੰ ਜਾਂਦੀ ਸੀ। ਅੰਤ ਵਿੱਚ ਸਾਰੀ ਜ਼ਿੰਮੇਂਵਾਰੀ ਚੀਫ ਕਮਿਸ਼ਨਰ ਦੇ ਹੱਥਾਂ ਵਿੱਚ ਹੁੰਦੀ ਸੀ।

ਪੰਜਾਬ ਦਾ ਸਾਰਾ ਸੂਬਾ ਸੱਤ ਡਵੀਜ਼ਨਾਂ ਵਿੱਚ ਵੰਡਿਆ ਹੋਇਆ ਸੀ ਇਸ ਨੂੰ ਅੱਗੇ ਛੋਟੇ-ਛੋਟੇ ਜਿਲ੍ਹਿਆਂ ਵਿੱਚ ਵੰਡਿਆ ਹੋਇਆ ਸੀ। ਜਿਲ੍ਹਾ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਲੋਕਾਂ ਨਾਲ ਨਿੱਜੀ ਸੰਬੰਧ ਜੋੜਨ ਲਈ ਕੋਸ਼ਿਸ਼ਾਂ ਕੀਤੀਆਂ ਜਾਣ ਤਾਂ ਕਿ ਲੋਕਾਂ ਦੇ ਮਨਾਂ ਵਿੱਚੋਂ ਅਜਨਬੀਪੁਣਾ ਦੂਰ ਕੀਤਾ ਜਾਵੇ। ਲੋਕ ਬ੍ਰਿਟਿਸ਼ ਰਾਜ ਅਧੀਨ ਆਪਣੇ ਘਰ ਦੀ ਤਰ੍ਹਾਂ ਸੁਰੱਖਿਅਤ ਮਹਿਸੂਸ ਕਰਨ। ਜਿਲ੍ਹਾਂ ਅਧਿਕਾਰੀਆਂ ਨੂੰ ਕਈ ਪ੍ਰਕਾਰ ਦੀਆਂ ਡਿਊਟੀਆਂ ਨਿਭਾਉਣੀਆਂ ਪੈਂਦੀਆਂ ਸਨ। ਇਸ ਕਰਕੇ ਇਨ੍ਹਾਂ ਦੇ ਹੱਥ ਵਿੱਚ ਬਹੁਤ ਸਾਰੀਆਂ ਸ਼ਕਤੀਆਂ ਨਿਹਿਤ ਸਨ। ਡਿਪਟੀ ਕਮਿਸ਼ਨਰਾਂ ਨੂੰ ਜੱਜਾਂ, ਮਾਲੀਆਂ ਉਗਰਾਹੁਣ ਵਾਲੇ ਅਤੇ ਕਈ ਵਾਰ ਛੋਟੇ ਫੌਜੀ ਅਫਸਰਾਂ ਆਦਿ ਦੇ ਕੰਮ ਕਰਨੇ ਪੈਂਦੇ ਸਨ। ਭਾਵੇਂ ਇਨ੍ਹਾਂ ਅਫਸਰਾਂ ਕੋਲ ਬਹੁਤ ਜ਼ਿਆਦਾ ਸ਼ਕਤੀਆਂ ਸਨ ਪ੍ਰੰਤੂ ਲੋਕਾਂ ਦਾ ਭਰੋਸਾ ਵੀ ਉਨ੍ਹਾਂ ਕੋਲ ਸੀ ਅਤੇ ਬੜੀ ਹਮਦਰਦੀ ਨਾਲ ਉਨ੍ਹਾਂ ਦੇ ਦੁੱਖ ਤਕਲੀਫ ਸੁਣਦੇ ਸਨ।

#### 1.1.8.1 ਜਾਨ ਲਾਰੰਸ ਅਤੇ ਲਾਹੌਰ ਦਰਬਾਰ ਦੇ ਜਾਗੀਰਦਾਰ

ਜਿਵੇਂ ਕਿ ਬੋਰਡ ਦੇ ਪ੍ਰਬੰਧ ਅਧੀਨ ਚਰਚਾ ਕੀਤੀ ਜਾ ਚੁੱਕੀ ਹੈ ਕਿ ਲਾਰੰਸ ਲਾਹੌਰ ਦਰਬਾਰ ਦੇ ਅਮੀਰਾਂ ਦੀਆਂ ਜਾਗੀਰਾਂ ਨੂੰ ਚਾਲੂ ਰੱਖਣ ਦੇ ਬਹੁਤ ਜਿਆਦਾ ਹੱਕ ਵਿੱਚ ਨਹੀਂ ਸੀ। ਡਲਹੌਜੀ ਅਤੇ ਜਾਨ ਲਾਰੰਸ ਇਸ ਜਾਗੀਰਦਾਰੀ ਸਿਸਟਮ ਨੂੰ ਖਤਮ ਕਰਨ ਦੇ ਹੱਕ ਵਿੱਚ ਸਨ। ਪ੍ਰੰਤੂ ਪੰਜਾਬ ਦਾ ਅਜ਼ਾਦਾਨਾ ਚਾਰਜ ਲੈ ਕੇ ਜਾਨ ਲਾਰੰਸ ਨੇ ਆਪਣੀ ਸਥਿਤੀ ਦੇ ਸੰਬੰਧ ਵਿੱਚ ਜਾਗੀਰਦਾਰਾਂ ਬਾਰੇ ਸੁਧਾਰ ਲਿਆਂਦਾ। ਉਸ ਨੇ ਅਮੀਰਾਂ ਨੂੰ ਨਕਦ ਰਕਮ ਦੇਣ ਤੇ ਫੌਜ ਵਿਚ ਸਿੱਧੀ ਭਰਤੀ ਨੂੰ ਤਰਜੀਹ ਦਿਤੀ। ਉਸ ਨੇ ਜਾਗੀਰਦਾਰੀ ਟੁਕੜੀਆਂ ਨੂੰ ਰੱਖਣ ਦਾ ਕੋਈ ਲਾਭ ਨਾ ਸਮਝਿਆ। ਉਸ ਨੇ ਉਨ੍ਹਾਂ ਤੋਂ ਜਾਗੀਰ ਵਜੋਂ ਦਿੱਤੀ ਜ਼ਮੀਨ ਲੈ ਲਈ। ਉਨ੍ਹਾਂ ਨੂੰ ਖੁਲ੍ਹੇ ਦਿਲ ਨਾਲ ਪੈਨਸ਼ਨਾਂ ਦਿੱਤੀਆਂ। ਉੱਨ੍ਹਾ ਦੇ ਜੱਦੀ ਹੱਕ ਪਛਾਣੇ ਗਏ ਅਤੇ ਸਰਕਾਰੀ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਕਿ ਉਨ੍ਹਾਂ ਨੂੰ ਯਥਾ-ਯੋਗ ਸਤਿਕਾਰ ਦਿਤਾ ਜਾਵੇ। ਪੈਨਸ਼ਨਾਂ ਦੀ ਆਏ ਸਾਲ ਦੁਬਾਰਾ ਘੋਖ ਕੀਤੀ ਜਾਂਦੀ, ਇਸ ਕਰਕੇ ਪੁਰਾਣੇ ਅਮੀਰ ਨਵੀਂ ਸਰਕਾਰ ਪ੍ਰਤੀ ਵਫਾਦਾਰ ਰਹੇ।

#### 1.1.8.2 ਕਿਸਾਨਾਂ ਨਾਲ ਵਰਤਾਉ

ਕਿਸਾਨਾਂ ਨੂੰ ਆਪਣੇ ਵੱਲ ਕਰਨ ਲਈ ਜਾਨ ਲਾਰੰਸ ਨੇ ਭੂਮੀ ਕਰ ਘਟਾ ਦਿਤਾ। ਜਿਆਦਾ ਭੂਮੀ ਨੂੰ ਖੇਤੀ ਯੋਗ ਬਣਾਉਣ ਦੇ ਉਪਰਾਲੇ ਕੀਤੇ ਗਏ। ਭੂਮੀ ਕਰ ਵਿੱਚ ਕਮੀ ਇਸ ਸ਼ਰਤ ਤੇ ਕੀਤੀ ਗਈ ਕਿ ਕਿਸਾਨ ਸਿੰਚਾਈ ਲਈ ਖੂਹ ਲਾਉਣ ਅਤੇ ਜ਼ਿਆਦਾ ਤੋਂ ਜ਼ਿਆਦਾ ਭੂਮੀ ਕਾਸ਼ਤ ਹੇਠ ਲਿਆਉਣਗੇ। ਉਸ ਨੇ ਇਮਾਨਦਾਰ ਬੰਦਿਆਂ ਨੂੰ ਕਰ ਉਗਰਾਹੁਣ ਲਈ ਨਿਯੁਕਤ ਕੀਤਾ। ਜਮੀਨ ਦੀ ਮਿਣਤੀ ਕੀਤੀ ਗਈ ਅਤੇ ਪਟਵਾਰੀ ਜਾਂ ਪੇਂਡੂ ਮੁਨਸ਼ੀਆਂ (ਲੇਖਾਕਾਰਾਂ) ਨੂੰ ਉਹਨਾਂ ਦੀਆਂ ਡਿਊਟੀਆਂ ਠੀਕ ਢੰਗ ਨਾਲ ਨਿਭਾਉਣ ਲਈ ਖਾਸ ਟ੍ਰੇਨਿੰਗ ਦਿੱਤੀ ਗਈ। ਜਾਨ ਲਾਰੰਸ ਭੂਮੀ ਕਰ ਦੇ ਘੱਟ ਰੱਖਣ ਦੇ

ਹੱਕ ਵਿੱਚ ਸੀ। ਉਹ ਚਾਹੁੰਦਾ ਸੀ ਕਿ ਸਰਕਾਰੀ ਮੰਗ ਉਪਜਾਊ ਇਲਾਕਿਆਂ ਦੀ ਕੁੱਲ ਉਪਜ ਦੇ 1/5 ਹਿੱਸੇ ਨਾਲੋਂ ਵੱਧ ਨਹੀਂ ਚਾਹੀਦੀ ਅਤੇ ਅਣਉਪਜਾਊ ਇਲਾਕਿਆਂ ਵਿੱਚ 1/6 ਜਾਂ 1/8 ਜਾਂ ਇਸ ਤੋਂ ਘੱਟ। ਕਿਸਾਨਾਂ ਨੂੰ ਤਕਾਵੀ ਕਰਜੇ ਦਿੱਤੇ ਜਾਂਦੇ ਸਨ। ਖੇਤੀ ਬਾਗਬਾਨੀ ਸੁਸਾਇਟੀ ਨੇ ਕਪਾਹ, ਗੰਨਾ ਅਤੇ ਤੰਬਾਕੂ ਆਦਿ ਵਿੱਚ ਨਵੀਂਆਂ ਕਿਸਮਾਂ ਦੇ ਕਈ ਤਜਰਬੇ ਕੀਤੇ। ਸਰਕਾਰ ਨੇ ਉਹਨਾਂ ਕਿਸਾਨਾਂ ਨੂੰ ਉਤਸ਼ਾਹਤ ਕੀਤਾ, ਜਿਹਨਾਂ ਨੇ ਨਵੀਂਆਂ ਫਸਲਾਂ ਉਗਾਈਆਂ। ਸਰਕਾਰ ਨੂੰ ਚੰਗੀ ਤਰ੍ਹਾਂ ਜਾਣਕਾਰੀ ਹੋਈ ਕਿ ਕਿਸਾਨ ਦੇਸ਼ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ, ਉਸ ਨੇ ਉਨ੍ਹਾਂ ਦੇ ਹੌਸਲੇ ਵਧਾਏ ਤੇ ਫਸਲਾਂ ਦੀ ਉਪਜ ਦੇ ਵਿਕਾਸ ਲਈ ਕਈ ਤਰ੍ਹਾ ਦੀਆਂ ਸਹੂਲਤਾਂ ਦਿੱਤੀਆਂ।

### 1.1.8.3 ਵਿਕਾਸ ਯੋਜਨਾਵਾਂ

ਸਾਰੇ ਸੂਬੇ ਵਿੱਚ ਰੇਲਾਂ ਦਾ ਜਾਲ ਵਿਛਾਉਣ ਦੀ ਸਕੀਮ ਬਣਾਈ। ਮੁਲਤਾਨ ਨੂੰ ਕਰਾਚੀ ਤੇ ਲਾਹੌਰ ਨਾਲ ਜੌੜਨ ਦੀ ਤਜ਼ਵੀਜ਼ ਸੀ। ਪਹਿਲਾਂ ਆਵਾਜਾਈ ਦੇ ਸਾਧਨ ਦੀ ਘਾਟ ਕਰਕੇ ਪੰਜਾਬ ਦੀ ਵਾਧੂ ਕਣਕ ਬਾਹਰ ਨਹੀਂ ਸੀ ਭੇਜੀ ਜਾ ਸਕਦੀ। ਪੰਜਾਬ ਦੇ ਕਿਸਾਨਾਂ ਨੂੰ ਜਿਆਦਾ ਲਾਭ ਪਹੁੰਚਾਉਣ ਲਈ ਆਵਾਜਾਈ ਦੇ ਸਾਧਨਾਂ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਸੀ। ਸਰਕਾਰ ਨੂੰ ਆਪਣੇ ਸਾਧਨਾਂ, ਵਸਤਾਂ ਅਤੇ ਸੈਨਾ ਆਦਿ ਦੇ ਪ੍ਰਯੋਗ ਲਈ ਸੰਚਾਰ ਦੇ ਸੁਚੱਜੇ ਸਾਧਨਾਂ ਦੀ ਲੋੜ ਸੀ।

ਜਾਨ ਲਾਰੰਸ ਨੇ ਸਿੰਧ ਦਰਿਆ ਦੀ ਜਹਾਜ਼ਰਾਨੀ ਵੱਲ ਖਾਸ ਧਿਆਨ ਦਿੱਤਾ। ਕਿਸ਼ਤੀਆਂ ਵਿੱਚ ਸੁਧਾਰ ਕੀਤਾ ਅਤੇ ਸਿੰਧ ਫਲੋਟੀਲਾ ਦੇ ਸਟੀਮਰ, ਕਰਾਚੀ ਅਤੇ ਮੁਲਤਾਨ ਵਿਚਕਾਰ ਚੱਲਣ ਲੱਗ ਪਏ। 1857 ਦੇ ਵਿਦਰੋਹ ਦੌਰਾਨ ਸਿੰਧ ਫਲੋਟੀਲਾ ਬੜੀ ਚੰਗੀ ਤਰ੍ਹਾਂ ਸੈਨਿਕ ਸੇਵਾ ਵਿੱਚ ਵਰਤੇ ਗਏ। ਚੋਥੀ ਪੰਜਾਬ ਪ੍ਰਬੰਧ ਰਿਪੋਰਟ ਅਨੁਸਾਰ, 'ਫਲੋਟੀਲਾ ਸਾਡੀਆਂ ਫੌਜੀਆਂ ਟੁਕੜੀਆਂ, ਸੈਨਾ ਦਾ ਸਾਮਾਨ ਅਤੇ ਖਜਾਨਾ ਲੈ ਕੇ ਆਏ। ਉਨ੍ਹਾਂ ਨੇ ਯੂਰਪ ਦੀ ਇਨਫੈਂਟਰੀ ਦੀਆਂ ਤਿੰਨ ਰੈਜ਼ਮੈਂਟਾਂ ਦੇ ਵੱਡੇ ਭਾਗ ਇਕ ਰਸਾਲੇ, ਕੋਈ 50 ਲੱਖ ਦਾ ਖਜ਼ਾਨਾ ਤੇ ਵੱਡੀ ਮਾਤਰਾ ਵਿੱਚ ਸਾਜੋ ਸਾਮਾਨ ਅਤੇ ਗੋਲਾ ਬਾਰੂਦ ਢੋਇਆ।' ਡਾਕ ਤਾਰ ਸੇਵਾ ਪੰਜਾਬ ਵਿੱਚ 1856 ਵਿੱਚ ਚਾਲੂ ਹੋਈ ਜਿਹੜੀ ਕਿ ਪ੍ਰਬੰਧ ਲਈ ਬਹੁਤ ਲਾਹੇਵੰਦ ਸਾਬਤ ਹੋਈ।

ਸੜਕ ਬਣਾਉਣ ਦੇ ਪਹਿਲਾਂ ਸ਼ੁਰੂ ਕੀਤੇ ਕੰਮ ਨੂੰ ਅੱਗੇ ਵਧਾਇਆ ਗਿਆ। ਮਈ 1854 ਤੱਕ ਕੋਈ 2251 ਮੀਲ ਲੰਬੀਆਂ ਸੜਕਾਂ ਬਣਾਈਆਂ ਗਈਆਂ। ਪੇਸ਼ਾਵਰ, ਰਾਵਲਪਿੰਡੀ, ਮੁਲਤਾਨ, ਸਿਆਲਕੋਟ, ਮੀਆਂਮੀਰ ਅਤੇ ਕੋਹਾਟ ਆਦਿ ਛਾਉਣੀਆਂ ਪੂਰੀਆਂ ਕੀਤੀਆਂ ਗਈਆਂ।ਬਾਰੀ ਦੁਆਬ ਨਹਿਰ ਪੂਰੀ ਕੀਤੀ ਗਈ। 1849 ਤੋਂ 3 ਕਰੋੜ ਦੇ ਲਗਭਗ ਸਰਕਾਰੀ ਕੰਮ ਤੇ ਖਰਚ ਕੀਤੇ ਗਏ। ਪੁਲਿਸ ਸੰਗਠਨ ਵਿੱਚ ਵੀ ਕੁਝ ਸੁਧਾਰ ਕੀਤੇ ਗਏ। ਇਕ ਦਰਿਆਈ ਪੁਲਿਸ ਦਾ ਸੰਗਠਨ ਕੀਤਾ ਗਿਆ ਜਿਹੜਾ ਕਿ ਘੁਸਪੈਠੀਆਂ ਨੂੰ ਦਰਿਆਵਾਂ ਵਿੱਚੋਂ ਲੰਘਣ ਤੋਂ ਰੋਕਦੀ। ਸੂਬੇ ਵਿੱਚ ਜੁਰਮਾਂ ਨੂੰ ਘਟਾਉਣ ਲਈ ਖਾਸ ਕਦਮ ਚੁੱਕੇ ਗਏ ਅਤੇ ਦੋਸ਼ੀਆਂ ਨੂੰ ਤੁਰੰਤ ਸਜ਼ਾ ਦਿੱਤੀ ਜਾਂਦੀ। ਨਵੀਂ ਸਰਕਾਰ ਨੇ ਸ਼ਾਂਤੀ ਅਤੇ ਖੁਸ਼ਹਾਲੀ ਦੀ ਸਥਾਪਨਾ ਲਈ ਬਹੁਤ ਕੁਝ ਕੀਤਾ ਤਾਂ ਕਿ ਲੋਕ ਵਿਦੇਸ਼ੀ ਹਕੂਮਤ ਨਾਲ ਰਚਮਿਚ ਜਾਣ।

### 1.1.8.4 ਵਿਦਿਆ ਦਾ ਵਿਕਾਸ

ਪੱਛਮੀ ਸਿੱਖਿਆ ਅਤੇ ਸਾਇੰਸ ਪੰਜਾਬ ਵਿੱਚ 1846 ਵਿੱਚ ਲਾਗੂ ਕੀਤੀ ਗਈ। ਸੂਬੇ ਦੇ ਲੋਕਾਂ ਲਈ ਵਿਦਿਆ ਕੋਈ ਨਵੀਂ ਚੀਜ਼ ਨਹੀਂ ਸੀ। ਵਿੱਦਿਅਕ ਸੰਸਥਾਵਾਂ ਅੰਗਰੇਜਾਂ ਦੇ ਰਾਜ ਤੋਂ ਪਹਿਲਾਂ ਦੇ ਪੰਜਾਬ ਵਿੱਚ ਵੀ ਸਥਾਪਿਤ ਸਨ। ਆਰਨੌਲਡ ਦੇ ਅਨੁਸਾਰ ਜਿਸ ਦੀ ਜਨਵਰੀ 1856 ਵਿੱਚ ਡੀ.ਪੀ. ਆਈ. ਪੰਜਾਬ ਦੇ ਤੌਰ ਤੇ ਨਿਯੁਕਤ ਹੋਈ ਸੀ, 'ਵਿੱਦਿਆ ਦੀ ਸਿੱਖਾਂ ਵਿਚਕਾਰ ਹਮੇਸ਼ਾ ਖਾਸ ਥਾਂ ਰਹੀ ਹੈ।' ਇਸਤਰੀ ਸਿੱਖਿਆ ਲਈ ਵੀ ਸੰਸਥਾਵਾਂ ਸਨ, ਜਿੱਥੇ ਇਸਤਰੀ ਅਧਿਆਪਕਾਵਾਂ ਪੜ੍ਹਾਉਂਦੀਆਂ ਸਨ। ਵਿੱਦਿਆ ਨੂੰ ਹਰਮਨ ਪਿਆਰੀ ਬਣਾਉਣ ਲਈ ਸ਼ੁਰੂ ਵਿੱਚ ਵਰਨੈਕੂਲਰ ਭਾਸ਼ਾ ਨੂੰ ਪੜ੍ਹਾਈ ਦਾ ਮਾਧਿਅਮ ਬਣਾਇਆ ਗਿਆ। ਅੰਗਰੇਜੀ ਨੂੰ ਮੁੱਢਲੀਆਂ ਸਟੇਜਾਂ ਤੇ ਲਾਗੂ ਕਰਨ ਨਾਲ ਵਿੱਦਿਆ ਸਿਸਟਮ ਲੋਕਾਂ ਦੇ ਮਨਾਂ ਵਿੱਚ ਥਾਂ ਨਹੀਂ ਬਣਾ ਸਕਦਾ ਸੀ। 1854 ਦੇ ਵੁਡਜ਼ ਡਿਸਪੈਚ ਨੂੰ ਭਾਰਤ ਵਿੱਚ ਅੰਗਰੇਜੀ ਵਿਦਿਆ ਦਾ ਮੈਗਾਨਾਕਾਰਟਾ ਕਰਕੇ ਜਾਣਿਆ ਜਾਂਦਾ ਸੀ। ਵੁਡਜ਼ ਡਿਸਪੈਚ ਨਾਲ ਜਨਵਰੀ 1856 ਵਿੱਚ ਪੰਜਾਬ ਵਿੱਦਿਆ ਮਹਿਕਮਾ ਹੋਂਦ ਵਿੱਚ ਆਇਆ। ਇਕ ਡਾਇਰੈਕਟਰ, ਦੋ ਇਨਸਪੈਕਟਰ, 10 ਉਪ- ਇਨਸਪੈਕਟਰ ਅਤੇ 60 ਸਬ-ਉਪ-ਇਨਸਪੈਕਟਰਾਂ ਦੀ ਨਿਯੁਕਤੀ ਕੀਤੀ ਗਈ। ਜਿਲ੍ਹਾਂ ਅਤੇ ਤਹਿਸੀਲ ਹੈਡ ਕੁਆਟਰਾਂ ਅਤੇ ਨਵੇਂ ਸਕੂਲ ਖੋਲ੍ਹੇ ਗਏ। ਅਧਿਆਪਕਾਂ ਦੀ ਟ੍ਰੇਨਿੰਗ ਲਈ ਨਾਰਮਲ ਸਕੂਲ ਖੋਲ੍ਹੇ ਗਏ। ਇਕ ਕੇਂਦਰੀ ਕਾਲਜ ਲਾਹੌਰ ਵਿੱਚ ਖ੍ਹੋਲਿਆ ਗਿਆ। ਕੁਝ ਸਮੇਂ ਵਿੱਚ ਪੱਛਮੀ ਵਿਦਿਆ ਵੱਲ ਲੋਕਾਂ ਦਾ ਝੁਕਾਅ ਹੋ ਗਿਆ।

### 1.1.8.5 ਨਿਆਂ

ਸਾਰੇ ਸੂਬੇ ਵਿੱਚ ਝਗੜਿਆਂ ਲਈ ਛੋਟੇ ਮੁਕੱਦਮਿਆਂ ਵਾਲੀਆਂ ਕਚਹਿਰੀਆਂ (Small Cause Court) ਹੋਣ ਕਰਕੇ ਇਸ ਵਿੱਚ ਸੁਧਾਰ ਹੋਇਆ। ਨਿਯਮਿਤ ਕਚਹਿਰੀਆਂ ਤੋਂ ਇਲਾਵਾ 104 ਅਜਿਹੀਆਂ ਕਚਹਿਰੀਆਂ ਸਨ। ਲਗਭਗ

ਦੋ-ਤਿਹਾਈ ਨਿਆਂਇਕ ਕੰਮ ਇਹਨਾਂ ਕਚਹਿਰੀਆਂ ਦੁਆਰਾ ਕੀਤਾ ਜਾਂਦਾ ਸੀ। ਇਨ੍ਹਾਂ ਕਚਹਿਰੀਆਂ ਦੀ ਸਥਾਪਨਾ ਕਿਸਾਨਾਂ ਦੇ ਦਰਵਾਜਿਆਂ ਤੱਕ ਨਿਆਂ ਪਹੁੰਚਾਉਣ ਲਈ ਕੀਤੀ ਸੀ। ਇਹ ਕਚਹਿਰੀਆਂ ਇਸ ਤਰ੍ਹਾਂ ਸਥਿਤ ਸਨ ਜਿਸ ਨਾਲ 14 ਮੀਲ ਤੋਂ ਜਿਆਦਾ ਲੰਬਾ ਪੈਂਡਾ ਤਹਿ ਕਰਕੇ ਲੋਕ ਕਚਹਿਰੀਆਂ ਵਿੱਚ ਹਾਜਰ ਹੋ ਕੇ ਸ਼ਾਮ ਨੂੰ ਆਪਣੇ ਘਰ ਪਰਤ ਸਕਣ। ਕੇਸਾਂ ਦੇ ਤੁਰੰਤ ਨਿਪਟਾਰੇ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ। 1854 ਵਿੱਚ ਆਮ ਕੇਸਾਂ ਦਾ ਸਮਾਂ 28 ਦਿਨ ਸੀ ਅਤੇ 1855 ਵਿੱਚ ਘਟਾ ਕੇ 23 ਦਿਨ ਹੋ ਗਿਆ ਲੋਕਾਂ ਕੋਲੋਂ ਕੋਈ ਫੀਸ ਨਹੀਂ ਸੀ ਲਈ ਜਾਂਦੀ। ਵਕੀਲਾਂ ਦੀ ਮਦਦ ਨੂੰ ਨਿਰਉਤਸ਼ਾਹਿਤ ਕੀਤਾ ਜਾਂਦਾ ਸੀ ਕਿ ਲੋਕ ਨਵੇਂ ਸਿਸਟਮ ਨੂੰ ਮਹਿੰਗਾ ਨਾ ਸਮਝਣ ਲੱਗ ਜਾਣ।

### 1.1.8. 6 ਇਕ ਅਨੁਮਾਨ

ਜਾਨ ਲਾਰੰਸ ਨੇ ਪ੍ਰਬੰਧ ਬੋਰਡ ਵੱਲੋਂ ਦਰਸਾਈਆਂ ਨੀਹਾਂ ਤੇ ਪੰਜਾਬ ਵਿੱਚ ਸਥਿਰ ਢਾਂਚੇ ਵਾਲੀ ਸਰਕਾਰ ਸਥਾਪਤ ਕਰਨ ਦਾ ਯਤਨ ਕੀਤਾ। ਜਾਨ ਦੇ ਇਕੋ ਇਕ ਮੰਤਵ, ਕੰਮ ਕਰਨ ਵਿੱਚ ਫੁਰਤੀ, ਨੇ ਪੰਜਾਬ ਵਿੱਚ ਚੀਫ ਕਮਿਸ਼ਨਰ ਦੇ ਤੋਰ ਤੇ ਸਫਲਤਾ ਵਿੱਚ ਯੋਗਦਾਨ ਪਾਇਆ। ਉਸ ਨੇ ਪੰਜਾਬ ਦੇ ਲੋਕਾਂ ਨੂੰ ਸੰਤੁਸ਼ਟ ਕਰਨਾ ਆਪਣਾ ਨਿਸ਼ਾਂਨਾ ਬਣਾ ਰੱਖਿਆ ਸੀ। ਇਸ ਦਾ ਸਿਹਰਾ ਜਾਨ ਲਾਰੰਸ ਨੂੰ ਜਾਂਦਾ ਹੈ। ਉਸ ਦੀ ਪੰਜਾਬ ਦੀ ਹਕੂਮਤ ਉਸ ਨੂੰ 19ਵੀਂ ਸਦੀ ਦੇ ਸ਼ਰੋਮਣੀ ਪ੍ਰਬੰਧਕਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕਰਦੀ ਹੇ। ਉਸ ਦੀ ਆਪਣੀ ਸਰਕਾਰ ਦੇ ਸਾਰੇ ਮਹਿਕਮਿਆਂ ਬਾਰੇ ਵੀ ਜਾਣਕਾਰੀ ਵਿਸ਼ਾਲ ਸੀ। ਉਹ ਸਿਆਣਪ, ਸਿਆਸੀ ਸੂਝ ਬੂਝ ਤੇ ਮਨੋਬਲ ਪੱਖੋਂ ਵਰੋਸਾਇਆ ਹੋਇਆ ਸੀ। ਇਨ੍ਹਾਂ ਗੁਣਾਂ ਨੇ ਇਸ ਨੂੰ ਸਥਿਤੀ ਦਾ ਸਵਾਮੀ ਬਣਾ ਦਿੱਤਾ । ਉਸ ਨੇ ਉੱਤਰੀ ਸਰਹੱਦੀ ਕਬੀਲਿਆਂ ਨੂੰ ਬੜੀ ਸਫਲਤਾ ਨਾਲ ਨਜਿੱਠਿਆ। ਕਬਾਇਲੀ ਖੇਤਰਾਂ ਬਾਰੇ ਦੋ ਤਰ੍ਹਾਂ ਦੇ ਵਿਚਾਰ ਸਨ। ਇਕ ਵਿਚਾਰ ਕਿ ਖੇਤਰ ਤੋਂ ਪਾਰ ਜਿੱਤਾਂ ਅਤੇ ਦੂਜੇ ਕਬਾਇਲੀ ਮਾਮਲਿਆਂ ਵਿੱਚ ਦਖਲ ਅੰਦਾਜ਼ੀ ਨਾ ਕਰਨ ਦਾ ਸੀ। ਜਾਨ ਦਾ ਸੰਬੰਧ ਦੂਜੇ ਵਿਚਾਰ ਨਾਲ ਸੀ।

ਈਸਾਈ ਮੱਤ ਦੇ ਵਿਕਾਸ ਵਿੱਚ ਵਿਦੇਸ਼ੀ ਰੁਚੀ ਰੱਖਣ ਦੇ ਬਾਵਜੂਦ ਜਾਨ ਲਾਰੰਸ ਨੇ ਸਿੱਖਾਂ ਤੇ ਮੁਸਲਮਾਨਾਂ ਅਤੇ ਉਨ੍ਹਾਂ ਦੀਆਂ ਪੁਜਾਰੀਆਂ ਸ਼ਰੇਣੀਆਂ ਪ੍ਰਤੀ ਉਦਾਰ ਨੀਤੀ ਅਪਣਾਈ। ਸਿੱਖਾਂ ਦੇ ਸ਼ਰੋਮਣੀ ਅਤੇ ਪਵਿੱਤਰ ਧਾਰਮਿਕ ਸਥਾਨਾਂ ਜਿਵੇਂ ਕਿ ਆਨੰਦਪੁਰ ਸਾਹਿਬ, ਤਰਨਤਾਰਨ ਆਦਿ ਨੂੰ ਦਿੱਤੀਆਂ ਜਾਗੀਰਾਂ ਤੇ ਧਨ ਰੱਖਣ ਦੀ ਆਗਿਆ ਦਿਤੀ ਗਈ। ਗੁਰਦੁਆਰੇ ਅਤੇ ਹੋਰ ਧਾਰਮਿਕ ਸਥਾਨਾਂ, ਜਿਹੜੇ ਕਿ ਪਿੰਡਾਂ ਨਾਲ ਸੰਬੰਧਤ ਸਨ, ਨੂੰ ਜ਼ਮੀਨ ਸੰਬੰਧੀ ਗਰਾਂਟਾਂ ਮਿਲੀਆਂ ਹੋਈਆਂ ਸਨ। ਇਸ ਤਰ੍ਹਾਂ ਜਾਨ ਲਾਰੰਸ ਦੂਜੇ ਧਰਮਾਂ ਦੀਆਂ ਪੁਜਾਰੀਆਂ ਸ਼੍ਰੇਣੀਆਂ ਦਾ ਮਿਲਵਰਤਨ ਲੈਣ ਵਿੱਚ ਸਫਲ ਹੋਇਆ।

### 1.1.9 ਸਾਰ

**ਦੂਜੀ** ਐਂਗਲੋ ਸਿੱਖ ਜੰਗ ਖਤਮ ਹੋਣ ਤੋਂ ਬਾਅਦ ਈਸਟ ਇੰਡੀਆ ਕੰਪਨੀ ਦੇ ਪ੍ਰਬੰਧਕੀ ਬੋਰਡ ਦਾ ਢਾਂਚਾ, ਕੰਮ, ਸਿਵਲ ਪ੍ਰਬੰਧ ਅਤੇ ਬੋਰਡ ਦੇ ਖਾਤਮੇ ਬਾਰੇ ਇਸ ਪਾਠ ਵਿਚ ਚਰਚਾ ਕੀਤੀ ਗਈ ਹੈ ਅਤੇ ਬੋਰਡ ਖਤਮ ਹੋਣ ਤੋਂ ਬਾਅਦ ਜਾਨ ਲਾਰੰਸ ਕਮਿਸ਼ਨਰ ਦੀ ਅਗਵਾਈ ਵਿਚਲੇ ਵਿਕਾਸ ਕਾਰਜਾਂ ਅਤੇ ਨਿਆਂ ਪ੍ਰਬੰਧ ਵੀ ਉਜਾਗਰ ਹੋ ਰਿਹਾ ਹੈ

### 1.1.10 ਅਭਿਅਸ ਲਈ ਪ੍ਰਸ਼ਨ

1. ਈਸਟ ਇੰਡੀਆ ਕੰਪਨੀ ਜਾਂ ਬ੍ਰਿਟਿਸ਼ ਸਰਕਾਰ ਦੇ ਪੰਜਾਬ ਪ੍ਰਬੰਧਕੀ ਬੋਰਡ ਦਾ ਢਾਂਚਾ ਅਤੇ ਕੰਮ ਬਿਆਨ ਕਰੋ?

2. ਜਾਨ ਲਾਰੰਸ ਕਮਿਸ਼ਨ ਦੀਆਂ ਵਿਕਾਸ ਯੋਜਨਾਵਾਂ ਦਾ ਵਰਨਣ ਕਰੋ

### 1.1.11 ਪੁਸਤਕ ਸੂਚੀ

**ਜਗਜੀਤ ਸਿੰਘ - ਸਿੰਘ ਸਭਾ ਲਹਿਰ**

**ਗਿਆਨੀ ਗੁਰਦਿੱਤ ਸਿੰਘ - ਸਿੰਘ ਸਭਾ ਪਤ੍ਰਿਕਾਵਾ**

**Updated : May, 2023**

ਐਮ.ਏ.(ਸਿੱਖ ਅਧਿਐਨ) ਭਾਗ ਦੂਜਾ | ਪੇਪਰ ਨੌਵਾਂ
ਸਿੱਖ ਇਤਿਹਾਸ ਭਾਗ-III

---

ਪਾਠ ਨੰਬਰ : 1.2

---

# ਨਾਮਧਾਰੀ (ਕੂਕਾ ਲਹਿਰ)

**ਪਾਠ-ਬਣਤਰ**

**1.2.1 ਉਦੇਸ਼**

**1.2.2 ਭੂਮਿਕਾ**

**1.2.3 ਆਰੰਭ ਅਤੇ ਵਿਕਾਸ**

**1.2.4 ਕੂਕਾ ਲਹਿਰ ਦੀਆਂ ਗਤੀਵਿਧੀਆਂ**

**1.2.5 ਕੂਕਿਆਂ ਵਿਰੁਧ ਸਰਕਾਰ ਦੀ ਕਾਰਵਾਈ**

**1.2.6 ਕੂਕਾ ਲਹਿਰ ਦੇ ਪ੍ਰਭਾਵ**

**1.2.7 ਸਾਰ**

**1.2.8 ਅਭਿਆਸ ਲਈ ਪ੍ਰਸ਼ਨ**

**1.2.9 ਪੁਸਤਕ ਸੂਚੀ**

**1.2.1 ਉਦੇਸ਼**

ਨਾਮਧਾਰੀ (ਕੂਕਾ ਲਹਿਰ) ਪਾਠ ਦਾ ਉਦੇਸ਼ ਨਾਮਧਾਰੀ ਲਹਿਰ ਬਾਰੇ ਜੋ ਕਿ ਬਾਬਾ ਰਾਮ ਸਿੰਘ ਜੀ ਵਲੋਂ ਸਥਾਪਿਤ ਕੀਤੀ ਗਈ ਸੀ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ

**1.2.2 ਭੂਮਿਕਾ**

ਕੂਕਿਆਂ ਨੇ ਬ੍ਰਿਟਿਸ਼ ਪੰਜਾਬ ਵਿੱਚ ਇੱਕ ਬਹੁਤ ਹੀ ਤਾਕਤਵਰ ਅੰਦੋਲਨ ਨੂੰ ਸੰਗਠਿਤ ਕੀਤਾ ਅਤੇ ਚਲਾਇਆ। ਉਨ੍ਹਾਂ ਦਾ ਅਸਲੀ ਨਾਂ ਸੀ : ਸੰਤ ਖਾਲਸਾ, ਪਰ ਕੂਕਾ ਨਾਂ ਇਸ ਲਈ ਪੈ ਗਿਆ ਕਿਉਂਕਿ ਉਹ ਕੀਰਤਨ ਵਿੱਚ ਇਸ ਤਰ੍ਹਾਂ ਮਸਤ ਹੋ ਜਾਂਦੇ ਸਨ ਕਿ ਕੂਕਾਂ ਮਾਰਨੀਆਂ ਸ਼ੁਰੂ ਕਰ ਦਿੰਦੇ ਸਨ।

**1.2.3 ਆਰੰਭ ਅਤੇ ਵਿਕਾਸ:** ਕੂਕਾ ਲਹਿਰ ਨੂੰ ਬਾਬਾ ਰਾਮ ਸਿੰਘ ਨੇ ਸਥਾਪਿਤ ਕੀਤਾ। ਉਹ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਪੱਕੇ ਧਾਰਮਿਕ ਵਿਚਾਰਾਂ ਵਾਲੀ ਸ਼ਖਸੀਅਤ ਸਨ। ਉਨ੍ਹਾਂ ਦਾ ਸੰਬੰਧ ਛੋਟੇ ਮੱਧ ਵਰਗ ਦੇ ਪਰਿਵਾਰ ਨਾਲ ਸੀ। ਉਨ੍ਹਾਂ ਦਾ ਪਰਿਵਾਰ ਲੁਧਿਆਣਾ ਜਿਲ੍ਹੇ ਦੇ ਪਿੰਡ ਭੈਣੀ ਅਰਾਈਆਂ ਵਿੱਚ ਤਰਖਾਣ ਦਾ ਕੰਮ ਕਰਦਾ ਸੀ। ਉਨ੍ਹਾਂ ਦਾ ਜਨਮ 1816 ਵਿੱਚ ਹੋਇਆ। ਉਨ੍ਹਾਂ ਨੇ ਇਕ ਆਮ ਸਿਪਾਹੀ ਦੇ ਰੂਪ ਵਿੱਚ ਖਾਲਸਾ ਸੈਨਾ ਵਿੱਚ ਨੌਕਰੀ ਕੀਤੀ। ਇਸ ਨੌਕਰੀ ਦੌਰਾਨ ਜਦੋਂ ਉਹ ਉਤਰ-ਪੱਛਮੀ ਸਰਹੱਦੀ ਇਲਾਕੇ ਵਿੱਚ ਆਪਣੀ ਰਜਮੈਂਟ ਨਾਲ ਭੇਜੇ ਗਏ ਤਾਂ ਉਥੇ ਉਨ੍ਹਾਂ ਦੀ ਇਕ ਬਹੁਤ ਹੀ

ਪਵਿੱਤਰ ਅਤੇ ਧਾਰਮਿਕ ਵਿਚਾਰਾਂ ਵਾਲੇ ਵਿਅਕਤੀ ਬਾਬਾ ਬਾਲਕ ਸਿੰਘ ਨਾਲ ਭੇਂਟ ਹੋਈ। ਉਨ੍ਹਾਂ ਦੀ ਮੁਲਾਕਾਤ ਹਜ਼ਰੋ ਨਾਂ ਦੇ ਥਾਂ ਤੇ ਹੋਈ ਅਤੇ ਛੇਤੀ ਹੀ ਉਹ ਬਾਲਕ ਸਿੰਘ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ। 1839-1857 ਦੇ ਵਿਚਕਾਰ ਦੇ ਸਮੇਂ ਵਿੱਚ ਸਿੱਖਾਂ ਦੇ ਪ੍ਰਾਈਵੇਟ ਤੇ ਪਬਲਿਕ ਜੀਵਨ ਵਿੱਚ ਕਾਫੀ ਗਿਰਾਵਟ ਆ ਚੁੱਕੀ ਸੀ। ਖਾਸ ਤੌਰ ਤੇ ਉਚ ਵਰਗ ਦੇ ਲੋਕਾਂ ਦੇ ਜੀਵਨ ਵਿੱਚ ਇਹ ਗਿਰਾਵਟ ਦੇਖੀ ਗਈ। ਸਿੱਖ ਸਮਾਜ ਵਿੱਚ ਇਹ ਗਿਰਾਵਟ ਧਨ ਦੇ ਵਧਣ ਅਤੇ ਤਾਕਤ ਦੇ ਆਉਣ ਨਾਲ ਆਈ ਸੀ। ਬਾਬਾ ਬਾਲਕ ਸਿੰਘ ਇਸ ਤੋਂ ਕਾਫੀ ਚਿੰਤਤ ਸਨ। ਉਨ੍ਹਾਂ ਨੇ ਲੋਕਾਂ ਨੂੰ ਸਾਦਾ ਅਤੇ ਇਮਾਨਦਾਰੀ ਦਾ ਜੀਵਨ ਬਿਤਾਉਣ ਲਈ ਅਪੀਲ ਕੀਤੀ, ਜਿਸ ਦਾ ਬਾਬਾ ਰਾਮ ਸਿੰਘ ਤੇ ਕਾਫੀ ਪ੍ਰਭਾਵ ਪਿਆ। ਬਾਬਾ ਬਾਲਕ ਸਿੰਘ ਦੀ ਸ਼ਖਸੀਅਤ ਅਤੇ ਵਿਚਾਰਾਂ ਤੋਂ ਬਾਬਾ ਰਾਮ ਸਿੰਘ ਇੰਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਸੈਨਾ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਸਮਾਜ ਸੇਵਾ ਵਿੱਚ ਆਪਣੇ ਜੀਵਨ ਨੂੰ ਲਾਉਣ ਦਾ ਫੈਸਲਾ ਕੀਤਾ। 1857 ਵਿੱਚ ਬਾਬਾ ਬਾਲਕ ਸਿੰਘ ਦੀ ਮੌਤ ਹੋ ਗਈ। ਪਰ ਇਸ ਤੋਂ ਪਹਿਲਾਂ ਉਨ੍ਹਾਂ ਨੇ ਰਾਮ ਸਿੰਘ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਦਿੱਤਾ। ਆਪਣੀ ਨਵੀਂ ਜ਼ਿਮੇਂਵਾਰੀ ਤੋਂ ਬਾਬਾ ਰਾਮ ਸਿੰਘ ਚੰਗੀ ਤਰ੍ਹਾਂ ਵਾਕਿਫ ਸਨ। ਉਹਨਾਂ ਨੇ ਇਕ ਜ਼ੋਰਦਾਰ ਸੁਧਾਰ ਅੰਦੋਲਨ ਚਲਾਉਣ ਦਾ ਫੈਸਲਾ ਲਿਆ ਅਤੇ ਇਸ ਅੰਦੋਲਨ ਨੂੰ ਕੂਕਾ ਦੇ ਨਾਂ ਤੋਂ ਜਾਣਿਆ ਜਾਣ ਲੱਗ ਗਿਆ। ਇਸ ਉਦੇਸ਼ ਨੂੰ ਸਾਹਮਣੇ ਰੱਖਦਿਆਂ ਹੋਇਆਂ ਇਕ ਠੋਸ ਅਤੇ ਨਿਸ਼ਚਿਤ ਪ੍ਰਗਰਾਮ ਬਣਾਇਆ ਗਿਆ, ਜਿਸ ਦਾ ਮੁੱਖ ਆਧਾਰ ਸਿੱਖਾਂ ਨੂੰ ਅੰਮ੍ਰਿਤ ਜਾਂ ਪਾਹੁਲ ਛਕਾਣਾ ਸੀ ਤਾਂ ਜੋ ਸਿੱਖ ਸਮਾਜ ਵਿੱਚ ਫਿਰ ਤੋਂ ਪਵਿੱਤਰਤਾ ਸਥਾਪਿਤ ਕੀਤੀ ਜਾ ਸਕੇ। ਜਿਨ੍ਹਾਂ ਸਿੱਖਾਂ ਨੇ ਬਾਬਾ ਰਾਮ ਸਿੰਘ ਦੇ ਕਹਿਣ ਤੇ ਅੰਮ੍ਰਿਤ ਛਕਿਆ, ਉਹ ਆਪਣੇ ਪਹਿਰਾਵੇ ਤੋਂ ਹੋਰ ਸਿੱਖਾਂ ਤੋਂ ਬਿਲਕੁਲ ਵੱਖ ਲੱਗਣ ਲੱਗ ਪਏ। ਉਨ੍ਹਾਂ ਦੇ ਪੱਗ ਬੰਨ੍ਹਣ ਦਾ ਤਰੀਕਾ, ਉਨ ਦੀ ਮਾਲਾ, ਸਫੈਦ ਪਹਿਰਾਵਾ ਅਤੇ ਸਤਿ ਸ੍ਰੀ ਅਕਾਲ ਦੀ ਥਾਂ ਸਤਿ ਸ੍ਰੀ ਅਕਾਲ ਪੁਰਖ ਦਾ ਇਸਤੇਮਾਲ ਉਨ੍ਹਾਂ ਨੂੰ ਹੋਰ ਸਿੱਖਾਂ ਤੋਂ ਵੱਖ ਕਰਦਾ ਸੀ। ਉਨ੍ਹਾਂ ਨੂੰ ਦੇਵੀ ਦੁਆਰਿਆਂ, ਸ਼ਿਵ ਦੁਆਰਿਆਂ, ਮੰਦਰਾਂ, ਮੜ੍ਹੀਆਂ, ਮਹੰਤਾਂ ਅਤੇ ਬ੍ਰਾਹਮਣਾਂ ਦੀ ਪੂਜਾ ਕਰਨ ਦੀ ਵੀ ਮਨਾਹੀ ਕੀਤੀ ਗਈ। ਉਨ੍ਹਾਂ ਨੂੰ ਸੋਢੀਆਂ, ਬੇਦੀਆਂ, ਮਹੰਤਾਂ ਅਤੇ ਬ੍ਰਾਹਮਣਾਂ ਦੀ ਪੂਜਾ ਕਰਨ ਦੀ ਵੀ ਮਨਾਹੀ ਕੀਤੀ ਗਈ। ਉਨ੍ਹਾਂ ਨੂੰ ਇਕ ਈਸ਼ਵਰ ਵਿੱਚ ਵਿਸ਼ਵਾਸ ਅਤੇ ਇਕ ਹੀ ਧਾਰਮਿਕ ਗ੍ਰੰਥ ਮੰਨਣ ਲਈ ਕਿਹਾ ਗਿਆ। ਉਹ ਗ੍ਰੰਥ ਸੀ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ।

ਕੂਕਾ ਲਹਿਰ ਨੇ ਆਪਣੇ ਅੰਦੋਲਨ ਦੇ ਦੌਰਾਨ ਨਿੱਤ ਨੇਮ ਅਤੇ ਚਿੰਤਨ ਕਰਨ ਦੇ ਮਹੱਤਵ ਉੱਪਰ ਜੋਰ ਦਿਤਾ। ਚੰਗੇ ਕੰਮ ਕਰਨ ਅਤੇ ਨਾਲ ਹੀ ਇਨ੍ਹਾਂ ਬੁਰਾਈਆਂ ਤੋਂ ਜਿਸ ਤਰ੍ਹਾਂ ਚੋਰੀ, ਝੂਠ, ਚੁਗਲੀ, ਸ਼ਰਾਬ ਪੀਣਾ, ਮਿਲਾਵਟ ਕਰਨ, ਤੰਬਾਕੂ ਪੀਣਾ ਆਦਿ ਤੋਂ ਦੂਰ ਰਹਿਣ ਲਈ ਕਿਹਾ ਗਿਆ। ਕੂਕਿਆਂ ਨੇ ਗਊਆਂ ਦੀ ਰੱਖਿਆ ਕਰਨ ਨੂੰ ਪਹਿਲ ਦਿੱਤੀ। ਭਿਖਿਆ ਮੰਗਣ ਨੂੰ ਬੁਰਾਈ ਕਿਹਾ। ਮਿਹਨਤ ਕਰਨ ਅਤੇ ਦਇਆ ਦਿਖਾਉਣ ਤੇ ਜੋਰ ਦਿੱਤਾ ਗਿਆ। ਕੂਕਿਆਂ ਨੇ ਉਚੇ ਅਤੇ ਨੀਵੇਂ ਵਰਗ ਵਿੱਚ ਕੋਈ ਫਰਕ ਨਹੀਂ ਸਮਝਿਆ। ਉਨ੍ਹਾਂ ਨੇ ਸਭ ਲੋਕਾਂ ਨੂੰ ਇਕ ਹੀ ਈਸ਼ਵਰ ਦੀ ਦੇਣ ਮੰਨਿਆ। ਉਨ੍ਹਾਂ ਨੇ ਕਿਹਾ ਕਿ ਸਮਾਜ ਦੇ ਸਾਰੇ ਲੋਕ ਭਰਾ ਭਰਾ ਤੇ ਹਰ ਦ੍ਰਿਸ਼ਟੀ ਤੋਂ ਉਹ ਸਮਾਨ ਹਨ। ਉਨ੍ਹਾਂ ਨੇ ਆਦਮੀਆਂ ਅਤੇ ਔਰਤਾਂ ਦੇ ਸੰਬੰਧਾ ਵਿੱਚ ਵੀ ਇਹੀ ਗੱਲ ਕਹੀ। ਦੂਜੇ ਸ਼ਬਦਾਂ ਵਿੱਚ ਉਨ੍ਹਾਂ ਨੇ ਇਸਤਰੀਆਂ ਨੂੰ ਆਦਮੀਆਂ ਦੇ ਬਰਾਬਰ ਸਮਝਿਆ। ਆਦਮੀਆਂ ਦੀ ਤਰ੍ਹਾਂ ਔਰਤਾਂ ਨੂੰ ਵੀ ਕੂਕਾ ਸਮਾਜ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਸੀ ਅਤੇ ਇਸ ਸਮੁਦਾਏ ਦੇ ਕੰਮਾਂ ਵਿੱਚ ਉਨ੍ਹਾਂ ਨੂੰ ਹਿੱਸਾ ਲੈਣ ਦਾ ਪੂਰਾ ਅਧਿਕਾਰ ਸੀ।ਵਿਧਵਾ ਨੂੰ ਸ਼ਾਦੀ ਨਾ ਕਰਨ ਦੇਣ ਦੀ ਪ੍ਰਥਾ ਅਤੇ ਕੁੜੀਆਂ ਨੂੰ ਮਾਰਨ ਦੀ ਪ੍ਰਥਾ ਨੂੰ ਸਖਤੀ ਨਾਲ ਰੋਕਿਆ ਗਿਆ। ਕੂਕਿਆਂ ਨੇ ਸਿਰਫ ਸਾਧਾਰਨ ਅਤੇ ਬਿਨਾਂ ਖਰਚ ਦੇ ਸਿੱਖ ਧਰਮ ਦੇ ਅਸੂਲਾਂ ਅਨੁਸਾਰ ਸ਼ਾਦੀ ਕਰਨ ਦੀ ਪ੍ਰਥਾ ਨੂੰ ਆਪਣਾ ਸਮਰਥਨ ਦਿੱਤਾ।

ਇਹ ਗੱਲ ਖਾਸ ਤੌਰ ਤੇ ਧਿਆਨ ਦੇਣ ਵਾਲੀ ਹੈ ਕਿ ਉਹ ਨਾ ਤਾਂ ਕੋਈ ਸੰਤਾਂ ਦਾ ਸੰਗਠਨ ਬਣਾਉਣਾ ਚਾਹੁੰਦੇ ਸਨ ਅਤੇ ਨਾ ਕੋਈ ਵੱਖਰਾ ਧਰਮ ਚਲਾਉਣਾ ਚਾਹੁੰਦੇ ਸਨ। ਬਾਬਾ ਰਾਮ ਸਿੰਘ ਆਪਣੇ ਸਾਥੀਆਂ ਨੂੰ ਬਲਵਾਨ ਬਣਾਉਣਾ ਚਾਹੁੰਦੇ ਸਨ। ਇਸ ਲਈ ਸਰੀਰਕ ਤਾਕਤ ਹਾਸਲ ਕਰਨ ਤੇ ਜ਼ੋਰ ਦਿੱਤਾ। ਇਸ ਮੰਤਵ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਉਨ੍ਹਾਂ ਕੂਕਿਆਂ ਨੂੰ ਇਹ ਆਦੇਸ਼ ਦਿੱਤਾ ਕਿ ਉਹ ਗਊਆਂ ਅਤੇ ਮੱਝਾਂ ਦੀ ਪਾਲਣਾ ਕਰਨ, ਦੁੱਧ ਦੀਆਂ ਬਣੀਆਂ ਚੀਜ਼ਾਂ ਦਾ ਇਸਤੇਮਾਲ ਕਰਨ ਅਤੇ ਮਿਹਨਤ ਦੇ ਰਾਹੀਂ ਆਪਣੇ ਸਰੀਰ ਨੂੰ ਮਜਬੂਤ ਤੇ ਗਠੀਲਾਂ ਬਣਾਉਣ ਅਤੇ ਨਾਲ ਹੀ ਆਪਣੇ ਵਿੱਚ ਸਹਿਣ ਸ਼ਕਤੀ ਪੈਦਾ ਕਰਨ। ਉਨ੍ਹਾਂ ਨੂੰ ਚੰਗੀ ਨਸਲ ਦੇ ਘੋੜੇ ਰੱਖਣ ਲਈ ਘੋੜ ਸਵਾਰੀ ਸਿੱਖਣ ਲਈ, ਵੱਡੀਆਂ-ਵੱਡੀਆਂ ਡਾਗਾਂ ਰੱਖਣ ਲਈ, ਗੱਤਕਾਂ ਖੇਡਣ ਅਤੇ ਤਲਵਾਰ ਚਲਾਉਣ ਅਤੇ ਜੋਸ਼ ਭਰਨ ਲਈ ਚੰਡੀ ਦਾ ਪਾਠ ਪੜ੍ਹਨ ਲਈ ਕਿਹਾ ਗਿਆ। ਚੰਡੀ ਦੇ ਪਾਠ ਵਿੱਚ ਗੁਰੂ ਗੋਬਿੰਦ ਸਿੰਘ ਨੇ ਦੁਰਗਾ ਅਤੇ ਰਾਕਸ਼ਾਂ ਦੇ ਵਿੱਚ ਲੜਾਈ ਨੂੰ ਦਰਸਾਇਆ ਹੈ। ਇਸ ਨਵੇ ਪ੍ਰੋਗਰਾਮ ਦੀ ਸਫਲਤਾ ਲਈ ਇਕ ਬਹੁਤ ਵੱਡਾ ਸੰਗਠਨ ਸਥਾਪਤ ਕੀਤਾ ਗਿਆ। ਜਿਸ ਵਿੱਚ ਸੂਬਾ, ਨਾਇਬ ਸੂਬਾ, ਜੱਥੇਦਾਰ ਅਤੇ ਲੋਕਲ ਸੰਗਤਾਂ ਸ਼ਾਮਿਲ ਸਨ। ਇਹ ਸਾਰੇ ਲੋਕ ਆਪਣੇ ਨਿਸ਼ਚਿਤ ਖੇਤਰ ਵਿੱਚ ਕੰਮ ਕਰਦੇ ਸਨ ਅਤੇ ਕੇਂਦਰ ਭੈਣੀ ਸਾਹਿਬ ਨਾਲ ਸੰਬੰਧ ਬਣਾਏ ਰੱਖਦੇ ਸਨ ਅਤੇ ਨਾਲ ਹੀ ਆਪਸ ਵਿੱਚ ਵੀ ਇਕ ਦੂਜੇ ਨਾਲ ਸੰਬੰਧ

ਰੱਖਦੇ ਸਨ। ਇਕ ਦੂਜੇ ਕੋਲ ਗੁਪਤ ਡਾਕ ਸੇਵਾ ਰਾਹੀਂ ਨਿਯਮਿਤ ਰੂਪ ਵਿੱਚ ਖਬਰਾਂ ਭੇਜਦੇ ਰਹਿੰਦੇ ਸਨ ਤਾਂ ਜੋ ਉਹ ਇਕ ਦੂਜੇ ਦੇ ਇਲਾਕੇ ਵਿੱਚ ਹੋਣ ਵਾਲੀਆਂ ਘਟਨਾਵਾਂ ਤੋਂ ਜਾਣੂ ਰਹਿਣ।

**1.2.4 ਕੂਕਾ ਲਹਿਰ ਦੀਆਂ ਗਤੀਵਿਧੀਆਂ:** ਕੂਕਾ ਲਹਿਰ ਜਦੋਂ ਇਕ ਵਾਰ ਸਥਾਪਿਤ ਹੋ ਗਈ ਤਾਂ ਉਸ ਨੇ ਤੇਜੀ ਨਾਲ ਵਿਕਾਸ ਸ਼ੁਰੂ ਕੀਤਾ। ਸ਼ੁਰੂ ਤੋਂ ਹੀ ਸੰਗਠਨ ਅਤੇ ਅੰਦੋਲਣ ਵਿੱਚ ਖਾਲਸਾ ਸੈਨਾ ਤੋਂ ਬਰਖਾਸਤ ਹੋਏ ਸੈਨਿਕ ਵਧ ਗਿਣਤੀ ਵਿੱਚ ਸ਼ਾਮਲ ਹੋਏ। ਅਸਲ ਵਿੱਚ ਇਹਨਾਂ ਸੈਨਿਕਾਂ ਨੇ ਇਸ ਸੰਗਠਨ ਨੂੰ ਸ਼ਸ਼ਤਰ ਬੱਧ ਬਣਾ ਦਿਤਾ।ਇਹੀ ਕਾਰਨ ਸੀ ਕਿ ਜਦੋ 1863 ਵਿੱਚ ਸਰਕਾਰ ਦਾ ਧਿਆਨ ਇਸ ਸੰਗਠਨ ਵੱਲ ਗਿਆ, ਕੂਕੇ ਪਹਿਲਾਂ ਤੋਂ ਹੀ ਇਕ ਬਹੁਤ ਵੱਡਾ ਸੰਤ ਸਿਪਾਹੀਆਂ ਦਾ ਇਕ ਗਰੁੱਪ ਸੀ ਜਿਨ੍ਹਾਂ ਕੋਲ ਡਾਗਾਂ ਸਨ ਅਤੇ ਰਾਤ ਨੂੰ ਚੁਪਕੇ-ਚੁਪਕੇ ਕਸਰਤ ਕਰਦੇ ਸਨ। ਇਸ ਨਵੇਂ ਵਿਕਾਸ ਦਾ ਬਹੁਤ ਹੀ ਗੰਭੀਰਤਾ ਨਾਲ ਜਾਇਜ਼ਾ ਲਿਆ ਗਿਆ ਅਤੇ ਬਾਬਾ ਰਾਮ ਸਿੰਘ ਅਤੇ ਉਸ ਦੇ ਸਾਥੀਆਂ ਤੋਂ ਪੁੱਛਗਿੱਛ ਕੀਤੀ ਗਈ ਜਦੋ ਉਹ ਅਪ੍ਰੈਲ 1863 ਵਿੱਚ ਅੰਮ੍ਰਿਤਸਰ ਗਏ। ਇਸ ਦੇ ਸਿੱਟੇ ਵਜੋਂ ਕੂਕਿਆਂ ਵਿੱਚ ਅੰਗਰੇਜਾਂ ਲਈ ਨਾਰਾਜ਼ਗੀ ਦੀ ਭਾਵਨਾ ਪੈਦਾ ਹੋਈ ਅਤੇ ਉਹ ਵਿਦੇਸ਼ੀ ਸ਼ਾਸ਼ਕਾਂ ਦੇ ਖਿਲਾਫ ਨਾਰਾਜ਼ਗੀ ਦੀ ਭਾਵਨਾ ਰੱਖਣ ਲੱਗ ਪਏ ਅਤੇ ਉਨ੍ਹਾਂ ਨੂੰ ਫਿਰੰਗੀ ਕਹਿਣ ਲੱਗੇ। ਸੱਚ ਤਾਂ ਇਹ ਹੈ ਕਿ ਉਨ੍ਹਾਂ ਦੇ ਦਿਮਾਗ ਵਿੱਚ ਅੰਗ੍ਰੇਜ਼ਾ ਦੇ ਹੱਥ ਵਿੱਚ ਰਾਜਨੀਤਿਕ ਤਾਕਤ ਦਾ ਚਲੇ ਜਾਣਾ ਹੀ ਨਹੀਂ ਖਟਕਦਾ ਸੀ ਸਗੋਂ ਉਨ੍ਹਾਂ ਦੇ ਮਨ ਵਿੱਚ ਇਹ ਗੱਲ ਜਿਆਦਾ ਚੁਭਦੀ ਸੀ ਕਿ ਰਾਜਨੀਤਿਕ ਸੱਤਾ ਦੇ ਜਾਣ ਨਾਲ ਵਿਦੇਸ਼ੀ ਸ਼ਾਸ਼ਕਾਂ ਨੇ ਇਥੋਂ ਦੀ ਸੰਸਕ੍ਰਿਤੀ ਤੇ ਵੀ ਹਮਲਾ ਕੀਤਾ ਸੀ। ਉਨ੍ਹਾਂ ਨੇ ਬੁਚੜ ਖਾਨਿਆਂ ਆਦਿ ਨੂੰ ਧਰਮ ਵਿੱਚ ਦਖਲ ਸਮਝਿਆ। ਸਰਕਾਰ ਨੇ ਇਹ ਮਹਿਸੂਸ ਕੀਤਾ ਕਿ ਇਸ ਉੱਠਦੀ ਹੋਈ ਵਿਰੋਧੀ ਲਹਿਰ ਨੂੰ ਸ਼ੁਰੂ ਵਿੱਚ ਖਤਮ ਕਰਨਾ ਜ਼ਰੂਰੀ ਹੈ। ਇਸ ਲਈ ਬਿਨਾਂ ਸਮਾਂ ਬਰਬਾਦ ਕੀਤਿਆਂ ਕੂਕਾ ਸੰਗਠਨ ਨੂੰ ਪੁਲਿਸ ਦੀ ਸਖਤ ਨਿਗਰਾਨੀ ਵਿੱਚ ਰੱਖਿਆ ਗਿਆ ਅਤੇ ਇਸ ਸੰਗਠਨ ਦੇ ਨੇਤਾ ਨੂੰ ਉਸ ਦੇ ਪਿੰਡ ਭੈਣੀ ਵਿੱਚ ਨਜ਼ਰਬੰਦ ਕੀਤਾ ਗਿਆ। ਸਰਕਾਰ ਰਾਹੀਂ ਇਸ ਸੰਗਠਨ ਤੇ ਲਗਾਈਆਂ ਗਈਆਂ ਰੋਕਾਂ ਦਾ ਨਤੀਜਾ ਉਲਟ ਸਾਬਿਤ ਹੋਇਆ। ਕੂਕਿਆਂ ਦੇ ਲਈ ਸਰਕਾਰ ਦੀ ਰੋਕ ਲਾਉਣ ਦੀ ਨੀਤੀ ਵਰਦਾਨ ਸਾਬਿਤ ਹੋਈ। ਛੇਤੀ ਹੀ ਬਾਬਾ ਰਾਮ ਸਿੰਘ ਦੇ ਇਰਦ ਗਿਰਦ ਬਹੁਤ ਵੱਡੀ ਗਿਣਤੀ ਵਿੱਚ ਲੋਕ ਜਮ੍ਹਾ ਹੋਣ ਲੱਗ ਪਏ ਅਤੇ ਭੈਣੀ ਸਾਹਿਬ ਲੋਕਾਂ ਲਈ ਤੀਰਥ ਸਥਾਨ ਬਣ ਗਿਆ। 1863 ਵਿੱਚ ਕੂਕਿਆਂ ਦੀ ਗਿਣਤੀ ਹਜ਼ਾਰਾਂ ਵਿੱਚ ਸੀ ਅਤੇ ਕੁਝ ਹੀ ਸਾਲਾਂ ਵਿੱਚ ਉਨ੍ਹਾਂ ਦੀ ਗਿਣਤੀ ਲੱਖਾਂ ਵਿੱਚ ਹੋ ਗਈ। ਇਸ ਵਧਦੀ ਹੋਈ ਗਿਣਤੀ ਦੇ ਸਰਕਾਰ ਨੂੰ ਦੋ ਕਾਰਨ ਲੱਗੇ। ਪਹਿਲਾ ਕਾਰਨ ਤਾਂ ਸੀ ਇਸ ਸੰਗਠਨ ਦੀ ਨਿਪੁੰਨਤਾ ਜਾਂ ਕਾਰਜ ਕੁਸ਼ਲਤਾ ਅਤੇ ਦੂਜਾ ਸੀ ਕੂਕਾ ਸੰਗਠਨ ਦੇ ਨੇਤਾ ਦੀ ਸ਼ਖਸੀਅਤ ਦਾ ਪ੍ਰਭਾਵ।

ਆਪਣੀ ਲਗਾਤਾਰ ਵਧਦੀ ਹੋਈ ਤਾਕਤ ਤੋਂ ਉਤਸ਼ਾਹਿਤ ਹੋ ਕੇ ਕੂਕਿਆਂ ਨੇ ਆਪਣੀਆਂ ਗਤੀਵਿਧੀਆਂ ਨੂੰ ਫਿਰ ਤੋਂ ਸ਼ੁਰੂ ਕੀਤਾ। ਉਨ੍ਹਾਂ ਦਾ ਗੁੱਸਾ ਖਾਸ ਤੋਰ ਤੇ ਕਬਰਾਂ, ਮਕਬਰਿਆਂ ਅਤੇ ਸਮਾਧੀਆਂ ਦੇ ਖਿਲਾਫ ਸਾਹਮਣੇ ਆਇਆ। ਉਨ੍ਹਾਂ ਨੇ ਬੜੇ ਜੋਸ਼ ਨਾਲ ਇਹਨਾਂ ਪੂਜਾ ਦੀਆਂ ਸੰਸਥਾਵਾਂ ਅਤੇ ਰੀਤੀ ਰਿਵਾਜਾਂ ਵਿਰੁੱਧ ਅਗਾਂਹਵਧੂ ਅਭਿਆਨ ਚਲਾਇਆ। ਕੁਝ ਦੇਰ ਮਗਰੋਂ ਬਾਬਾ ਰਾਮ ਸਿੰਘ ਦੇ ਕਹਿਣ ਤੇ ਉਨ੍ਹਾਂ ਨੇ ਆਪਣੇ ਇਸ ਕਾਰਜ ਨੂੰ ਇਸ ਲਈ ਬੰਦ ਕਰ ਦਿੱਤਾ ਕਿਉਂਕਿ ਇਸ ਤੇ ਉਨ੍ਹਾਂ ਨੂੰ ਆਪਣੀ ਬਦਨਾਮੀ ਦਾ ਡਰ ਸੀ। ਕੂਕਿਆਂ ਦੇ ਲਗਾਤਾਰ ਹੋ ਰਹੇ ਵਾਧੇ ਨੇ ਸਰਕਾਰ ਨੂੰ ਮਜ਼ਬੂਰ ਕੀਤਾ ਕਿ ਉਹ ਉਨ੍ਹਾਂ ਵੱਲ ਆਪਣੇ ਵਿਵਹਾਰ ਬਾਰੇ ਦੁਬਾਰਾ ਵਿਚਾਰ ਕਰੇ। ਸਰਕਾਰ ਨੇ ਇਸ ਸੰਗਠਨ ਤੋਂ ਸਾਰੀਆਂ ਰੋਕਾਂ ਵਾਪਸ ਲੈਣ ਦਾ ਫੈਸਲਾ ਕੀਤਾ। ਇਕ ਵਾਰ ਇਹ ਸਰਕਾਰ ਦੇ ਅਨੁਮਾਨ ਗਲਤ ਸਾਬਤ ਹੋਏ ਕਿਉਂਕਿ ਕੂਕਿਆਂ ਨੇ ਨਵੇਂ ਉਤਸ਼ਾਹ ਨਾਲ ਆਪਣੀਆਂ ਕਾਰਵਾਈਆਂ ਨੂੰ ਰੋਕਣ ਦੀ ਥਾਂ ਤੇ ਹੋਰ ਅੱਗੇ ਵਧਾਇਆ। ਹੁਣ ਕੂਕਿਆਂ ਨੇ ਨਾਲ ਲਗਦੀਆਂ ਰਿਆਸਤਾਂ ਦੇ ਸ਼ਾਸ਼ਕਾਂ ਨਾਲ ਸੰਬੰਧ ਕਾਇਮ ਕੀਤੇ ਅਤੇ ਕਸਾਈਆਂ ਤੇ ਕਾਤਲਾਨਾ ਹਮਲੇ ਸ਼ੁਰੂ ਕੀਤੇ। ਇਹ ਉਨ੍ਹਾਂ ਕਸਾਈਆਂ ਤੇ ਕੀਤੇ ਗਏ ਜੋ ਗਊਆਂ ਨੂੰ ਮਾਰਦੇ ਸਨ।

ਕੂਕਿਆਂ ਨੇ ਜੰਮੂ ਕਸ਼ਮੀਰ ਅਤੇ ਨੇਪਾਲ ਰਾਜਾਂ ਵੱਲ ਧਿਆਨ ਦਿੱਤਾ। ਜੰਮੂ ਅਤੇ ਕਸ਼ਮੀਰ ਵਿੱਚ ਇਕ ਨਿਯਮਿਤ ਕੂਕਾ ਸੈਨਿਕ ਟੁਕੜੀ ਸੰਗਠਿਤ ਕੀਤੀ ਗਈ, ਜਿਸ ਦੀ ਕਮਾਂਡ ਸੂਬਾ ਹੀਰਾ ਸਿੰਘ ਕੋਲ ਸੀ ਅਤੇ ਉਹ ਸਢੌਰਾ ਦਾ ਰਹਿਣ ਵਾਲਾ ਸੀ। ਇਕ ਬਹੁਤ ਹੀ ਉਚੇ ਪੱਧਰ ਤੇ ਕੂਕਾ ਮਿਸ਼ਨ ਨੇਪਾਲ ਵੀ ਭੇਜਿਆ ਗਿਆ। ਇਸ ਮਿਸ਼ਨ ਵਿੱਚ ਦੋ ਸੀਨੀਅਰ ਸੂਬੇ ਸ਼ਾਮਿਲ ਕੀਤੇ ਗਏ ਅਤੇ ਇਹਨਾਂ ਦੇ ਰਾਹੀਂ ਨੇਪਾਲ ਦੇ ਸ਼ਾਸ਼ਕ ਰਾਣਾ ਜੰਗ ਬਹਾਦਰ ਕੋਲ ਤੋਹਫੇ ਭੇਜੇ ਗਏ। ਇਸ ਮਿਸ਼ਨ ਨੇ ਇਹ ਪਤਾ ਕਰਨਾ ਸੀ ਕਿ ਕੂਕਿਆਂ ਲਈ ਗੋਰਖਾ ਸੈਨਾ ਲਈ ਭਰਤੀ ਦੀ ਕੋਈ ਆਸ ਕੀਤੀ ਜਾ ਸਕਦੀ ਹੈ ਜਾਂ ਨਹੀਂ। ਇਸ ਮਿਸ਼ਨ ਨੇ ਰਾਣਾ ਨਾਲ ਕਈ ਗੁਪਤ ਮੀਟਿੰਗਾਂ ਕੀਤੀਆਂ। ਅੰਤ ਵਿੱਚ ਰਾਣਾ ਜੰਗ ਬਹਾਦਰ ਨੇ ਕੂਕਾ ਨੇਤਾਵਾਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਬਾਬਾ ਰਾਮ ਸਿੰਘ ਲਈ ਕੀਮਤੀ ਤੋਹਫੇ ਭੇਜੇ, ਪਰ ਕੂਕਾ ਸੰਗਠਨ ਨੂੰ ਇਹਨਾਂ ਦੋਵਾਂ ਰਾਜਿਆਂ ਨਾਲ ਸੰਬੰਧ ਸਥਾਪਤ ਕਰਨ ਵਿੱਚ ਕਾਮਯਾਬੀ ਹਾਸਿਲ ਨਾ ਹੋਈ ਕਿਉਂਕਿ ਰਾਜਾਂ ਦੇ ਸ਼ਾਸ਼ਕ ਕੂਕਿਆਂ ਦੀ ਖਾਤਿਰ ਅੰਗਰੇਜਾਂ ਨਾਲ ਦੁਸ਼ਮਣੀ ਮੁੱਲ ਨਹੀਂ ਲੈਣਾ ਚਾਹੁੰਦੇ ਸਨ ਅਤੇ ਨਾ ਹੀ ਉਨ੍ਹਾਂ ਨੂੰ ਨਾਰਾਜ਼ ਕਰਨਾ ਚਾਹੁੰਦੇ ਸਨ। ਫਿਰ ਕੂਕਿਆਂ ਨੇ ਗਊ ਹੱਤਿਆਵਾਂ ਦੇ ਵਿਰੁੱਧ ਲੜਾਈ ਜਾਰੀ ਕੀਤੀ ਜੋ ਜ਼ਿਆਦਾ ਮਹੱਤਵਪੂਰਨ ਸੀ। ਕੂਕਿਆਂ ਲਈ ਇਹ ਇਕ

ਮਹੱਤਵਪੂਰਨ ਪ੍ਰਸ਼ਨ ਬਣ ਗਿਆ ਕਿ ਉਨ੍ਹਾਂ ਉੱਪਰ ਨਿਰਦਈ ਫਿਰੰਗੀ ਸ਼ਾਸ਼ਨ ਕਰਦੇ ਰਹਿਣ, ਜਿਹੜੇ ਕਿ ਉਨ੍ਹਾਂ ਦੀ ਸੰਸਕ੍ਰਿਤੀ ਨੂੰ ਨਸ਼ਟ ਕਰਨਾ ਚਾਹੁੰਦੇ ਸਨ। ਉਹ ਖਾਲਸਾ ਰਾਜ ਨੂੰ ਫਿਰ ਤੋਂ ਸਥਾਪਿਤ ਕਰਨਾ ਚਾਹੁੰਦੇ ਸਨ ਜਿਸ ਨੇ ਪੂਰੀ ਤਰ੍ਹਾਂ ਗਊ ਹੱਤਿਆ ਬੰਦ ਕਰ ਦਿੱਤੀ ਸੀ।

ਕਸਾਈਆਂ ਵਿਰੁੱਧ ਆਪਣੀ ਲੜਾਈ ਵਿੱਚ ਕੂਕਿਆਂ ਨੇ ਸਭ ਤੋਂ ਪਹਿਲਾਂ ਪਵਿੱਤਰ ਨਗਰ ਅੰਮ੍ਰਿਤਸਰ ਵਿੱਚ ਇਕ ਬੁਚੜਖਾਨੇ ਨੂੰ ਆਪਣਾ ਸ਼ਿਕਾਰ ਚੁਣਿਆਂ। ਉਨ੍ਹਾਂ ਨੇ 15 ਜੂਨ 1871 ਦੀ ਰਾਤ ਨੂੰ ਉਥੇ ਪਹਿਲਾ ਹਮਲਾ ਕੀਤਾ। ਇਹ ਹਮਲਾ ਦਸ ਆਦਮੀਆਂ ਦੇ ਜੱਥੇ ਨੇ ਰਾਤ ਦੇ 12 ਵਜੇ ਕੀਤਾ। ਚਾਰ ਕਸਾਈ ਉਥੇ ਮਾਰ ਦਿੱਤੇ ਅਤੇ ਤਿੰਨ ਬੁਰੀ ਤਰ੍ਹਾ ਜਖਮੀ ਹੋਏ। ਦੋਸ਼ੀਆਂ ਦਾ ਉਸ ਸਮੇਂ ਤੱਕ ਪਤਾ ਨਾ ਲੱਗ ਸਕਿਆ ਜੱਦ ਤੱਕ ਕਿ ਬਾਅਦ ਵਿੱਚ ਕੂਕਿਆਂ ਨੂੰ ਕਿਸੇ ਹੋਰ ਕੇਸ ਵਿੱਚ ਪਕੜ ਨਾ ਲਿਆ ਗਿਆ ਅਤੇ ਉਨ੍ਹਾਂ ਵਿਚੋ ਇਕ ਕੂਕਾ ਸਰਕਾਰੀ ਗਵਾਹ ਨਹੀਂ ਸੀ ਬਣ ਗਿਆ। ਉਸ ਨੇ ਕੂਕਿਆਂ ਦੇ ਨਾਂ ਦੱਸੇ ਜਿਹਨਾਂ ਨੇ ਅੰਮ੍ਰਿਤਸਰ ਵਿਖੇ ਕਸਾਈ ਮਾਰੇ ਸਨ। ਛੇਤੀ ਹੀ ਉਨ੍ਹਾਂ ਵਿੱਚੋਂ ਸੱਤ ਫੜ ਲਏ ਗਏ, ਪੰਜ ਨੂੰ ਫਾਂਸੀ ਲਾ ਦਿੱਤੀ ਗਈ ਅਤੇ ਦੋ ਨੂੰ ਪੂਰੇ ਜੀਵਨ ਲਈ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਅੰਮ੍ਰਿਤਸਰ ਦੀ ਘਟਨਾ ਤੋਂ ਠੀਕ ਇਕ ਮਹੀਨਾ ਬਾਅਦ ਉਸੇ ਤਰ੍ਹਾਂ ਦਾ ਇਕ ਹਮਲਾ ਲੁਧਿਆਣਾ ਜਿਲ੍ਹੇ ਵਿੱਚ ਰਾਏਕੋਟ ਦੇ ਬੁਚੜਖਾਨੇ ਤੇ ਕੀਤਾ ਗਿਆ। ਇਹ ਥਾਂ ਇਤਿਹਾਸਕ ਗੁਰਦੁਆਰੇ ਦੇ ਬਿਲਕੁਲ ਨਜ਼ਦੀਕ ਸੀ। ਇਸ ਹਮਲੇ ਵਿੱਚ ਤਿੰਨ ਕਸਾਈ ਮਾਰੇ ਗਏ ਅਤੇ 9 ਜ਼ਖਮੀ ਹੋਏ। ਮਾਰਨ ਵਾਲਿਆਂ ਦਾ ਪਿੱਛਾ ਕੀਤਾ ਗਿਆ, ਉਹ ਫੜ੍ਹ ਲਏ ਗਏ ਅਤੇ ਮੁਕੱਦਮਾ ਚਲਾਉਣ ਮਗਰੋਂ ਉਨ੍ਹਾਂ ਵਿਚੋਂ ਛੇ ਨੂੰ ਫਾਂਸੀ ਲਾ ਦਿੱਤਾ ਗਿਆ।

ਜਦੋਂ ਕੂਕਿਆਂ ਨੂੰ ਅੰਮ੍ਰਿਤਸਰ ਅਤੇ ਫਿਰ ਰਾਏਕੋਟ ਦੀਆਂ ਘਟਨਾਵਾਂ ਪਿੱਛੋਂ ਫਾਂਸੀ ਲਾਇਆ ਗਿਆ ਤਾਂ ਸਿੱਟੇ ਵਜੋਂ ਕੂਕੇ ਬਹੁਤ ਹੀ ਨਾਰਾਜ਼ ਹੋ ਗਏ। ਹੁਣ ਉਨ੍ਹਾਂ ਨੇ ਗੁਪਤ ਹਮਲੇ ਕਰਨ ਦੇ ਤਰੀਕੇ ਨੂੰ ਛੱਡਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਹੁਣ ਖੁਲਮ-ਖੁੱਲਾ ਹਮਲਾ ਤੇ ਵਿਦਰੋਹ ਕਰਨ ਦਾ ਨਿਸ਼ਚਾ ਕੀਤਾ। ਇਸ ਉਦੇਸ਼ ਲਈ ਇਕ ਸ਼ਹੀਦੀ ਜੱਥਾ ਹੀਰਾ ਸਿੰਘ ਦੀ ਅਗਵਾਈ ਵਿੱਚ ਸੰਗਠਿਤ ਕੀਤਾ ਗਿਆ। ਉਹ ਸ਼ਕਰੋਦੀ ਪਿੰਡ ਦੇ ਰਹਿਣ ਵਾਲੇ ਸਨ। ਕੂਕਿਆਂ ਦੇ ਇਸ ਜੱਥੇ ਨੇ ਮਲੋਦ ਅਤੇ ਮਲੇਰਕੋਟਲਾ ਤੇ ਹਮਲੇ ਕੀਤੇ। ਮਲੋਦ ਉਤੇ ਹਮਲਾ 13-14 ਜਨਵਰੀ 1871 ਦੀ ਰਾਤ ਨੂੰ ਕੀਤਾ ਗਿਆ। ਅਸਲ ਵਿੱਚ ਇਹ ਹਮਲਾ ਮਲੇਰਕੋਟਲਾ ਦੇ ਮੁੱਖ ਹਮਲੇ ਤੋਂ ਪਹਿਲਾਂ ਅਚਾਨਕ ਹੀ ਹੋਇਆ ਸੀ। ਇਸ ਹਮਲੇ ਪਿੱਛੇ ਕੂਕਿਆਂ ਦਾ ਇਹ ਉਦੇਸ਼ ਸੀ ਕਿ ਉਹ ਮਲੋਦ ਦੇ ਸਰਦਾਰ ਬਦਨ ਸਿੰਘ ਤੋਂ ਕੁਝ ਘੋੜੇ ਅਤੇ ਹਥਿਆਰ ਪ੍ਰਾਪਤ ਕਰ ਸਕਣ। ਉਨ੍ਹਾਂ ਨੇ ਦੂਜੇ ਦਿਨ 15 ਫਰਵਰੀ ਨੂੰ ਸਵੇਰੇ 7 ਵਜੇ ਮਲੇਰਕੋਟਲਾ ਤੇ ਧਾਵਾ ਬੋਲ ਦਿੱਤਾ। ਲਗਭਗ 125 ਕੂਕਿਆਂ ਨੇ ਮਲੇਰਕੋਟਲਾ ਸ਼ਹਿਰ ਦੀ ਦੀਵਾਰ ਦੇ ਇਕ ਹਿੱਸੇ ਨੂੰ ਤੋੜ ਦਿੱਤਾ ਅਤੇ ਉਹ ਉਥੋਂ ਦੇ ਸ਼ਾਸ਼ਕ ਦੇ ਮਹਿਲ ਵਿੱਚ ਘੁਸ ਗਏ। ਉਹ ਉਥੋਂ ਪੈਸਾ, ਹਥਿਆਰ ਅਤੇ ਘੋੜੇ ਪ੍ਰਾਪਤ ਕਰਨਾ ਚਾਹੁੰਦੇ ਸਨ, ਪਰ ਕੁਝ ਹਾਸਲ ਕਰਨ ਤੋਂ ਪਹਿਲਾਂ ਹੀ ਪੁਲਿਸ ਅਤੇ ਸੈਨਿਕਾਂ ਦਾ ਇਕ ਜੱਥਾ ਉੱਥੇ ਆ ਪੁੱਜਿਆ ਅਤੇ ਲੜਾਈ ਲੜੀ ਗਈ, ਦੋਵਾਂ ਧਿਰਾਂ ਦਾ ਨੁਕਸਾਨ ਹੋਇਆ। ਮਲੇਰਕੋਟਲਾ ਦੀ ਤਰਫੋਂ 8 ਆਦਮੀ ਮਾਰੇ ਗਏ, 2 ਗੰਭੀਰ ਰੂਪ ਵਿੱਖ ਜਖਮੀ ਹੋਏ, ਜਦ ਕਿ ਕੂਕਿਆਂ ਦੀ ਤਰਫੋਂ 7 ਮਾਰੇ ਗਏ, 1 ਗੰਭੀਰ ਰੂਪ ਵਿੱਚ ਜ਼ਖਮੀ ਹੋਇਆ। ਲੜਾਈ ਪਿੱਛੋਂ ਕੂਕੇ ਪਿੰਡ ਰੜ੍ਹ ਵੱਲ ਚਲੇ ਗਏ ਜਦੋਂ ਉਹ ਆਰਾਮ ਕਰ ਰਹੇ ਸਨ ਤਾਂ ਅਚਾਨਕ ਹੀ ਉਨ੍ਹਾਂ ਤੇ ਧਾਵਾ ਬੋਲ ਦਿੱਤਾ ਗਿਆ ਅਤੇ 68 ਕੂਕੇ ਫੜ੍ਹ ਲਏ ਗਏ। ਸਾਰੇ ਕੂਕਿਆਂ ਨੂੰ, 2 ਔਰਤਾਂ ਨੂੰ ਛੱਡ ਕੇ ਪਟਿਆਲਾ ਸੈਨਿਕਾਂ ਦੇ ਕਮਾਂਡੈਂਟ ਦੇ ਹਵਾਲੇ ਕਰ ਦਿੱਤਾ ਗਿਆ। ਉਨ੍ਹਾਂ ਨੂੰ ਮਲੇਰਕੋਟਲਾ ਲਿਜਾਇਆ ਗਿਆ ਅਤੇ 2 ਗਰੁੱਪ ਵਿੱਚ ਵੰਡ ਕੇ ਉਨ੍ਹਾਂ ਨੂੰ ਮਾਰ ਦਿੱਤਾ ਗਿਆ। ਉਨ੍ਹਾਂ ਵਿਚੋਂ 65 ਗੋਲੀਆਂ ਨਾਲ ਉਡਾ ਦਿੱਤੇ ਅਤੇ ਇਕ ਨੂੰ ਟੁਕੜੇ-ਟੁਕੜੇ ਕਰ ਦਿੱਤਾ।

**1.2.5 ਕੂਕਿਆਂ ਵਿਰੁਧ ਸਰਕਾਰ ਦੀ ਕਾਰਵਾਈ:** ਕੂਕਿਆਂ ਨੇ ਮਲੇਰਕੋਟਲਾ ਨੂੰ ਸਭ ਤੋਂ ਪਹਿਲਾਂ ਆਪਣਾ ਨਿਸ਼ਾਨਾ ਬਣਾਇਆ ਕਿਉਂਕਿ ਉਸ ਸਮੇਂ ਉਹ ਰਿਆਸਤ ਕਮਜ਼ੋਰ ਅਤੇ ਭੈੜੇ ਸ਼ਾਸ਼ਨ ਲਈ ਜਾਣੀ ਜਾਂਦੀ ਸੀ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਥੋਂ ਬਿਨ੍ਹਾਂ ਕਿਸੇ ਕਠਿਨਾਈ ਦੇ ਹਥਿਆਰ ਅਤੇ ਘੋੜੇ ਪ੍ਰਾਪਤ ਹੋ ਜਾਣਗੇ। ਸਰਕਾਰ ਨੂੰ ਇਹ ਪੂਰੀ ਖਬਰ ਸੀ ਕਿ ਜੇਕਰ ਕੂਕਿਆਂ ਨੂੰ ਮਲੇਰਕੋਟਲਾ ਵਿੱਚ ਕਾਮਯਾਬੀ ਇਕ ਵਾਰ ਮਿਲ ਜਾਂਦੀ ਤਾਂ ਉਸ ਪਿਛੋਂ ਉਹ ਨਾਭਾ, ਜੀਂਦ ਅਤੇ ਪਟਿਆਲਾ ਤੇ ਧਾਵਾ ਬੋਲਦੇ ਅਤੇ ਇਸ ਤਰ੍ਹਾਂ ਚਾਰੇ ਪਾਸੇ ਕੂਕਿਆਂ ਦੀ ਬਗਾਵਤ ਉਠ ਖੜ੍ਹੋਂਦੀ।

ਮਲੇਰਕੋਟਲਾ ਵਿਚ ਕੂਕਿਆਂ ਨੂੰ ਮੌਤ ਦੇ ਘਾਟ ਉਤਾਰਨ ਨਾਲ ਇਸ ਸੰਗਠਨ ਦੀਆਂ ਯੋਜਨਾਵਾਂ ਅਧੂਰੀਆਂ ਰਹਿ ਗਈਆਂ ਕਿਉਕਿ ਬਾਬਾ ਰਾਮ ਸਿੰਘ ਅਤੇ ਉਸ ਦੇ ਸਾਰੇ ਸੂਬਿਆਂ ਨੂੰ ਫੌਰੀ ਫੜ੍ਹ ਲਿਆ ਗਿਆ। ਕਾਨੂੰਨੀ ਤੌਰ ਤੇ ਉਨ੍ਹਾਂ ਵਿਰੁੱਧ ਕੁਝ ਵੀ ਸਾਬਤ ਨਹੀਂ ਸੀ ਕੀਤਾ ਜਾ ਸਕਦਾ। ਸਰਕਾਰ ਨੂੰ ਇਹ ਵੀ ਡਰ ਸੀ ਕਿ ਜੇਕਰ ਉਨ੍ਹਾ ਦੇ ਵਿਰੁੱਧ ਮੁਕੱਦਮਾ ਚਲਾਉਣ ਵਿੱਚ ਅਸਫਲਤਾ ਮਿਲੀ ਤਾਂ ਲੋਕਾਂ ਵਿੱਚ ਸ਼ਾਂਤੀ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਉਨ੍ਹਾਂ ਨੂੰ ਕਾਮਯਾਬੀ ਨਹੀਂ ਮਿਲਣੀ। ਇਹ ਗੱਲ ਸੂਬਿਆਂ ਤੇ ਮੁਕੱਦਮਿਆਂ ਦੇ ਸੰਬੰਧ ਵਿੱਚ ਸਰਕਾਰ ਨੇ ਮਹਿਸੂਸ ਕੀਤੀ। ਇਹਨਾਂ ਸੂਬਿਆਂ ਨੂੰ ਕਾਫੀ ਲੰਮੀਆਂ ਸਜ਼ਾਵਾਂ ਦਿੱਤੀਆਂ ਗਈਆਂ ਅਤੇ ਕਈ ਕੇਸਾਂ ਵਿੱਚ ਤਾਂ ਬਿਨਾਂ ਮੁਕੱਦਮੇ ਦੇ ਹੀ ਉਨ੍ਹਾਂ ਨੂੰ ਦੇਸ਼ ਤੋਂ ਬਾਹਰ

ਭੇਜ ਦਿੱਤਾ ਗਿਆ। ਕੂਕਿਆਂ ਦੇ ਹੈੱਡ ਕੁਆਟਰ ਭੈਣੀ ਸਾਹਿਬ ਨੂੰ ਚਾਰੋਂ ਤਰਫੋਂ ਪੁਲਿਸ ਰਾਹੀਂ ਘੇਰਾ ਪਾ ਲਿਆ ਗਿਆ ਅਤੇ ਹਥਿਆਰਾਂ ਤੇ ਰਿਕਾਰਡ ਪ੍ਰਾਪਤ ਕਰਨ ਲਈ ਚੰਗੀ ਤਰ੍ਹਾਂ ਤਲਾਸ਼ੀਆਂ ਲਈਆਂ ਗਈਆਂ। ਸਥਾਨਕ ਗੁਰਦੁਆਰੇ ਨੂੰ ਤਾਲਾ ਲਾ ਦਿੱਤਾ ਗਿਆ। ਗੁਰਦੁਆਰੇ ਵਿੱਚ ਮਿਲੇ ਸਾਰੇ ਆਦਮੀਆਂ ਨੂੰ ਉਥੋਂ ਭਜਾ ਦਿੱਤਾ ਗਿਆ। ਉਥੇ ਇਕ ਸਥਾਈ ਚੌਕੀ ਬਣਾ ਦਿੱਤੀ ਗਈ ਜਿਸ ਵਿੱਚ 21 ਸਿਪਾਹੀ ਅਤੇ ਇਕ ਸਬ ਇਨਸਪੈਕਟਰ ਸੀ। ਉਨ੍ਹਾਂ ਨੇ ਬਾਬਾ ਰਾਮ ਸਿੰਘ ਦੇ ਪਰਿਵਾਰ ਦੇ ਮੈਂਬਰਾਂ ਤੇ ਸਖਤ ਨਿਗਰਾਨੀ ਰੱਖਣੀ ਸੀ। ਇਹ ਪੁਲਿਸ ਚੌਕੀ 1922 ਤੱਕ ਬਣੀ ਰਹੀ। ਇਸੇ ਤਰ੍ਹਾਂ ਕੂਕਾ ਸੰਗਠਨ ਤੇ ਵੀ ਸਖਤ ਨਿਗਰਾਨੀ ਸਰਕਾਰ ਰਾਹੀਂ ਰੱਖੀ ਗਈ ਅਤੇ ਸਮੇਂ-ਸਮੇਂ ਤੇ ਇਸ ਦੀਆਂ ਗਤੀਵਿਧੀਆਂ ਦੀ ਰਿਪੋਰਟ ਪ੍ਰਾਪਤ ਕੀਤੀ ਜਾਂਦੀ ਰਹੀ। ਸਥਾਨਕ ਸਰਕਾਰੀ ਅਫਸਰਾਂ, ਜੈਲਦਾਰਾਂ ਅਤੇ ਨੰਬਰਦਾਰਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਸਾਰੇ ਕੂਕਿਆਂ ਨੂੰ ਆਪਣੇ-2 ਇਲਾਕੇ ਵਿੱਚ ਖਿੱਚ ਕੇ ਰੱਖਣ ਅਤੇ ਉਨ੍ਹਾਂ ਦੇ ਕਾਰਨਾਮਿਆਂ ਬਾਰੇ ਸਰਕਾਰ ਕੋਲ ਰਿਪੋਰਟ ਭੇਜਣ। ਇਸ ਤਰ੍ਹਾਂ ਨਾ ਕਰਨ ਤੇ ਉਨ੍ਹਾਂ ਨੂੰ ਉਨ੍ਹਾ ਦੇ ਅਹੁਦਿਆ ਤੋਂ ਹਟਾਇਆ ਜਾ ਸਕਦਾ ਸੀ। 5 ਕੂਕਿਆਂ ਦੇ ਇਕੱਠੇ ਹੋਣ ਤੇ ਰੋਕ ਲਾ ਦਿੱਤੀ ਗਈ। ਹੁਣ ਕੁਹਾੜੀ ਅਤੇ ਹੋਰ ਹਥਿਆਰ ਪਬਲਿਕ ਥਾਵਾਂ ਤੇ ਲੈ ਕੇ ਜਾਣ ਦੀ ਵੀ ਕੂਕਿਆਂ ਨੂੰ ਮਨਾਹੀ ਕਰ ਦਿੱਤੀ। ਕੂਕਿਆਂ ਵਿਰੁੱਧ ਕਦਮ ਚੁੱਕਣ ਵਿੱਚ ਪਟਿਆਲਾ, ਨਾਭਾ ਤੇ ਮਲੇਰਕੋਟਲਾ ਦੇ ਰਾਜੇ ਵੀ ਪੰਜਾਬ ਸਰਕਾਰ ਤੋਂ ਪਿਛੇ ਨਹੀਂ ਸਨ।

ਇਨ੍ਹਾਂ ਸਖਤ ਨੀਤੀਆਂ ਅਤੇ ਕੁਚਲਣ ਵਾਲੇ ਹਥ-ਕੰਡਿਆਂ ਦੇ ਬਾਵਜੂਦ ਵੀ ਕੂਕਾ ਲਹਿਰ ਦਾ ਆਮ ਲੋਕਾਂ ਦੀ ਨਜ਼ਰ ਵਿੱਚ ਮਹੱਤਵ ਘੱਟ ਨਹੀਂ ਸੀ ਹੋਇਆ।ਬਾਬਾ ਰਾਮ ਸਿੰਘ ਨੂੰ ਰੰਗੂਨ ਭੇਜਣ ਮਗਰੋਂ ਨੇਤਾ ਦੀ ਥਾਂ ਉਨ੍ਹਾਂ ਦੇ ਛੋਟੇ ਭਰਾ ਬੁਧ ਸਿੰਘ ਨੇ ਲੈ ਲਈ ਅਤੇ ਉਸ ਨੇ ਹਰੀ ਸਿੰਘ ਦੇ ਨਾਂ ਤੇ ਕੂਕਾ ਸੰਗਠਨ ਦੀ ਅਗਵਾਈ ਕੀਤੀ। ਨਵੇਂ ਸੂਬੇ ਨਿਯੁਕਤ ਕੀਤੇ ਗਏ, ਜਿਨ੍ਹਾਂ ਨੇ ਬੰਦੀ ਬਣਾਏ ਗਏ ਸੂਬਿਆਂ ਦੇ ਅੱਧ ਵਿੱਚ ਛੱਡੇ ਕੰਮ ਨੂੰ ਪੂਰਾ ਕਰਨਾ ਸੀ। ਭਾਵੇਂ ਬਾਬਾ ਰਾਮ ਸਿੰਘ ਨੂੰ ਰੰਗੂਨ ਭੇਜ ਦਿੱਤਾ ਗਿਆ ਸੀ ਪਰ ਉਨ੍ਹਾਂ ਦੇ ਸੰਬੰਧ ਕੂਕਿਆਂ ਨਾਲ ਖਤਮ ਨਹੀਂ ਹੋਏ। ਉਨ੍ਹਾਂ ਨੇ ਨਿਯਮਤ ਰੂਪ ਵਿੱਚ ਆਪਦੇ ਵਫਾਦਾਰ ਸਾਥੀਆਂ ਤੇ ਦੂਤਾਂ ਰਾਹੀਂ ਕੂਕਾ ਸੰਗਠਨ ਨਾਲ ਸੰਬੰਧ ਜੋੜੀ ਰੱਖਿਆ, ਇਸ ਨਾਲ ਕੂਕਿਆਂ ਦਾ ਉਤਸ਼ਾਹ ਵਧਦਾ ਰਿਹਾ। ਇਸ ਸਮੇਂ ਇਕ ਭਵਿੱਖਬਾਣੀ ਇਹ ਹੋਈ ਕਿ ਛੇਤੀ ਹੀ ਭਾਰਤ ਵਿੱਚ ਵਿਦੇਸ਼ੀ ਸ਼ਾਸਨ ਖਤਮ ਹੋ ਜਾਵੇਗਾ, ਇਸ ਦੇ ਨਾਲ ਵੀ ਕੂਕਿਆਂ ਨੂੰ ਉਤਸ਼ਾਹ ਮਿਲਿਆ। ਇਸ ਸਮੇਂ ਸੈਂਟਰਲ ਏਸ਼ੀਆ ਵਿੱਚ ਰੂਸੀ ਸੱਤਾ ਧਾਰੀਆਂ ਨਾਲ ਗੱਲਬਾਤ ਨਾਲ ਵੀ ਕੂਕਿਆਂ ਨੂੰ ਤਾਕਤ ਮਿਲੀ ਅਤੇ ਉਨ੍ਹਾਂ ਦੀਆਂ ਆਸਾਂ ਹੋਰ ਵਧੀਆਂ। ਕੂਕਾ ਲੀਡਰਸ਼ਿਪ ਨੇ ਸੂਬਾ ਗੁਰਚਰਨ ਸਿੰਘ ਦੀਆਂ ਇਸ ਸੰਬੰਧ ਵਿੱਚ ਸੇਵਾਵਾਂ ਪ੍ਰਾਪਤ ਕੀਤੀਆਂ ਸਨ, ਉਹ ਰੂਸੀ ਮਦਦ ਪ੍ਰਾਪਤ ਕਰਨ ਲਈ ਸਰਹੱਦ ਤੋਂ ਪਾਰ ਹੋ ਆਇਆ ਸੀ।

1879 ਸ਼ੁਰੂ ਹੋਣ ਵਾਲਾ ਦਹਾਕਾ ਕੂਕਿਆਂ ਲਈ ਬਹੁਤ ਜ਼ਿਆਦਾ ਆਸ ਅਤੇ ਉਮੀਦਾਂ ਦਾ ਸਮਾਂ ਸੀ। 1882 ਤੋਂ 1885 ਤੱਕ ਦੇ ਸਮੇਂ ਦੌਰਾਨ ਸਭ ਕੂਕਿਆਂ ਦੀਆਂ ਅੱਖਾਂ ਰੂਸ ਤੇ ਲੱਗੀਆਂ ਰਹੀਆਂ ਜਾਂ ਫਿਰ ਸੂਬਾ ਬਿਸ਼ਨ ਸਿੰਘ ਦੇ ਕੰਮਾਂ ਤੇ ਲੱਗੀਆਂ ਰਹੀਆਂ। ਜੋਸ਼ ਵਿੱਚ ਕੂਕਿਆਂ ਨੇ ਆਪਣੇ ਗੁਰੂ ਰਾਮ ਸਿੰਘ ਦੀ ਮੌਤ ਦੀ ਖਬਰ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਜਦੋਂ ਕਿ ਉਨ੍ਹਾਂ ਦੀ ਮੌਤ ਬਰਮਾ ਵਿਚ 1885 ਵਿੱਚ ਹੋਈ। 1886 ਵਿਚ ਮਹਾਰਾਜਾ ਦਲੀਪ ਸਿੰਘ ਨੇ ਭਾਰਤ ਆਉਣ ਦਾ ਫੈਸਲਾ ਕੀਤਾ। ਇਸ ਤੇ ਕੂਕੇ ਬਹੁਤ ਖੁਸ਼ ਹੋਏ ਅਤੇ ਚਾਰ ਕੂਕਿਆਂ ਦਾ ਜੱਥਾ ਮਹਾਰਾਜਾ ਦਲੀਪ ਸਿੰਘ ਦੇ ਸੁਆਗਤ ਲਈ ਬੰਬਈ ਰਵਾਨਾ ਹੋ ਗਿਆ। ਜਦੋਂ ਮਹਾਰਾਜੇ ਨੂੰ ਅੰਗਰੇਜ਼ਾਂ ਨੇ ਭਾਰਤ ਆਉਣ ਤੋਂ ਰੋਕ ਦਿਤਾ ਉਹ ਚੁਪਕੇ ਚੁਪਕੇ ਮਾਸਕੋ ਚਲਾ ਗਿਆ। ਇਸ ਖਬਰ ਨਾਲ ਕੂਕਿਆਂ ਦੀਆਂ ਆਸਾਂ ਬਹੁਤ ਵਧ ਗਈਆਂ। ਬਹੁਤ ਹੀ ਉਤਸ਼ਾਹ ਵਿੱਚ ਆ ਕੇ ਉਨ੍ਹਾਂ ਨੇ ਇਕ ਪਾਰਟੀ ਇਰਾਨ ਦੇ ਰਸਤੇ ਤੋਂ ਰੂਸ ਭੇਜ ਦਿੱਤੀ। ਪਰ ਜਦੋਂ ਉਹ ਪਾਰਟੀ ਮਸ਼ਾਦ ਤੋਂ ਲੰਘ ਰਹੀ ਸੀ ਤਾਂ ਅੰਗਰੇਜ਼ਾਂ ਨੇ ਉਸ ਦੀ ਸੂਹ ਲਗਾ ਲਈ। ਜਦੋਂ 1889 ਵਿੱਚ ਮਹਾਰਾਜਾ ਰੂਸ ਤੋਂ ਵਾਪਸ ਚਲਾ ਗਿਆ ਤਾਂ ਇਸ ਦਾ ਕੂਕਿਆਂ ਤੇ ਬੁਰਾ ਅਸਰ ਪਿਆ ਤੇ ਉਨ੍ਹਾਂ ਦਾ ਜੋਸ਼ ਠੰਡਾ ਪੈ ਗਿਆ। ਹੁਣ ਸਰਕਾਰ ਪ੍ਰਤੀ ਉਨ੍ਹਾਂ ਦੇ ਵਿਵਹਾਰ ਵਿੱਚ ਤਬਦੀਲੀ ਆਈ। ਉਨ੍ਹੀਵੀਂ ਸਦੀ ਦੇ ਅੰਤ ਵਿੱਚ ਇਹ ਰਿਪੋਰਟਾਂ ਮਿਲੀਆਂ ਕਿ ਕੂਕਿਆਂ ਵਿੱਚ ਫਿਰ ਤੋਂ ਜੋਸ਼ ਪੈਦਾ ਹੋ ਗਿਆ ਹੈ, ਪਰ ਇਹ ਜ਼ਿਆਦਾ ਚਿਰ ਨਹੀਂ ਰਿਹਾ। 20ਵੀਂ ਸਦੀ ਦੀ ਆਜ਼ਾਦੀ ਦੀ ਲੜਾਈ ਦੇ ਭਵਿੱਖ ਤੇ ਇਸਨੇ ਬਹੁਤ ਹੀ ਡੂੰਘਾ ਅਸਰ ਪਾਇਆ। ਅਦਾਲਤਾਂ, ਨੌਕਰੀਆਂ, ਡਾਕ ਅਤੇ ਤਾਰ ਵਿਵਸਥਾ ਅਤੇ ਸਰਕਾਰੀ ਨੌਕਰੀ ਦੇ ਬਾਈਕਾਟ ਕਰਨ ਵਿੱਚ ਕੂਕਾ ਲਹਿਰ ਨੂੰ ਰਸਤਾ ਦਿਖਾਉਣ ਵਾਲੀ ਸਮਝਿਆ ਗਿਆ ਅਤੇ ਬਾਅਦ ਵਿੱਚ ਰਾਸ਼ਟਰੀ ਨੇਤਾਵਾਂ ਨੇ ਬਹੁਤ ਵੱਡੇ ਪੱਧਰ ਤੇ ਅਪਣਾਇਆ। ਪੰਜਾਬ ਵਿੱਚ ਖਾਸ ਤੌਰ ਤੇ ਗਦਰ ਲਹਿਰ ਨੇ, ਕੂਕਾ ਲਹਿਰ ਲਈ ਆਪਣੇ ਆਪ ਨੂੰ ਰਿਣੀ ਮੰਨਿਆ, ਕਿਉਂਕਿ ਗਦਰੀਆਂ ਨੂੰ ਇਸ ਲਹਿਰ ਤੋਂ ਬਗਾਵਤ ਕਰਨ ਲਈ ਸੇਧ ਪ੍ਰਾਪਤ ਹੋਈ ਸੀ।

**1.2.6 ਕੂਕਾ ਲਹਿਰ ਦੇ ਪ੍ਰਭਾਵ:** ਆਪਣੀਆਂ ਸੀਮਾਵਾਂ ਦੇ ਬਾਵਜੂਦ ਵੀ ਇਸ ਲਹਿਰ ਨੇ ਸਿੱਖਾਂ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਤੇ ਡੂੰਘੇ ਅਸਰ ਛੱਡੇ। ਇਸ ਨੇ ਸਿੰਘ ਸਭਾ ਲਹਿਰ ਲਈ ਰਸਤਾ ਤਿਆਰ ਕੀਤਾ। ਸਿੰਘ ਸਭਾ ਲਹਿਰ ਨੇ ਕੂਕਿਆਂ ਰਾਹੀਂ ਸ਼ੁਰੂ ਕੀਤੇ ਕੰਮਾਂ ਨੂੰ ਅੱਗੇ ਵਧਾਇਆ ਪਰ ਸਰਕਾਰ ਨਾਲ ਸਿੱਧਾ ਝਗੜਾ ਮੁੱਲ ਨਾ ਲਿਆ ਗਿਆ।

ਕਈ ਦਹਾਕਿਆਂ ਦੇ ਸਮੇਂ ਦੌਰਾਨ ਨਵੀਆਂ ਤਬਦੀਲੀਆਂ ਨੇ ਕੂਕਾ ਲਹਿਰ ਵਿੱਚ ਤਬਦੀਲੀਆਂ ਲਿਆ ਦਿੱਤੀਆਂ। ਸਭ ਤੋਂ ਵੱਡੀ ਤਬਦੀਲੀ ਇਹ ਆਈ ਕਿ ਕੂਕਾ ਦੀ ਥਾਂ ਤੇ ਨਵਾਂ ਨਾਂ ਨਾਮਧਾਰੀ ਪਿਆ ਅਤੇ ਅੱਜ ਕਲ ਇਸ ਨਾਂ ਤੋਂ ਇਹ ਮੱਤ ਜਾਣਿਆ ਜਾਂਦਾ ਹੈ। ਦੂਜੀ ਤਬਦੀਲੀ ਇਹ ਆਈ ਕਿ ਪਹਿਲਾਂ ਇਹ ਸੁਧਾਰਵਾਦੀ ਸਿੱਖਾਂ ਦਾ ਗਰੁੱਪ ਸੀ ਅਤੇ ਹੁਣ ਇਹ ਹੋਲੀ-ਹੌਲੀ ਇਕ ਵੱਖਰੇ ਰੂਪ ਵਿੱਚ ਸਿੱਖ ਸਮਾਜ ਵਿਚੋਂ ਵੱਖਰਾ ਹੋ ਗਿਆ ਹੈ ਤੇ ਇਸ ਮੱਤ ਦੇ ਆਪਣੇ ਨਿੱਜੀ ਗੁਰੂ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸਿੱਖ ਗੁਰੂਆਂ ਦੀ ਲੜੀ ਗੁਰੂ ਗੋਬਿੰਦ ਸਿੰਘ ਦੇ ਨਾਲ ਖਤਮ ਨਹੀਂ ਹੋਈ ਸੀ ਬਲਕਿ ਇਹ ਇਕ ਲਗਾਤਾਰ ਪ੍ਰਕਿਰਿਆ ਹੈ। ਨਾਮਧਾਰੀਆਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦੀ ਤਰ੍ਹਾਂ ਗੁਰੂ ਨਹੀਂ ਮੰਨਿਆਂ। ਉਨ੍ਹਾਂ ਦੇ ਇਸ ਵਿਸ਼ਵਾਸ ਨੇ ਵੀ ਨਾਮਧਾਰੀਆਂ ਨੂੰ ਮੁੱਖ ਸਿੱਖ ਸਮਾਜ ਤੋਂ ਅਲੱਗ ਰੱਖਿਆ।

ਅੱਜ ਕਲ੍ਹ ਨਾਮਧਾਰੀ ਬਹੁਤ ਹੀ ਸੰਗਠਿਤ ਭਾਈਚਾਰਾ ਹੈ ਅਤੇ ਬਾਬਾ ਜਗਜੀਤ ਸਿੰਘ ਇਨ੍ਹਾਂ ਦੇ ਗੁਰੂ ਹਨ। ਉਨ੍ਹਾਂ ਨੇ ਆਪਣੇ ਪਿਤਾ ਮਗਰੋਂ ਇਸ ਜ਼ਿਮੇਂਵਾਰੀ ਦੇ ਪਦ ਨੂੰ ਸੰਭਾਲਿਆ। ਉਹਨਾਂ ਦੇ ਪਿਤਾ ਬਾਬਾ ਪ੍ਰਤਾਪ ਸਿੰਘ ਦਾ ਚਲਾਣਾ 1961 ਵਿਚ ਹੋਇਆ ਸੀ। ਬਾਬਾ ਪ੍ਰਤਾਪ ਸਿੰਘ ਨੂੰ ਇਹ ਗੱਦੀ ਬਾਬਾ ਹਰੀ ਸਿੰਘ ਤੋਂ ਵਿਰਾਸਤ ਵਿਚ ਮਿਲੀ ਸੀ ਅਤੇ ਹਰੀ ਸਿੰਘ, ਬਾਬਾ ਰਾਮ ਸਿੰਘ ਦੇ ਛੋਟੇ ਭਰਾ ਅਤੇ ਉਤਰਾਧਿਕਾਰੀ ਸਨ। ਇਸ ਭਾਈਚਾਰੇ ਦੀ ਕੁਲ ਸੰਖਿਆ ਤੇ ਤਾਕਤ ਬਾਰੇ ਪੂਰੀ ਤਰ੍ਹਾਂ ਪਤਾ ਨਹੀਂ ਚਲਦਾ ਪਰ ਨਾਮਧਾਰੀਆਂ ਦੇ ਕਹਿਣ ਅਨੁਸਾਰ ਉਹਨਾਂ ਦੀ ਸੰਖਿਆ ਪੰਜ ਤੋਂ ਦਸ ਲੱਖ ਹੈ। ਉਹਨਾਂ ਵਿੱਚ ਜ਼ਿਆਦਾਤਰ ਜੱਟ, ਰਾਮਗੜ੍ਹੀਏ, ਅਰੋੜੇ ਅਤੇ ਮਜ਼੍ਹਬੀ ਸਿੱਖ ਹਨ। ਉਹ ਜ਼ਿਆਦਾਤਰ ਹਿਸਾਰ, ਅੰਮ੍ਰਿਤਸਰ ਅਤੇ ਲੁਧਿਆਣੇ ਜਿਲ੍ਹੇ ਨਾਲ ਸੰਬੰਧ ਰੱਖਦੇ ਹਨ। ਉਹਨਾਂ ਦੇ ਆਪਣੇ ਗੁਰਦੁਆਰੇ ਹਨ ਅਤੇ ਬਹੁਤ ਹੀ ਘੱਟ ਮੌਕਿਆਂ ਤੇ ਉਹ ਸਿੱਖਾਂ ਦੇ ਧਾਰਮਿਕ ਸਮਾਗਮਾਂ ਵਿੱਚ ਭਾਗ ਲੈਂਦੇ ਹਨ। ਉਹ ਹੋਰ ਸਿੱਖਾਂ ਨਾਲ ਸ਼ਾਦੀ ਵੀ ਨਹੀਂ ਕਰਦੇ ਜਦੋ ਤਕ ਕਿ ਦੂਜੀ ਪਾਰਟੀ ਉਨ੍ਹਾਂ ਦੇ ਧਾਰਮਿਕ ਸੰਗਠਨ ਵਿੱਚ ਨਹੀਂ ਆ ਜਾਂਦੀ। ਪਰ ਉਹ ਪੂਰੀ ਤੋਰ ਤੇ ਦਸ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦਾ ਪਾਲਣ ਕਰਦੇ ਹਨ, ਭਾਵੇਂ ਉਹਨਾਂ ਦੀ ਅਰਦਾਸ ਵਿੱਚ ਦਸ ਦੀ ਥਾਂ ਪੰਦਰਾਂ ਗੁਰੂਆਂ ਦੇ ਨਾਂ ਹਨ। ਪੰਜ ਨਾਂ ਉਹਨਾਂ ਦੇ ਆਪਣੇ ਗੁਰੂਆਂ ਦੇ ਸ਼ਾਮਲ ਹਨ – ਬਾਬਾ ਬਾਲਕ ਸਿੰਘ ਤੋਂ ਬਾਬਾ ਜਗਜੀਤ ਸਿੰਘ ਤਕ। ਆਮ ਤੌਰ ਤੇ ਉਹ ਆਪਣੇ ਗੁਰੂਆਂ ਲਈ ਸਤਿਗੁਰੂ ਸ਼ਬਦ ਦਾ ਇਸਤੇਮਾਲ ਕਰਦੇ ਹਨ। ਉਹਨਾਂ ਦੀਆਂ ਧਾਰਮਿਕ ਥਾਵਾਂ ਠਾਠ ਬਾਠ ਵਾਲੀਆਂ ਨਹੀਂ ਹਨ। ਉਹ ਸਾਧਾਰਨ ਜੀਵਨ ਬਿਤਾਉਂਦੇ ਹਨ, ਸਾਧਾਰਣ ਕੱਪੜੇ ਪਾਉਂਦੇ ਹਨ ਅਤੇ ਸਧਾਰਣ ਨਿਯਮਾਂ ਅਨੁਸਾਰ ਨਿਯਮਿਤ ਜੀਵਨ ਬਿਤਾਉਂਦੇ ਹਨ। ਆਪਣੇ ਗੁਰਦੁਆਰਿਆਂ ਵਿੱਚ ਧਾਰਮਿਕ ਸੇਵਾ ਕਰਨ ਵਿੱਚ ਉਹ ਦਿਲਚਸਪੀ ਰੱਖਦੇ ਹਨ। ਉਹ ਖਾਣ ਪੀਣ ਦੇ ਸੰਬੰਧ ਵਿੱਚ ਵੀ ਵਿਸ਼ੇਸ਼ ਧਿਆਨ ਦਿੰਦੇ ਹਨ ਖਾਸ ਤੋਰ ਤੇ ਉਹ ਮਾਸ ਨਹੀਂ ਖਾਂਦੇ ਅਤੇ ਨਸ਼ਾ ਨਹੀਂ ਕਰਦੇ। ਨਾਮਧਾਰੀਆਂ, ਵਿੱਚ ਸ਼ਾਦੀ ਵਿਆਹ ਤੇ ਕੋਈ ਖਰਚ ਨਹੀਂ ਕੀਤਾ ਜਾਂਦਾ। ਆਮ ਤੌਰ ਤੇ ਸ਼ਾਦੀ ਸਰਲ ਢੰਗ ਨਾਲ ਅਤੇ ਖਾਸ ਮੌਕਿਆਂ ਤੇ ਜਿਸ ਤਰ੍ਹਾਂ ਹੋਲਾ ਮਹੱਲਾ ਆਦਿ ਤੇ ਗਰੁੱਪ ਵਿੱਚ ਕੀਤੀ ਜਾਂਦੀ ਹੈ। ਨਾਮਧਾਰੀ ਸਮੁਦਾਇ ਦਾ ਇਹ ਵਿਚਾਰ ਬਣਿਆ ਹੋਇਆ ਹੈ ਕਿ ਉਹਨਾਂ ਦੇ ਗੁਰੂ ਬਾਬਾ ਰਾਮ ਸਿੰਘ ਹੁਣ ਵੀ ਜ਼ਿੰਦਾ ਹਨ। ਅੱਜ ਕਲ੍ਹ ਲੁਧਿਆਣਾਂ ਜਿਲ੍ਹੇ ਵਿੱਚ ਭੈਣੀ ਸਾਹਿਬ ਅਤੇ ਹਿਸਾਰ ਜਿਲ੍ਹੇ ਵਿੱਚ ਜੀਵਨ ਨਗਰ ਨਾਮਧਾਰੀਆਂ ਦੇ ਦੋ ਮੁੱਖ ਕੇਂਦਰ ਹਨ।

**1.2.7 ਸਾਰ**

ਇਸ ਤਰ੍ਹਾਂ ਨਾਮਧਾਰੀ ਲਹਿਰ ਜਿਸ ਨੂੰ ਬਾਬਾ ਰਾਮ ਸਿੰਘ ਨੇ ਸਥਾਪਿਤ ਕੀਤਾ ਸੀ, ਨੇ ਬ੍ਰਿਟਿਸ਼ ਪੰਜਾਬ ਵਿਚ ਇਕ ਬਹੁਤ ਹੀ ਤਾਕਤਵਰ ਅੰਦੋਲਨ ਚਲਾਇਆ ਨਾਮਧਾਰੀਆਂ ਨੇ ਅੰਗਰੇਜ਼ੀ ਸਰਕਾਰ ਵਲੋਂ ਚਲਾਏ ਬੁਚੜਖਾਨਿਆਂ, ਜਿਨ੍ਹਾਂ ਵਿਚ ਗਊਆਂ ਦੀ ਵੱਡੇ ਪੱਧਰ ਤੇ ਹੱਤਿਆ ਕੀਤੀ ਜਾਂਦੀ ਸੀ ਦਾ ਡਟਵਾ ਵਿਰੋਧ ਕੀਤਾ ਸੀ ਉਨ੍ਹਾਂ ਨੇ ਆਪਣੀਆਂ ਕਾਰਵਾਈਆਂ ਦੌਰਾਨ ਗ੍ਰਿਫਤਾਰੀਆਂ ਵੀ ਦਿੱਤੀਆਂ ਅਤੇ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ ਸਨ

**1.2.8 ਅਭਿਆਸ ਲਈ ਪ੍ਰਸ਼ਨ:**

1. ਨਾਮਧਾਰੀ ਲਹਿਰ ਦੇ ਆਰੰਭ ਅਤੇ ਵਿਕਾਸ ਬਾਰੇ ਨੋਟ ਲਿਖੋ

2. ਨਾਮਧਾਰੀ ਲਹਿਰ ਦੇ ਪੈਰੋਕਾਰਾਂ ਵਲੋਂ ਕੀਤੀਆਂ ਗਈਆ ਗਤੀਵਿਧੀਆਂ ਅਤੇ ਸਰਕਾਰ ਵਲੋਂ ਕੀਤੀਆਂ ਗਈਆਂ ਕਾਰਵਾਈਆਂ ਬਾਰੇ ਚਰਚਾ ਕਰੋ

**1.2.9 ਪੁਸਤਕ ਸੂਚੀ:**

1 ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾ

2.ਪਿਆਰਾ ਸਿੰਘ ਪਦਮ, ਸਿੱਖ ਸੰਪਰਦਾਵਲੀ

3.ਗੰਡਾ ਸਿੰਘ, ਕੂਕਿਆ ਦੀ ਵਿਥਿਆ

ਪਾਠ ਨੰਬਰ : 1.3 ਲੇਖਕ : ਹਰਜੀਤ ਸਿੰਘ

# ਨਿਰੰਕਾਰੀ ਲਹਿਰ ਦੀ ਸੰਖੇਪ ਜਾਣ-ਪਛਾਣ

**ਪਾਠ ਬਣਤਰ:**

**1.3.1 ਉਦੇਸ਼**

**1.3.2 ਭੂਮਿਕਾ**

**1.3.3 ਸਮਕਾਲੀ ਸਥਿਤੀ**

**1.3.4 ਲਹਿਰ ਦਾ ਮੁੱਢ**

**1.3.5 ਗੁਰਮਤਿ ਪ੍ਰਚਾਰ**

**1.3.6 ਧਾਰਮਿਕ ਅਤੇ ਸਮਾਜਿਕ ਸੁਧਾਰ**

**1.3.7 ਅੰਤਿਮ ਸਸਕਾਰ ਦੀ ਰਸਮ**

**1.3.8 ਨਿਰੰਕਾਰੀ ਦਰਬਾਰ ਦੀ ਸਥਾਪਨਾ**

**1.3.9 ਅਨੰਦ ਕਾਰਜ ਦੀ ਰੀਤ**

**1.3.10 ਪਰਵਾਨੇ (ਹੁਕਮਨਾਮੇ) ਜਾਰੀ ਕਰਨਾ**

**1.3.11 ਸੰਤ ਨਿਰੰਕਾਰੀ ਮੰਡਲ ਦੀ ਸਥਾਪਨਾ ਅਤੇ ਸਿੱਖੀ ਨਾਲ ਟਕਰਾਅ**

**1.3.12 ਪ੍ਰਸ਼ਨ**

**1.3.13: ਪੁਸਤਕ ਸੂਚੀ**

**1.3.1 ਉਦੇਸ਼:** ਨਿਰੰਕਾਰੀ ਲਹਿਰ ਦੀ ਸੰਖੇਪ ਜਾਣ-ਪਛਾਣ ਪਾਠ ਦਾ ਉਦੇਸ਼ ਨਿਰੰਕਾਰੀ ਲਹਿਰ ਦੇ ਪਿਛੋਕੜ, ਪ੍ਰਚਾਰ ਅਤੇ ਸੁਧਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ

**1.3.2 ਭੂਮਿਕਾ:** ਅਠਵੀਂ ਸਦੀ ਦੇ ਅੰਤਲੇ ਦਹਾਕੇ ਅਤੇ ਉਨਵੀਂ ਸਦੀ ਦੇ ਸ਼ੁਰੂ ਦੇ 'ਚ ਜਦ ਖਾਲਸਾ ਪੰਥ ਦਾ ਰਾਜ ਕਾਇਮ ਹੋਇਆ ਤਾਂ ਸਿੰਘਾਂ ਵਿਚ ਚੜਦੀਕਲਾ ਤੇ ਗੌਰਵ ਦਾ ਅਹਿਸਾਸ ਵੱਧ ਰਿਹਾ ਸੀ। ਇਸ ਸਮੇਂ ਹੀ ਸਿੱਖੀ ਦੀ ਸੱਚੀ-ਸੁੱਚੀ ਧਾਰਿਮਕ ਭਾਵਨਾ ਦਾ ਘਾਣ ਹੋਇਆ ਅਤੇ ਸਿੱਖ ਬ੍ਰਾਹਮਣੀ ਪਰੋਹਿਤ ਸ਼੍ਰੇਣੀ ਦੀ ਝੋਲੀ ਵਿਚ ਜਾ ਡਿਗੇ ਅਤੇ ਇਸ ਪਰੋਹਿਤ ਜਮਾਤ ਨੇ ਇਸ ਦਾ ਪੂਰਾ ਫ਼ਾਇਦਾ ਲਿਆ ਅਤੇ ਸਿੱਖਾਂ ਨੂੰ ਸਨਾਤਨੀ ਮਤ ਦੇ ਕਰਮ-ਕਾਡਾਂ, ਵਹਿਮਾਂ-ਭਰਮਾਂ ਦੇ ਸਿਕੰਜੇ ਵਿਚ ਫਿਰ ਤੋਂ ਜਕੜ ਦਿੱਤਾ ਜਿਸ ਤੋਂ ਗੁਰੂ ਸਾਹਿਬਾਨ ਨੇ ਮੁਕਤ ਕਰਾਇਆ ਸੀ। ਗੁਰੂ ਅੰਸ਼ ਦੇ ਨਾਲ ਸੰਬੰਧਿਤ, ਬੇਦੀ ਤੇ ਸੋਢੀ ਵੀ ਗੱਦੀਆਂ ਲਾ ਕੇ ਬੈਠਣ ਲਗ ਪਏ ਅਤੇ ਉਹਨਾਂ ਦਾ ਧਰਮ-ਕਰਮ ਲਗਭਗ ਬ੍ਰਾਹਮਣਾ ਵਾਲਾ ਹੀ ਸੀ ਜਿਸ ਵਿਚ ਖਾਲਸਾਈ ਰਹਿਣੀ-ਬਹਿਣੀ ਤਾਂ ਬਿਲਕੁਲ ਅਲੋਪ ਸੀ।

ਭਾਰਤ ਦੀ ਪ੍ਰਾਚੀਨ ਅਧਿਆਤਮਕ ਪਰੰਪਰਾ ਵਿਚ ਅਰਾਧਕ ਨੇ ਆਪਣੇ ਅਗਧਯ ਨੂੰ ਵਧੇਰੇ ਕਰਕੇ ਆਕਾਰਵਾਦੀ ਘੇਰੇ ਵਿੱਚ ਲਿਆ ਕੇ ਹੀ ਉਸ ਦੀ ਅਰਾਧਨਾ ਕੀਤੀ, ਭਾਵੇਂ ਉਹ ਪ੍ਰਮਾਤਮਾ, ਦੇਵੀ-ਦੇਵਤੇ ਜਾਂ ਅਵਤਾਰ ਸੀ। ਇਸ ਨਾਲ ਭਾਰਤੀ ਅਧਿਆਤਮਕ ਪਰੰਪਰਾ 'ਚ ਅਨੇਕਾਂਤਵਾਦ ਦੀਆਂ ਰੁਚੀਆਂ ਵਧੀਆਂ ਅਤੇ ਅਸੀਮ ਪਰਮਸੱਤਾ ਦੀ ਹਸਤੀ ਵੀ ਮਨਮਰਜੀ ਦੇ ਆਕਾਰਾਂ ਵਿਚ ਕਲਪਿਤ ਕੀਤੀ ਗਈ। ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਦੇ ਨਿਰਾਕਾਰ, ਨਿੰਰਕਾਰ ਰੂਪ ਨੂੰ ਨਿਰੂਪਣ ਕੀਤਾ। ਜਪੁ ਜੀ ਸਾਹਿਬ ਵਿਚ ਇਹ ਸ਼ਬਦ ਪੰਜ ਵਾਰ ਆਇਆ। ਇਸ ਦਾ ਸ਼ਬਦੀ ਅਰਥ ਹੈ 'ਆਕਾਰ ਰਹਿਤ'। ਗੁਰੂ ਨਾਨਕ ਦੇਵ ਨੇ ਆਪਣੇ ਆਪ ਨੂੰ ਉਸ ਇਕ ਆਕਾਰ ਰਹਿਤ ਨਿੰਰਕਾਰੀ ਦਾ ਪੁਜਾਰੀ ਦੱਸਿਆ ਹੈ, ਅਤੇ ਸੰਗਤ ਨੂੰ ਵੀ ਉਸ ਦੀ ਅਰਾਧਨਾ ਲਈ ਪ੍ਰੇਰਿਆ।ਬਾਬਾ ਦਿਆਲ ਜੀ ਨੇ ਵੀ ਗੁਰੂ ਨਾਨਕ ਦੇਵ ਜੀ ਦੇ ਇਸ ਨਿੰਰਕਾਰੀ ਪ੍ਰਮਾਤਮਾ ਦੀ ਅਰਾਧਨਾ ਦੇ ਉਪਦੇਸ਼ ਨੂੰ ਲੋਕਾਈ ਵਿਚ ਪ੍ਰਚਾਰਿਆ।

**1.3.3 ਸਮਕਾਲੀ ਸਥਿਤੀ:** ਸਿੱਖ ਧਰਮ ਦੇ ਪ੍ਰਚਾਰ ਪਸਾਰ ਅਤੇ ਧਾਰਮਿਕ ਸੁਧਾਰਾਂ ਲਈ ਸਮੇਂ-ਸਮੇਂ ਕਈ ਲਹਿਰਾਂ ਨੇ ਜਨਮ ਲਿਆ। ਨਿਰੰਕਾਰੀ ਲਹਿਰ ਇਹਨਾਂ ਸਿੱਖ ਸੁਧਾਰਵਾਦੀ ਲਹਿਰਾਂ ਚੋਂ ਸਭ ਤੋਂ ਪਹਿਲੀ ਲਹਿਰ ਸੀ। ਜਿਸ ਦੇ ਬਾਨੀ ਬਾਬਾ ਦਿਆਲ ਜੀ ਸਨ। ਆਪ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ। ਸਿੱਖ ਰਾਜ ਸਮੇਂ ਸਿੱਖ ਪੰਥ ਗਿਣਤੀ ਵਿਚ ਵਧਿਆ ਪਰ ਧਾਰਮਿਕ ਪ੍ਰਪਕੱਤਾ ਘਟੀ। ਖਾਲਸਾ-ਪੰਥ ਦੇ ਵਧਦੇ ਰਾਜ ਸਮੇਂ ਕਈ ਲੋਕ ਸਿੱਖੀ ਭੇਸ ਧਾਰ ਕੇ ਖਾਲਸਾ ਪੰਥ ਵਿਚ ਸ਼ਾਮਲ ਹੋ ਗਏ ਅਤੇ ਇਹਨਾਂ ਲੋਕਾਂ ਨੇ ਸਿੱਖ ਪੰਥ ਦੀ ਅਸਲੀਅਤ ਬਦਲ ਦਿੱਤੀ। ਪਹਿਲਾਂ ਇਹਨਾਂ ਨੇ ਅਕਾਲ ਤਖ਼ਤ ਅਤੇ ਸ੍ਰੀ ਦਰਬਾਰ ਸਾਹਿਬ ਦੀ ਗੁਰਮਤਿ ਮਰਿਯਾਦਾ ਨੂੰ ਢਾਹ ਲਾਈ ਅਤੇ ਫਿਰ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਥਾਪਿਤ ਕੀਤੀਆਂ। ਇਹ ਮਨਮਤ 1780 ਈ. ਤੋਂ ਲੈ ਕੇ 1885 ਈ. ਤਕ ਚਲਦੀ ਰਹੀ।

1849 ਈ. ਵਿਚ ਜਦ ਸਿੱਖ ਰਾਜ ਦਾ ਅੰਤ ਹੋਇਆ ਤਾਂ ਅੰਤਿਮ ਸਿੱਖ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਜੋ ਉਸ ਸਮੇਂ 12-13 ਸਾਲ ਦੇ ਸਨ ਨੂੰ ਈਸਾਈ ਬਣਾਇਆ ਗਿਆ। ਇੱਕ ਦੋ ਸਿੱਖ ਸਰਦਾਰ ਵੀ ਇਸ ਸਮੇਂ ਮੁਸਲਮਾਨ ਬਣ ਗਏ। ਮਹਾਰਾਜਾ ਰਣਜੀਤ ਸਿੰਘ ਨੇ 1790 ਤੋਂ 1839 ਤਕ 49 ਵਰ੍ਹੇ ਪੰਜਾਬ ਦੀ ਧਰਤੀ 'ਤੇ ਰਾਜ ਕੀਤਾ। ਉਨ੍ਹਾਂ ਤੋਂ ਪਿਛੋਂ ਉਨ੍ਹਾਂ ਦੇ ਖਾਨਦਾਨ ਨੇ 1839 ਤੋਂ 1849 ਤਕ 10 ਵਰ੍ਹੇ ਰਾਜ ਕੀਤਾ। ਖਾਲਸਾ ਪੰਥ ਦੇ ਇਨ੍ਹਾਂ 59 ਸਾਲਾਂ ਦੇ ਰਾਜ ਵਿਚ ਸਿੱਖ ਪੰਥ ਗਿਣਤੀ ਪੱਖੋਂ ਬੇਸ਼ਕ ਬਹੁਤ ਵੱਧਿਆ ਫੁਲਿਆ ਪਰ ਗੁਰਮਤਿ ਦ੍ਰਿੜਤਾ ਦੀ

ਘਾਟ ਹੀ ਰਹੀ। ਇਸੇ ਘਾਟ ਨੂੰ ਪੂਰਾ ਕਰਨ ਲਈ ਬਾਬਾ ਦਿਆਲ ਜੀ ਦੇ ਉਦਮ ਸਦਕਾ ਪੰਜਾਬ (ਪੱਛਮੀ ਪੰਜਾਬ) ਵਿਚ ਇਸ ਸੁਧਾਰਵਾਦੀ ਨਿਰੰਕਾਰੀ ਲਹਿਰ ਨੇ ਜਨਮ ਲਿਆ।

### 1.3.4 ਲਹਿਰ ਦਾ ਮੁੱਢ

ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਿਆਲ ਜੀ ਦਾ ਜਨਮ 17 ਮਈ 1783 ਈ ਨੂੰ ਪਿਸ਼ੌਰ ਵਿਚ ਭਾਈ ਰਾਮ ਸਹਾਇ ਦੇ ਘਰ ਮਾਤਾ ਲਡਿੱਕੀ ਦੀ ਕੁੱਖੋਂ ਹੋਇਆ। ਆਪ ਦੇ ਦਾਦਾ ਭਾਈ ਦੇਵੀ ਸਹਾਇ ਤੇ ਨਾਨਾ ਭਾਈ ਵਿਸਾਖਾ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ। ਗੁਰੂ ਘਰ ਨਾਲ ਪਿਆਰ ਕਰਨ ਵਾਲੇ ਘਰ 'ਚ ਜਨਮ ਹੋਣ ਕਰਕੇ ਆਪ ਨੂੰ ਸਿੱਖੀ ਦੀ ਦਾਤ ਵਿਰਾਸਤ ਵਿਚ ਮਿਲੀ। ਆਪ ਨੇ ਮੁੱਢਲੀ ਵਿਦਿਆ ਘਰ 'ਚ ਹੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਆਪ ਨੇ 17 ਸਾਲ ਦੀ ਉਮਰ ਤਕ ਗੁਰਬਾਣੀ ਅਤੇ ਸਿੱਖ ਇਤਿਹਾਸ ਦਾ ਅਧਿਐਨ ਕੀਤਾ। ਛੋਟੀ ਉਮਰ 'ਚ ਹੀ ਆਪ ਦੇ ਮਾਤਾ ਪਿਤਾ ਚਲਾਣਾ ਕਰ ਗਏ। ਪਰ ਆਪ ਅਡੋਲ ਰਹੇ ਅਤੇ ਆਪਣੇ ਪੁਰਾਣੇ ਨੇਮ ਅਨੁਸਾਰ ਰੋਜ਼ਾਨਾ ਬਾਬਾ ਜੋਗਾ ਸਿੰਘ ਜੀ ਦੇ ਗੁਰਦੁਆਰੇ (ਪਿਸ਼ੌਰ) ਜਾਂਦੇ ਅਤੇ ਸੇਵਾ ਕਰਦੇ।

### 1.3.5 ਗੁਰਮਤਿ ਦਾ ਪ੍ਰਚਾਰ:

ਬਾਬਾ ਦਿਆਲ ਜੀ ਨੇ ਗੁਰੂ ਘਰ ਜਾਂਦੇ-ਜਾਂਦੇ ਬਾਣੀ ਅਤੇ ਕੀਰਤਨ ਦਾ ਅਭਿਆਸ ਕਰਦੇ-ਕਰਦੇ ਕੁਝ ਸਾਲਾਂ ਬਾਅਦ ਆਪ ਉਸੇ ਗੁਰਦੁਆਰੇ ਵਿਚ ਕਥਾ/ਕੀਰਤਨ ਕਰਨ ਲੱਗ ਪਏ।

ਆਪ ਨੇ ਕਥਾ/ਕੀਰਤਨ ਕਰਨ ਦੇ ਨਾਲ-ਨਾਲ ਗੁਰੂ ਘਰ 'ਚ ਸੰਗਤ ਨੂੰ ਗੁਰਮਤਿ ਆਸ਼ੇ 'ਤੇ ਚਲਣ ਲਈ ਪ੍ਰੇਰਿਤ ਕਰਨਾ ਸ਼ੁਰੂ ਕਰ ਦਿੱਤਾ। ਆਪ ਨੇ ਸੰਗਤ ਨੂੰ ਸੂਤਕ, ਜਾਤ-ਪਾਤ, ਆਦਿ ਦੇ ਵਹਿਮ ਭਰਮ ਨਾ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਨਾਲ ਹੀ ਆਪ ਨੇ ਇਹ ਉਪਦੇਸ਼ ਵੀ ਕੀਤਾ ਕਿ ਤੁਸੀਂ ਕਿਸੇ ਮੰਦਿਰ, ਮਸੀਤ, ਦੇਵੀ ਦੇਵਤਿਆਂ, ਪੀਰ ਆਦਿ ਦੀ ਪੂਜਾ ਨਹੀਂ ਕਰਨੀ। ਆਪ ਦੇ ਇਸ ਤਰ੍ਹਾਂ ਦੇ ਪ੍ਰਚਾਰ ਨਾਲ ਕੁਝ ਮਨਮਤ ਦੇ ਧਾਰਨੀ ਹਿੰਦੂਮੱਤ ਦੇ ਸ਼ਰਧਾਲੂ ਆਪ ਦੇ ਵਿਰੋਧੀ ਬਣ ਗਏ। ਇਸ ਲਈ ਆਪ ਦੀ ਵਿਰੋਧਤਾ ਵੀ ਹੋਈ। ਪਰ ਆਪ ਦੇ ਧਰਮ ਪ੍ਰਚਾਰ 'ਚ ਕੋਈ ਕਮੀ ਨਹੀਂ ਆਈ।

1808 ਵਿਚ ਰੁਜ਼ਗਾਰ ਦੀਆਂ ਔਕੜਾਂ ਕਰਕੇ ਆਪ ਨੇ ਪਿਸ਼ੌਰ ਨੂੰ ਛੱਡ ਕੇ ਰਾਵਲਪਿੰਡੀ ਆ ਗਏ। ਇੱਥੇ ਆਪ ਨੇ ਪੰਸਾਰੀ ਦੀ ਦੁਕਾਨ ਕੀਤੀ।ਇਥੇ ਹੀ ਆਪ ਦਾ ਆਨੰਦ ਵਿਆਹ ਭਾਈ ਚਰਨ ਦਾਸ ਕਪੂਰ ਦੀ ਬੇਟੀ ਮੂਲ ਦੇਵੀ ਨਾਲ ਹੋਇਆ। ਜੋ ਭੇਰਾ ਨਿਵਾਸੀ ਸਨ। ਕੁਝ ਸਮੇਂ ਪਿਛੋਂ ਆਪ ਦੇ ਘਰ ਭਾਈ ਦਰਬਾਰਾ ਸਿੰਘ, ਭਾਗ ਮੱਲ ਅਤੇ ਰਤਨ ਚੰਦ ਨਾਮੀ ਤਿੰਨ ਬੱਚਿਆਂ ਨੇ ਜਨਮ ਲਿਆ।

### 1.3.6 ਧਾਰਮਿਕ ਅਤੇ ਸਮਾਜਿਕ ਸੁਧਾਰ :

ਬਾਬਾ ਬਾਲਕ ਸਿੰਘ ਮਹੀਦਪੁਰ ਵਾਲੇ ਦੀ ਸੰਗਤ ਤੋਂ ਬਾਅਦ ਆਪ ਨੇ ਸਿੱਖੀ ਦਾ ਪ੍ਰਚਾਰ ਵੱਡੇ ਪੱਧਰ 'ਤੇ ਕਰਨਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ-ਨਾਲ ਸਮਾਜਿਕ ਸੁਧਾਰ ਕਰਨਾ ਵੀ ਆਰੰਭਿਆ। ਉਨ੍ਹਾਂ ਨੇ ਬੁਤ-ਪੂਜਾ, ਵਰਤ, ਵਿਆਹ ਸ਼ਾਦੀਆਂ 'ਚ ਫ਼ਜ਼ੂਲ ਖਰਚ ਤੇ ਨਾਚ-ਮੁਜਰਿਆਂ 'ਤੇ ਰੋਕ ਲਾਈ। ਆਪ ਨੇ ਸਮਾਗਮਾਂ ਵਿਚ ਗੁਰਮਤਿ ਦਾ ਪ੍ਰਚਾਰ ਕੁਝ ਇਸ ਪ੍ਰਕਾਰ ਕੀਤਾ "ਸਿੰਘੋ ਗੁਰੂ ਦਿਓ! ਬਚਣਾ ਹੈ ਤਾਂ ਇਹ ਨੁਕਸਦਾਰ ਗੱਲਾਂ ਛੱਡੋ। ਕੋਈ ਐਬ ਨਾ

ਕਰੋ ਤੇ ਨਸ਼ੀਲੀਆਂ ਚੀਜ਼ਾਂ ਨਾ ਵਰਤੋ। ਸ਼ਰਾਬ ਪੀਣੀ ਹਰੇਕ ਸਿੱਖ ਲਈ ਗੁਨਾਹ ਹੈ। ਏਕਣ ਮਾਸ ਖਾਣਾ ਵੀ ਅੱਛਾ ਨਹੀਂ, ਕਿਸੇ ਦੇਵੀ ਦੇਵਤੇ, ਤਟ-ਤੀਰਥ, ਮੜ੍ਹੀ-ਮਸਾਣੀ, ਜਾਦੂ-ਟੂਣੇ, ਸਾਧੂ-ਫਕੀਰ ਤੇ ਪੀਰ ਪੈਗੰਬਰ ਨੂੰ ਨਾ ਮੰਨੋ; ਨਿਰੰਕਾਰ (ਅਕਾਲ ਪੁਰਖ) ਤੋਂ ਛੁਟ ਕੋਈ ਵੱਡਾ ਨਹੀਂ, ਇਸ ਲਈ ਬਣਾਉਟੀ ਰੱਬਾਂ ਅੱਗੇ ਨੱਕ ਨਾ ਰਗੜੋ। ਅਰਦਾਸਾ ਸੋਧਣ ਲੱਗੇ - ਪ੍ਰਿਥਮੈ ਸਤਿ ਨਿਰੰਕਾਰ ਜੀ ਸਿਮਰਕੈ ਆਖੋ, ਕਿਉਂਕਿ ਇਹ ਅਸਲ ਅਰਦਾਸਾ ਜਾਂ ਬੇਨਤੀ ਹੈ। ਆਪਣੇ ਬੱਚੇ ਬੱਚੀਆਂ ਦੇ ਵਿਆਹ ਗੁਰਮਤਿ ਅਨੁਸਾਰ ਕਰੋ।"

### 1.3.7 ਅੰਤਿਮ ਸੰਸਕਾਰ ਦੀ ਰਸਮ:

ਇਸ ਤੋਂ ਇਲਾਵਾ ਆਪ ਨੇ ਅੰਤਿਮ ਸੰਸਕਾਰ ਸਮੇਂ ਕੀਤੀਆਂ ਜਾਣ ਵਾਲੀਆ ਸਾਰੀਆਂ ਮਨਮਤਾਂ ਤੋਂ ਸਿੱਖਾਂ ਨੂੰ ਰੋਕਿਆ ਤੇ ਕਿਹਾ ਕਿ "ਕਿਸੇ ਸਾਕ-ਸੰਬਧੀ ਦੇ ਮਰਨ 'ਤੇ ਰੋਓ ਕੁਰਲਾਓ ਨਾ, ਤੇ ਨਾ ਹੀ ਸਿਆਪਾ ਹੋਣ ਦਿਓ। ਸ਼ਾਂਤ-ਚਿੱਤ ਰਹਿ ਕੇ ਬਾਣੀ ਦਾ ਪਾਠ ਕਰੋ ਤੇ ਅਕਾਲ ਪੁਰਖ ਦਾ ਭਾਣਾ ਮੰਨੋ। ਪਿੰਡ, ਪੱਤਲ, ਕ੍ਰਿਆ, ਦੀਵਾ ਤੇ ਫੁੱਲ ਚੁਣਨੇ ਅਥਵਾ ਮੋਇਆਂ ਦੀਆਂ ਮੜੀਆਂ ਫੋਲਣੀਆਂ ਆਦਿ ਕਰਮ ਗੁਰਮਤਿ ਤੋਂ ਉਲਟ ਹਨ। ਇਹ ਮਨਮਤਾਂ ਕਰਨੀਆਂ ਛੱਡੋ।"

ਇਕ ਵਾਰ ਭਾਈ ਦੀਵਾਨ ਸਿੰਘ ਮੰਗੋਵਾਲ ਵਾਲੇ ਪ੍ਰਸਿੱਧ ਪ੍ਰਚਾਰਕ ਰਾਵਲਪਿੰਡੀ ਆਏ। ਆਪ ਨੂੰ ਦੋ ਨਿਰੰਕਾਰੀ ਭਰਾਵਾਂ ਨੇ ਆਪਣੇ ਘਰ ਭੋਜਨ ਛੱਕਣ ਲਈ ਬੇਨਤੀ ਕੀਤੀ। ਪਰ ਭੋਜਨ ਛਕਾਉਣ ਤੋਂ ਇਕ ਦਿਨ ਪਹਿਲਾਂ ਉਨ੍ਹਾਂ ਭਰਾਵਾਂ 'ਚੋਂ ਇਕ ਚਲਾਣਾ ਕਰ ਗਿਆ ਅਤੇ ਭਾਈ ਦੀਵਾਨ ਸਿੰਘ ਨੇ ਇਹਨਾਂ ਸਿੰਘਾਂ ਦੇ ਘਰ ਤੋਂ ਪ੍ਰਸ਼ਾਦਾ ਛੱਕਣ ਤੋਂ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ ਕਿ ਤੁਹਾਡੇ ਘਰ ਮੌਤ ਹੋ ਗਈ ਹੈ ਇਸ ਲਈ ਮੈਂ ਤੁਹਾਡੇ ਘਰ ਦਾ ਸੂਤਕ ਵਾਲਾ ਭੋਜਨ ਨਹੀਂ ਛਕਾਂਗਾ। ਜਦ ਇਸ ਗੱਲ ਦਾ ਪਤਾ ਬਾਬਾ ਦਿਆਲ ਜੀ ਨੂੰ ਲੱਗਿਆ ਤਾਂ ਉਹਨਾਂ ਨੇ ਭੋਜਨ ਨੂੰ ਨਿਰੰਕਾਰੀ ਦਰਬਾਰ 'ਚ ਮੰਗਵਾ ਲਿਆ ਅਤੇ ਉਸ ਸਿੰਘ ਦੇ ਅੰਤਿਮ ਸੰਸਕਾਰ ਪਿਛੋਂ ਉਹ ਭੋਜਨ ਬਾਬਾ ਦਿਆਲ ਜੀ ਨੇ ਨਿਰੰਕਾਰੀ ਸੰਗਤ 'ਚ ਵਰਤਾਉਣ ਦਾ ਹੁਕਮ ਦੇ ਦਿੱਤਾ। ਇਸ ਪ੍ਰਕਾਰ ਆਪ ਨੇ ਇਹਨਾਂ ਧਾਰਮਿਕ ਅਤੇ ਸਮਾਜਿਕ ਸੁਧਾਰਾਂ ਨੂੰ ਅਮਲੀ ਰੂਪ ਵੀ ਦਿੱਤਾ।

### 1.3.8 ਨਿਰੰਕਾਰੀ ਦਰਬਾਰ ਦੀ ਸਥਾਪਨਾ:

ਇਹਨਾਂ ਸੁਧਾਰਾਂ ਕਰਕੇ ਆਪ ਦੀ ਵਿਰੋਧਤਾ ਵੀ ਵੱਧੀ। ਸਰਦਾਰ ਨਿਹਾਲ ਸਿੰਘ ਛਾਛੀ ਅਤੇ ਤੌਰੂ ਰਾਏ ਆਪ ਦੇ ਵਿਰੋਧੀ ਬਣ ਗਏ। ਇਹ ਬਾਬਾ ਜੀ ਦੇ ਪ੍ਰਚਾਰ ਵਿਚ ਵਿਘਨ ਪਾਉਣ ਲੱਗ ਪਏ। ਉਹਨਾਂ ਨੇ ਗੁਰਦੁਆਰਾ ਪਿਸ਼ੌਰੀਆਂ ਦੇ ਬੂਹੇ ਬਾਬਾ ਦਿਆਲ ਲਈ ਬੰਦ ਕਰ ਦਿੱਤੇ ਤਾਂ ਕਿ ਬਾਬਾ ਜੀ ਉਥੇ ਕਥਾ/ਕੀਰਤਨ ਨਾ ਕਰ ਸਕਣ। ਇਸ ਪਿਛੋਂ ਬਾਬਾ ਜੀ ਨੇ ਰਾਵਲਪਿੰਡੀ ਤੋਂ ਬਾਹਰਵਾਰ ਜ਼ਮੀਨ ਖਰੀਦੀ ਤੇ ਉਥੇ ਗੁਰਦੁਆਰਾ ਨਿਰੰਕਾਰੀ ਦਰਬਾਰ ਦੀ ਸਥਾਪਨਾ 3 ਦਸੰਬਰ 1851 ਈ. ਨੂੰ ਕੀਤੀ। ਬਾਅਦ ਵਿਚ ਇਹ ਗੁਰਦੁਆਰਾ 'ਸ੍ਰੀ ਦਿਆਲ ਸਰ' ਦੇ ਨਾਂ ਨਾਲ ਪ੍ਰਸਿੱਧ ਹੋਇਆ।

ਬਾਬਾ ਦਿਆਲ ਨੇ ਪ੍ਰਚਾਰ ਦਾ ਕੇਂਦਰ ਗੁਰਦੁਆਰਾ ਸਥਾਪਿਤ ਕਰਨ ਤੋਂ ਬਾਅਦ ਪ੍ਰਚਾਰ ਲਈ ਹਰ ਇਲਾਕੇ ਵਿਚ ਇੱਕ ਗਿਆਨੀ ਪੁਰਖ ਨੂੰ ਸੂਬਾ ਥਾਪਿਆ ਜਿਸਨੂੰ ਬੀੜੇਦਾਰ ਵੀ ਕਹਿੰਦੇ ਸਨ। ਇਸ ਸੂਬੇਦਾਰ (ਪ੍ਰਚਾਰਕ) ਨੂੰ ਨਿਰੰਕਾਰੀ ਦਰਬਾਰ ਦੇ ਅਧਿਕਾਰ ਖੇਤਰ 'ਚ ਰੱਖਿਆ

ਜਾਂਦਾ ਸੀ। ਉਸ ਸਮੇਂ ਜਿਹੜੇ ਸੂਬੇ ਬਣਾਏ ਉਹਨਾਂ ਦੀ ਗਿਣਤੀ 40 ਸੀ। ਇਸ ਤੋਂ ਇਲਾਵਾ ਨਿਰੰਕਾਰੀ ਦਰਬਾਰ ਨੇ ਕੁਝ ਢਾਡੀ ਅਤੇ ਰਾਗੀ ਅਜਿਹੇ ਵੀ ਰੱਖੇ ਹੋਏ ਸਨ ਜੋ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਨ। ਨਿਰੰਕਾਰੀ ਦਰਬਾਰ ਦੇ ਭਾਈ ਰੂਪ ਸਿੰਘ ਤੇ ਭਾਈ ਮੰਨਾ ਸਿੰਘ ਪ੍ਰਸਿੱਧ ਢਾਡੀਆਂ 'ਚੋਂ ਸਨ ਅਤੇ ਭਾਈ ਰਹੀਮ ਖਾਨ ਤੇ ਕਰੀਮ ਖਾਨ ਨਿਰੰਕਾਰੀ ਦਰਬਾਰ ਦੇ ਪ੍ਰਸਿੱਧ ਰਾਗੀ ਸਨ।

ਇਸ ਪ੍ਰਕਾਰ ਬਾਬਾ ਦਿਆਲ ਜੀ ਨੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਬਹੁਤ ਸਮਾਂ ਪਹਿਲਾਂ ਬੜੀ ਦੂਰਅੰਦੇਸ਼ੀ ਨਾਲ ਕੰਮ ਕੀਤਾ। 29/30 ਜਨਵਰੀ 1855 ਨੂੰ ਆਪ ਇਸ ਸੰਸਾਰ ਤੋਂ ਚਲਾਣਾ ਕਰ ਗਏ। ਆਪਣੇ ਚਲਾਣੇ ਤੋਂ ਇਕ ਦਿਨ ਪਹਿਲਾਂ ਆਪ ਨੇ ਆਪਣੇ ਵੱਡੇ ਪੁੱਤਰ ਦਰਬਾਰਾ ਸਿੰਘ ਨੂੰ ਇਸ ਸੰਪ੍ਰਦਾ ਦਾ ਮੁਖੀ ਥਾਪ ਦਿੱਤੀ ਸੀ।

### 1.3.9 ਅਨੰਦ ਕਾਰਜ ਦੀ ਰੀਤ :

ਬਾਬਾ ਦਿਆਲ ਜੀ ਦੇ ਚਲਾਣੇ ਪਿਛੋਂ ਬਾਬਾ ਦਰਬਾਰਾ ਸਿੰਘ ਨੇ ਨਿਰੰਕਾਰੀ ਸਿੱਖਾਂ ਦਾ ਇਕ ਇੱਕਠ 12 ਮਾਰਚ, 1855 ਈ. ਨੂੰ ਬੁਲਾਇਆ। ਸਾਰੇ ਪੰਜਾਬ ਚੋਂ ਸਿੱਖ ਇਸ ਇੱਕਠ ਵਿਚ ਸ਼ਾਮਿਲ ਹੋਏ। ਆਪ ਨੇ ਇਸ ਇੱਕਠ ਵਿਚ ਇੱਕਤਰ ਸਿੱਖਾਂ ਕੋਲੋਂ ਇਕ ਲੜਕੇ ਅਤੇ ਇਕ ਲੜਕੀ ਦੋ ਸਿਰਾਂ ਦੀ ਮੰਗ ਕੀਤੀ। ਇਸ ਪ੍ਰੀਖਿਆ 'ਚ ਦੋ ਸਿੱਖ ਭਾਈ ਨਿਹਾਲ ਸਿੰਘ ਅਤੇ ਭਾਈ ਵਾਹਿਗੁਰ ਸਿੰਘ ਨਿਤੱਰੇ। ਭਾਈ ਨਿਹਾਲ ਨੇ ਆਪਣੇ ਲੜਕੇ ਭੋਲਾ ਸਿੰਘ ਅਤੇ ਭਾਈ ਵਾਹਿਗੁਰੂ ਸਿੰਘ ਨੇ ਆਪ ਜੀ ਪੁੱਤਰੀ ਨਿਹਾਲ ਕੌਰ ਨੂੰ ਬਾਬਾ ਦਰਬਾਰਾ ਸਿੰਘ ਸਾਹਮਣੇ ਖੜਾ ਕਰ ਦਿੱਤਾ। ਬਾਬਾ ਜੀ ਦੇ ਹੁਕਮ ਨਾਲ ਉਸ ਵੇਲੇ ਇਹਨਾਂ ਬੱਚਿਆਂ ਨੂੰ ਚਿੱਟੇ ਕੱਪੜੇ ਪਵਾਏ ਗਏ ਅੰਤ ਸ੍ਰੀ ਗੁਰੂ ਗੰਥ ਸਾਹਿਬ ਜੀ ਹਜ਼ੂਰੀ ਵਿਚ ਇਸ ਜੋੜੇ ਦਾ ਆਨੰਦ ਕਾਰਜ ਕੀਤਾ ਗਿਆ। ਇਹ ਅਨੰਦ ਕਾਰਜ ਪੂਰਣ ਗੁਰ ਮਰਿਯਾਦਾ ਅਨੁਸਾਰ ਕੀਤਾ ਗਿਆ। ਰਾਵਲਪਿੰਡੀ ਤੇ ਹੋਰ ਨੇੜੇ-ਤੇੜੇ ਦੇ ਸਿੱਖਾਂ ਵਿਚ ਅਨੰਦ-ਵਿਆਹ ਦੀ ਪਹਿਲੀ ਰਸਮ ਸੀ, ਜੋ ਬਿਨ੍ਹਾਂ ਕਿਸੇ ਦੁਨਿਆਈ ਲਿਖਾਣੇ ਦੇ ਕੀਤੀ ਗਈ।

ਇਸ ਪਿਛੋਂ ਅਨੰਦ-ਕਾਰਜ ਦੀ ਦੂਸਰੀ ਰਸਮ ਖਾਟੜੇ ਦੇ ਇਲਾਕੇ ਵਿਚ ਪਿੰਡ ਫਤਿਹ ਜੰਗ ਵਿਚ ਅਦਾ ਕਰਾਈ ਗਈ। ਏਥੇ ਭਾਈ ਗੌਹਰਾ ਨਾਮੀ ਸਿੱਖ ਨੇ ਆਪਣੀ ਲੜਕੀ ਦਾ ਵਿਆਹ ਪੂਰਣ ਗੁਰ ਮਰਿਯਾਦਾ ਅਨੁਸਾਰ ਕੀਤਾ। ਬਾਬਾ ਦਰਬਾਰ ਸਿੰਘ ਇਸ ਅਨੰਦ-ਕਾਰਜ ਵਿਚ ਖੁਦ ਸ਼ਾਮਲ ਹੋਏ।

ਇਨ੍ਹਾਂ ਦੇ ਅਨੰਦ-ਕਾਰਜ ਨਾਲ ਸਿੱਖਾਂ ਵਿਚ ਉਤਸ਼ਾਹ ਵਧਿਆ। ਅਨੰਦ-ਕਾਰਜ ਦੀ ਰਸਮ ਜੋ ਰਹਿਤ-ਨਾਮਿਆਂ ਵਿਚ ਤਾਂ ਦਰਜ਼ ਸੀ, ਪਰ ਮਨਮਤ ਦਾ ਜੋਰ ਹਣ ਕਰਕੇ ਕੁਝ ਸਮੇਂ ਲਈ ਬੰਦ ਸੀ। ਇਸ ਸਮੇਂ ਬਾਬਾ ਦਰਬਾਰਾ ਸਿੰਘ ਜੀ ਦੇ ਉਦਮ ਨਾਲ ਮੁੜ ਪ੍ਰਚਲਿਤ ਹੋਈ।

### 1.3.10 ਪਰਵਾਨੇ (ਹੁਕਮਨਾਮੇ) ਜਾਰੀ ਕਰਨੇ :

ਬਾਬਾ ਦਰਬਾਰਾ ਸਿੰਘ ਨੇ ਆਪਣੇ ਸਮੇਂ ਪ੍ਰਚਾਰ ਦਾ ਵਿਸਥਾਰ ਕਰਨ ਲਈ ਨਵੇਂ ਬੀੜੇਦਾਰ (ਪ੍ਰਚਾਰਕ) ਥਾਪੇ ਅਤੇ ਨਿਰੰਕਾਰੀ ਚਿੱਠੀ ਨੂੰ 1857 ਈ. ਵਿਚ ਪ੍ਰਕਾਸ਼ਿਤ ਕੀਤਾ। ਇਸ ਨੂੰ ਹੁਕਮਨਾਮੇ ਵੀ ਕਿਹਾ ਜਾਂਦ ਸੀ।ਇਸ ਵਿਚ ਨਿਰੰਕਾਰੀਆਂ ਦੇ ਕਰਨ ਅਤੇ ਨਾ ਕਰਨ ਯੋਗ

ਗੱਲਾਂ ਬਾਰੇ ਚਰਚਾ ਕੀਤੀ ਹੈ। ਇਹ ਇੱਕ ਪ੍ਰਕਾਰ ਦੀ ਰਹਿਤ-ਮਰਿਯਾਦਾ ਹੀ ਹੈ। ਇਹ ਰਹਿਤ-ਮਰਿਯਾਦਾ ਨਿਰੰਕਾਰੀ ਦੇ ਹਰ ਪਿੰਡ ਦੇ ਗੁਰਦੁਆਰੇ ਵਿਚ ਦੇਵੀ ਸੀ ਅਤੇ ਨਿਰੰਕਾਰੀ ਇਸ ਦਾ ਪਾਲਨ ਕਰਦੇ ਸਨ। 13 ਫਰਵਰੀ 1870 ਈ. ਵਿਚ ਆਪ ਚਲਾਣਾ ਕਰ ਗਏ। ਬਾਬਾ ਦਰਬਾਰਾ ਸਿੰਘ ਜੀ ਦੇ ਚਲਾਣੇ ਪਿਛੋਂ ਉਹਨਾਂ ਦੇ ਛੋਟੇ ਭਰਾ ਰੱਤਾ ਜੀ ਨਿਰੰਕਾਰੀ ਦਰਬਾਰ ਦੇ ਮੁਖੀ ਨਿਯੁਕਤ ਹੋਏ ਆਪ ਸਹਿਜਧਾਰੀ ਸਨ। ਆਪ ਨੇ ਆਪਣੇ ਜੀਵਨ ਕਾਲ 'ਚ ਗੁਰਮਤਿ ਦੇ ਪ੍ਰਚਾਰ ਲਈ ਹੁਕਮਨਾਮੇ ਵੀ ਭੇਜ ਇਹ ਹੁਕਮਨਾਮੇ ਉਹਨਾਂ ਦੇ ਨਾਂ 'ਤੇ ਹੁਣ ਤਕ ਪ੍ਰਸਿੱਧ ਹਨ। ਆਪ 3 ਜਨਵਰੀ 1909 ਈ. ਵਿਚ ਚਲਾਣਾ ਕਰ ਗਏ। ਇਸ ਤੋਂ ਬਾਅਦ ਬਾਬਾ ਗੁਰਦਿੱਤ ਸਿੰਘ ਨਿਰੰਕਾਰੀ ਦਰਬਾਰ ਦੇ ਮੁਖੀ ਬਣੇ ਜੋ ਬਾਬਾ ਰੱਤਾ ਜੀ ਦੇ ਛੋਟੇ ਪੁੱਤਰ ਸਨ। ਆਪ 1909 ਈ. ਤੋਂ 1947 ਈ. ਤੱਕ ਨਿਰੰਕਾਰੀ ਦਰਬਾਰ ਰਹੇ ਬਾਬਾ ਗੁਰਦਿਤ ਸਿੰਘ ਨੇ ਇਕ ਨੌਜਵਾਨ ਜੱਥਾ ਕਾਇਮ ਕੀਤਾ ਅਤੇ ਆਪ ਟ੍ਰੈਕਟ ਛਾਪ ਕੇ ਧਰਮ ਦਾ ਪ੍ਰਚਾਰ ਕਰਦੇ ਸਨ। ਆਪ ਇਹਨਾਂ ਟ੍ਰੈਕਟਾਂ ਚ ਸਿੱਖ ਇਤਿਹਾਸ, ਅਤੇ ਗੁਰਬਾਣੀ ਨੂੰ ਸਿੱਖ ਸੰਗਤਾਂ ਤੱਦ ਪਹੁੰਚਾਉਂਦੇ ਸਨ। ਆਪ ਦੇ ਚਲਾਣੇ ਪਿਛੋਂ ਬਾਬਾ ਹਰਾ ਸਿੰਘ ਨਿਰੰਕਾਰੀ ਦਰਬਾਰ ਦੀ ਗੱਦੀ ਦੇ ਵਾਰਿਸ ਬਣੇ। ਆਪ ਦਾ ਜਨਮ 20 ਸਤੰਬਰ 1887 ਨੂੰ ਗੁਰਦਿੱਤ ਸਿੰਘ ਦੇ ਘਰ ਰਾਵਲਪਿੰਡੀ ਵਿਖੇ ਹੋਇਆ ਸੀ। ਆਪ 1947 ਤੋਂ 1970 ਤਕ ਨਿਰੰਕਾਰ ਦਰਬਾਰ ਦੇ ਮੁਖੀ ਰਹੇ। ਬਾਬਾ ਹਰਾ ਸਿੰਘ ਜੀ ਨੇ 1947 ਵਿਚ ਚੰਡੀਗੜ੍ਹ (21 ਸੈਕਟਰ) ਆ ਕੇ ਨਿਰੰਕਾਰੀ ਗੁਰਦੁਆਰਾ ਬਣਾਇਆ। 15 ਜਨਵਰੀ 1971 ਨੂੰ ਹਰਾ ਸਿੰਘ ਦਾ ਦੇਹਾਂਤ ਹੋ ਗਿਆ। ਉਹਨਾ ਦੇ ਚਲਾਣੇ ਪਿੱਛੋਂ ਉਹਨਾਂ ਦੇ ਪੁੱਤਰਾਂ ਗੁਰਬਖਸ਼ ਸਿੰਘ ਅਤੇ ਡਾ. ਮਾਨ ਸਿੰਘ ਨਿਰੰਕਾਰ ਨੇ ਇਸ ਗੱਦੀਵਾਰੀ ਦੀ ਪ੍ਰਥਾ ਨੂੰ ਅੱਗੇ ਜਾਰੀ ਨਹੀਂ ਰੱਖਿਆ। ਇਥੋਂ ਤੱਕ ਨਿਰੰਕਾਰੀ ਲਹਿਰ ਸਿੱਖੀ ਦਾ ਅਟੁਟ ਅੰਗ ਰਹੀ।

### 1.3.11: ਸੰਤ ਨਿਰੰਕਾਰੀ ਮੰਡਲ ਦੀ ਸਥਾਪਨਾ ਅਤੇ ਸਿੱਖੀ ਨਾਲ ਟੱਕਰਾਅ :

'ਸੰਤ ਨਿਰੰਕਾਰੀ ਮੰਡਲ' ਨਿਰੰਕਾਰੀ ਲਹਿਰ 'ਚੋਂ ਵੱਖ ਹੋਈ ਉਹਨਾਂ ਦੀ ਸ਼ਾਖਾ ਹੈ। ਜੋ ਗੁਰਮਤਿ ਅਤੇ ਨਿਰੰਕਾਰੀ ਲਹਿਰ ਦੀ ਮਰਿਯਾਦਾ ਦੋਵਾਂ ਤੋਂ ਕੋਹਾਂ ਦੂਰ ਹੈ। ਇਸ ਦਾ ਨਿਰੰਕਾਰੀ ਲਹਿਰ ਤੋਂ ਮੁੱਢਲਾ ਫਰਕ ਇਹ ਹੈ। ਇਹ ਗੁਰੂ ਨਾਨਕ ਨੂੰ ਨਿਰੰਕਾਰੀ ਨਹੀਂ ਮੰਨਦੇ ਸਗੋਂ ਬਾਬਾ ਆਦਮ ਤੇ ਅੰਮਾ ਹਵਾ ਨੂੰ ਆਦਿ ਨਿਰੰਕਾਰੀ ਮੰਨਦੇ ਹਨ। ਇਥੋਂ ਹੀ ਇਹ ਸੰਤ ਨਿਰੰਕਾਰੀ ਮੰਡਲ ਸਿੱਖੀ ਤੋਂ ਖਿੜਕ ਜਾਂਦਾ ਹੈ ਅਤੇ ਵੱਖਰਾ ਰਾਹ ਅਖਤਿਆਰ ਕਰ ਲੈਦਾਂ ਹੈ।

ਇਸ ਦਾ ਮੁੱਢ ਪਹਿਲੇ ਪਹਿਲੇ 1929 ਈ. ਵਿਚ ਬੂਟਾ ਸਿੰਘ ਨੇ ਬੰਨ੍ਹਿਆ ਸੀ ਜੋ ਨਿਰੰਕਾਰੀ ਦਰਬਾਰ ਰਾਵਲਪਿੰਡੀ ਦਾ ਪੱਕਾ ਸਰਧਾਲੂ ਸੀ। ਕਿਸੇ ਗਲਤੀ ਕਰਕੇ ਇਸਨੂੰ ਨਿਰੰਕਾਰੀ ਦਰਬਾਰ ਚੋਂ ਕੱਢ ਦਿੱਤਾ ਗਿਆ ਅਤੇ ਇਹ ਸ਼ਰਾਬ ਦਾ ਆਦੀ ਬਣ ਗਿਆ ਸੀ। ਇਸੇ ਬੂਟਾ ਸਿੰਘ ਨੇ 1944 ਈ. ਵਿਚ ਅਵਤਾਰ ਸਿੰਘ ਨੂੰ ਆਪਣੀ ਥਾਂ ਮੁਖੀ ਥਾਪ ਦਿੱਤਾ ਦੇਸ਼ ਦੀ ਵੰਡ ਤੋਂ ਬਾਅਦ ਅਵਤਾਰ ਸਿੰਘ ਨੇ ਆਪਣਾ ਇਹ 'ਸੰਤ ਨਿਰੰਕਾਰੀ ਮੰਡਲ' ਦਿੱਲੀ ਸਥਾਪਿਤ ਕਰ ਲਿਆ। ਇਥੇ ਹੀ ਇਸ ਨੇ 'ਅਵਤਾਰ ਬਾਣੀ' ਨਾਂ ਦੀ ਪੁਸਤਕ ਛਪਵਾ ਲਈ। ਜਿਸ ਵਿਚ ਸਿੱਖ ਗੁਰੂਆਂ ਅਤੇ ਸਿੱਖੀ ਸਿਧਾਂਤਾ ਦੇ ਉਲਟ ਬਹੁਤ ਕੁਝ ਲਿਖਿਆ। ਆਪਣੇ ਆਪ ਨੂੰ ਅਵਤਾਰੀ ਪੁਰਸ਼ ਮੰਨਣ ਅਤੇ ਅਖਵਾਉਣ ਲਗ ਪਏ। ਇਹਨਾਂ ਨੂੰ ਖਾਨ-ਪਾਨ, ਰਹਿਤ-ਮਰਿਯਾਦਾ, ਧਰਮ-ਅਧਰਮ ਦੀ ਕੋਈ ਮਨਾਹੀ ਨਹੀਂ, ਸ਼ਰਾਬ ਦੀ ਕੋਈ ਮਨਾਹੀ ਨਹੀਂ ਹੈ। ਸਰੀਰਕ ਲੋੜਾਂ ਪੂਰੀਆਂ ਕਰਨ ਦੀ ਖੁਲ ਸੀ, ਜੋ ਸਿੱਖ ਆਸ਼ੇ ਦੇ ਬਿਲਕੁਲ ਉਲਟ ਸੀ।

ਇਸ ਸੰਪ੍ਰਦਾਇ ਦੇ ਤੀਜੇ ਮੁਖੀ ਗੁਰਬਚਨ ਸਿੰਘ 1963 ਈਂ ਵਿਚ ਬਣ ਜੋ ਅਵਤਾਰ ਸਿੰਘ ਦੇ ਪੁੱਤਰ ਸਨ। ਇਸ ਨੇ ਵੀ ਸਿੱਖ ਮਰਿਯਾਦਾ ਤੋਂ ਉਲਟ ਹੀ ਪ੍ਰਚਾਰ ਕੀਤਾ। ਇਸੇ 'ਸੰਤ ਨਿਰੰਕਾਰੀ ਮੰਡਲ' ਦੇ ਪੈਰਾ ਮਿਲਟਰੀ ਵਿੰਗ ਜਿਸ ਦੇ ਮੁਖੀ ਪ੍ਰਤਾਪ ਸਿੰਘ ਨੇ ਸ੍ਰੀ ਅੰਮ੍ਰਿਤਸਰ 'ਚ ਅਪ੍ਰੈਲ, 1978 ਨੂੰ ਨਿਰੰਕਾਰੀ ਦੇ ਗੁਰਮਤਿ ਵਿਰੋਧੀ ਪ੍ਰਚਾਰ ਦਾ ਸ਼ਾਤਮਈ ਵਿਰੋਧ ਕਰਨ ਤੇ 13 ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਅਤੇ ਬਹੁਤ ਸਾਰੇ ਸਿੱਖਾਂ ਨੂੰ ਜਖ਼ਮੀ ਕਰ ਦਿੱਤਾ।

ਇਸ ਘਟਨਾ ਪਿਛੋਂ ਮਿਤੀ 10/06/1978 ਈ. ਨੂੰ ਜਥੇਦਾਰ ਸਾਧੂ ਸਿੰਘ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੁਕਮਨਾਮਾ ਜਾਰੀ ਕਰਕੇ 'ਸੰਤ ਨਿਰੰਕਾਰੀ ਮੰਡਲ' ਨਾਲ ਹਰ ਤਰ੍ਹਾਂ ਦਾ ਮੇਲ ਜੋਲ ਤੋਂ ਸੰਸਾਰਕ ਸੰਬੰਧ ਅਤੇ ਰੋਟੀ-ਬੇਟੀ ਦੀ ਸਾਂਝ ਬੰਦ ਕਰਨ ਦਾ ਆਦੇਸ਼ ਕਰ ਦਿੱਤਾ।

### 1.3.12: ਅਭਿਆਸ ਲਈ ਪ੍ਰਸ਼ਨ:

**1.ਨਿਰੰਕਾਰੀ ਲਹਿਰ ਸ਼ੁਰੂ ਹੋਣ ਤੋਂ ਪਹਿਲਾ ਦੇ ਹਾਲਾਤ ਬਿਆਨ ਕਰੋ।**

2. ਨਿਰੰਕਾਰੀ ਲਹਿਰ ਦੀ ਸਥਾਪਨਾ ਅਤੇ ਇਸ ਵਲੋਂ ਕੀਤੇ ਗਏ ਕਾਰਜਾਂ ਬਾਰੇ ਨੋਟ ਲਿਖੋ

### 1.3.13: ਪੁਸਤਕ ਸੂਚੀ:

1. Navtej Singh (Ed.) Reflection on Baba Dayal and Nirankari Movement,
2. Surjeet Kaur Jolly, Sikh Revialist movement,
3. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ,
4. ਪਿਆਰਾ ਸਿੰਘ ਪਦਮ, ਸਿੱਖ ਸੰਪਰਦਾਵਲੀ
5. ਰੂਪ ਸਿੰਘ , ਹੁਕਮਨਾਮੇ ਆਦੇਸ਼ ਸੰਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ

**ਪਾਠ ਨੰਬਰ : 1.4** **ਲੇਖਕ : ਜਸਵੰਤ ਸਿੰਘ ਬੁੱਗਰ**

# ਅੰਗਰੇਜ਼ੀ ਸ਼ਾਸਨ ਦੌਰਾਨ ਸਿੱਖ ਸਮਾਜ, ਧਰਮ ਅਤੇ ਪਛਮੀ ਵਿਦਿਆ ਦਾ ਪ੍ਰਭਾਵ

**ਪਾਠ ਬਣਤਰ**

**1.4.1 ਉਦੇਸ਼**

**1.4.2 ਭੂਮਿਕਾ**

**1.4.3 ਸਿੱਖ ਸਮਾਜ ਅਤੇ ਧਰਮ**

**1.4.4: ਸਿੱਖ ਲਹਿਰਾਂ ਦੀ ਉਤਪਤੀ ਅਤੇ ਸਿੱਖ ਸਮਾਜ**

**1.4.5 ਪਛਮੀ ਵਿਦਿਆ ਦਾ ਪ੍ਰਭਾਵ**

- **1.4.5.1 ਅੰਗਰੇਜੀ ਭਾਸ਼ਾ**
- **1.4.5.2 ਈਸਾਈ ਮਤ ਦਾ ਪ੍ਰਚਾਰ**
- **1.4.5.3 ਅੰਗਰੇਜੀ ਸਰਕਾਰ**

**1.4.6 ਸਾਰ**

**1.4.7 ਅਭਿਆਸ ਲਈ ਪ੍ਰਸ਼ਨ**

**1.4.8 ਸਹਾਇਕ ਪੁਸਤਕ-ਸੂਚੀ**

**1.4.1 ਉਦੇਸ਼:** ਅੰਗਰੇਜੀ ਸ਼ਾਸਨ ਦੌਰਾਨ ਸਿੱਖ ਸਮਾਜ, ਧਰਮ ਅਤੇ ਪੱਛਮੀ ਵਿਦਿਆ ਦਾ ਪ੍ਰਭਾਵ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਅੰਗਰੇਜੀ ਸ਼ਾਸਨ ਵੇਲੇ ਦੇ ਸਿੱਖ ਸਮਾਜ, ਧਰਮ, ਲਹਿਰਾਂ ਆਦਿ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਅਤੇ ਸਿੱਖ ਸਮਾਜ ਉੱਪਰ ਵਿਦਿਆ ਦੇ ਪ੍ਰਭਾਵਾਂ ਬਾਰੇ ਜਾਣਕਾਰੀ ਦੇਣਾ ਹੈ।

**1.4.2 ਭੂਮਿਕਾ:** ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਬ੍ਰਿਟਿਸ਼ ਸਰਕਾਰ ਨੇ ਪੰਜਾਬ ਉੱਪਰ ਕਬਜਾ ਕਰ ਲਿਆ, ਇਸ ਦੇ ਵਿਰੋਧ ਵਿਚ ਨਤੀਜੇ ਵਜੋਂ ਸਿੱਖ ਲਹਿਰਾ ਦੀ ਉਤਪਤੀ ਹੋਈ। ਜਿੰਨਾ ਨੇ ਸਿੱਖ ਸਮਾਜ ਦੇ ਸੁਧਾਰ ਵਿਚ ਵਡਮੁਲਾ ਯੋਗਦਾਨ ਪਾਇਆ।ਅੰਗਰੇਜੀ ਸ਼ਾਸ਼ਨ ਦੇ ਕਾਰਣ

ਪੰਜਾਬ ਦੀ ਵਿੱਦਿਆ ਉਪਰ ਪੱਛਮੀ ਵਿਦਿਆ ਦਾ ਬਹੁਤ ਜਿਆਦਾ ਪ੍ਰਭਾਵ ਸੀ ਜਿਸ ਕਰਕੇ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਹੋਂਦ ਵਿਚ ਆਈਆ।

### 1.4.3 ਸਿੱਖ ਸਮਾਜ ਅਤੇ ਧਰਮ (1850 ਈ.– 1875 ਈ.)

**1850** ਈ. ਤੋਂ **1875** ਈ. ਤਕ ਦਾ ਸਮਾਂ ਅੰਗਰੇਜ਼ਾਂ ਦੇ ਪੰਜਾਬ ਵਿਚ ਪੂਰੀ ਤਰ੍ਹਾਂ ਕਾਬਜ਼ ਹੋਣ ਤੋਂ ਲੈ ਕੇ ਸਿੰਘ ਸਭਾ ਲਹਿਰ ਦੇ ਮੁਢਲੇ ਦੋ ਸਾਲਾਂ ਦਾ ਸਮਾਂ ਬਣਦਾ ਹੈ । ਇਸ ਸਮੇਂ ਦੌਰਾਨ ਪੰਜਾਬ ਵਿਚ ਸਿੱਖਾਂ ਅਤੇ ਧਰਮ ਦੀ ਸਥਿਤੀ ਕੀ ਸੀ ?, ਇਹ ਸਾਡਾ ਅਧਿਐਨ-ਵਿਸ਼ਾ ਹੈ । ਅਸੀਂ ਉਕਤ ਕਾਲ ਤੋਂ ਥੋੜ੍ਹਾ ਪਿਛੋਕੜ ਬਾਰੇ ਜਾਨਣਾ ਜ਼ਰੂਰੀ ਸਮਝਿਆ ਹੈ ਤਾਂ ਕਿ ਸਿੱਖ ਰਾਜ ਤੋਂ ਅੰਗਰੇਜ਼ੀ ਰਾਜ ਵਿਚ ਬਦਲਣ ਦੇ ਹਾਲਾਤਾਂ ਤੋਂ ਉਸ ਸਮੇਂ ਸਿੱਖ ਪੰਥ ਦੀ ਦਸ਼ਾ ਨੂੰ ਸਮਝ ਕੇ ਭਾਵ- ਜਗਤ ਗ੍ਰਹਿਣ ਕੀਤਾ ਜਾ ਸਕੇ ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੌਰਾਨ ਹੀ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰਨ ਦਾ ਫੁਰਨਾ ਲਿਆ । ਮਹਾਰਾਜੇ ਦੀ ਬੀਮਾਰੀ ਦੇ ਦਿਨਾਂ ਵਿਚ ਹੀ ਉਨ੍ਹਾਂ ਘੁਸਰ-ਮੁਸਰ ਕਰਨੀ ਸ਼ੁਰੂ ਕਰ ਦਿਤੀ । ਡਾਕਟਰ ਮੈਗ੍ਰੈਗਰ ਨੇ ਕਿਹਾ ਕਿ ਰਣਜੀਤ ਸਿੰਘ ਦੀ ਜਿੰਦਗੀ ਡਾਵਾਂ-ਡੋਲ ਹੈ ਅਤੇ ਅਧਰੰਗ ਦੇ ਨਵੇਂ ਬੁੱਲੇ ਨਾਲ ਕਿਸੇ ਵੇਲੇ ਵੀ ਬੁਝ ਸਕਦੀ ਹੈ । ਜਦ ਵੀ ਇਹ ਭਾਣਾ ਵਰਤਿਆ , ਅੰਗਰੇਜ਼ਾਂ ਦੇ ਲਾਹੌਰ ਪੁਜਣ ਤੋਂ ਪਹਿਲਾਂ ਚੋਖਾ ਲਹੂ-ਲੁਹਾਣ ਹੋਵੇਗਾ । ਇਸ ਲਈ ਇਸ ਤੋਂ ਬਚਣ ਵਾਸਤੇ ਇਹ ਚੰਗਾ ਭਾਸਦਾ ਹੈ ਕਿ ਉਸ ਰਾਜਧਾਨੀ (ਲਾਹੌਰ ) ਦੇ ਜਿਤਨਾ ਲਾਗੇ ਹੋ ਸਕੇ ਤਕੜੀ ਫ਼ੌਜ ਜਮ੍ਹਾ ਕਰ ਲਈ ਜਾਏ ( ਡਾ. ਗੰਡਾ ਸਿੰਘ, *ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ*, ਪੰਨਾ 14) ਉਨਾਂ ਨੇ ਇਸੇ ਤਰ੍ਹਾਂ ਹੀ ਕੀਤਾ ।**1838** ਵਿਚ ਫ਼ਿਰੋਜ਼ਪੁਰ 'ਤੇ ਕਬਜ਼ਾ ਕਰਕੇ ਛਾਉਣੀ ਬਣਾ ਲਈ । ਉਪਰੰਤ ਪਠਾਣਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਵਿਚਕਾਰ ਪਸ਼ੌਰ ਦੇ ਮਾਮਲੇ ਵਿਚ 'ਪਾੜੋ ਤੇ ਰਾਜ ਕਰੋ' ਦੀ ਨੀਤੀ ਕਰਨੀ ਚਾਹੀ ਪਰ ਮਹਾਰਾਜਾ ਰਣਜੀਤ ਸਿੰਘ ਇਨ੍ਹਾਂ ਦੀ ਚਾਲਾਂ ਤੋਂ ਭਲੀ ਭਾਂਤ ਵਾਕਫ਼ ਸੀ । ਅਖੀਰ, ਮਹਾਰਾਜਾ ਰਣਜੀ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਮਨਸੂਬੇ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ । ਉਨ੍ਹਾਂ ਨੇ **20** ਫ਼ਰਵਰੀ **1856** ਈ. ਨੂੰ ਲਾਹੌਰ 'ਤੇ ਕਬਜ਼ਾ ਕਰ ਲਿਆ। **9** ਮਾਰਚ **1849** ਈ. ਨੂੰ ਨਾਬਾਲਗ ਮਹਾਰਾਜਾ ਦਲੀਪ ਸਿੰਘ ਦੇ ਸਿਰ ਅੰਗਰੇਜ਼ਾਂ ਵਲੋਂ ਇਕ ਅਹਿਦਨਾਮਾ ਮੜ੍ਹਿਆ ਗਿਆ ਜੋ ਡਾ. ਗੰਡਾ ਸਿੰਘ ਅਨੁਸਾਰ ਇਉਂ ਹੈ :

1. (ੳ) ਅੰਗਰੇਜ਼ਾਂ ਨੇ ਜਾਲੰਧਰ ਦੁਆਬ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ ।
   (ਅ) ਲੜਾਈ ਦੇ ਖਰਚੇ ਦੀ ਕੁਝ ਰਕਮ ਬਦਲੇ ਅੰਗਰੇਜ਼ਾਂ ਨੇ ਸਿੰਧ ਅਤੇ ਬਿਆਸ ਦਰਿਆਵਾਂ ਦੇ ਵਿਚਕਾਰਲਾ ਸਾਰਾ ਪਹਾੜੀ ਇਲਾਕਾ ਲੈ ਲਿਆ ਜੋ ਕਿ ਗੁਲਾਬ ਸਿੰਘ ਨੂੰ ਦੇਣਾ ਸੀ ਜਿਸ ਨੂੰ ਕਿ ਮਹਾਰਾਜਾ ਦਲੀਪ ਸਿੰਘ ਨੇ ਪਰਵਾਣ ਕਰਨਾ ਸੀ ।
   (ੲ) ਅਹਿਦਨਾਮੇ ਦੀ ਪਰਵਾਣਗੀ ਤੋਂ ਪਹਿਲਾਂ ਜਾਂ ਉਸ ਵੇਲੇ ਅੰਗਰੇਜ਼ਾਂ ਨੇ ਪੰਜਾਹ ਲੱਖ ਰੁਪਇਆ ਲੈਣਾ ਕੀਤਾ ।
2. ਸਿੱਖ ਫ਼ੌਜ ਘਟਾ ਕੇ ਅਠ-ਅਠ ਸੌ ਦੀ ਨਫ਼ਰੀ ਦੀਆਂ 25 ਪਲਟਣਾਂ ਅਤੇ 12000 ਘੋੜ-ਚੜ੍ਹੇ ਕਰ ਦਿਤੀ ਜਾਏਗੀ ।
3. ਜੰਗ ਵਿਚ ਵਰਤੀਆਂ ਗਈਆਂ ਸਾਰੀਆਂ ਤੋਪਾਂ ਅੰਗਰੇਜ਼ਾਂ ਦੇ ਹਵਾਲੇ ਕਰ ਦਿਤੀਆਂ ਜਾਣਗੀਆਂ ।
4. ਲੋੜ ਪੈਣ 'ਤੇ ਅੰਗਰੇਜ਼ੀ ਫ਼ੌਜਾਂ ਨੂੰ ਪੰਜਾਬ ਵਿਚ ਦੀ ਲੰਘਣ ਦੀ ਖੁੱਲ੍ਹ ਹੋਵੇਗੀ ।

ਇਸ ਅਹਿਦਨਾਮੇ ਨੇ ਸਿੱਖ ਜਨਤਾ 'ਤੇ ਵੀ ਗਹਿਰਾ ਪ੍ਰਭਾਵ ਪਿਆ ਪਰ ਸਾਰੇ ਮਜ਼ਬੂਰ ਸਨ । ਉਕਤ ਵਧੀਕੀਆਂ ਤੋਂ ਤੀਜੇ ਦਿਨ ਹੀ ਅੰਗਰੇਜ਼ਾਂ ਨੇ ਇਕ ਹੋਰ ਅਹਿਦਨਾਮਾ ਲਾਹੌਰ ਦਰਬਾਰ 'ਤੇ ਥੋਪਿਆ ਗਿਆ ਜਿਸ ਵਿਚ ਲਿਖੇ ਸ਼ਬਦਾਂ ਨੂੰ ਡਾ. ਗੰਡਾ ਸਿੰਘ ਨੇ ਇਉਂ ਦਸਿਆ ਹੈ :

5. ਕਾਫ਼ੀ ਗਿਣਤੀ ਵਿਚ ਅੰਗਰੇਜ਼ੀ ਫ਼ੌਜ ਇਕ ਸਾਲ ਲਈ ਲਾਹੌਰ ਵਿਚ ਰਖੀ ਜਾਏਗੀ ਜਿਸਦਾ ਲਾਹੌਰ ਦੇ ਸ਼ਹਿਰ ਅਤੇ ਕਿਲ੍ਹੇ ਉਤੇ ਪੂਰਾ-ਪੂਰਾ ਕਬਜ਼ਾ ਹੋਵੇਗਾ ।
6. ਸਰਕਾਰ ਅੰਗਰੇਜ਼ੀ ਸਰਕਾਰ ਲਾਹੌਰ ਦੇ ਇਲਾਕੇ ਦੇ ਜਾਗੀਰਦਾਰਾਂ ਦੇ ਯੋਗ ਹੱਕਾਂ ਨੂੰ ਪਰਵਾਨ ਕਰੇਗੀ ।
7. ਸਰਕਾਰ ਅੰਗਰੇਜ਼ੀ ਨੂੰ ਖੁੱਲ੍ਹ ਹੋਵੇਗੀ ਕਿ ਸਿੱਖਾਂ ਦੇ ਲਏ ਗਏ ਇਲਾਕਿਆਂ ਦੇ ਕਿਲਿਆਂ ਵਿਚ ਪਈ ਸਰਕਾਰੀ ਜਾਇਦਾਦ ਦਾ ਯੋਗ ਮੁਲ ਦੇ ਕੇ ਰਖ ਲਵੇ ।

ਉਪਰੋਕਤ ਅਹਿਦਨਾਮਿਆਂ ਨੇ ਪੰਜਾਬ ਨੂੰ ਇਕ ਨਿਹਥੇ ਸਿਪਾਹੀ ਵਾਂਗ ਬਣਾ ਦਿਤਾ । ਨਾ ਮਹਾਰਾਜੇ ਦੇ ਪੱਲੇ ਕੁਝ ਰਿਹਾ ਅਤੇ ਨਾ ਸਰਦਾਰਾਂ ਦੇ ਪੱਲੇ ਕੁਝ ਰਹਿਣ ਦਿਤਾ । ਅਸਲ ਵਿਚ ਅੰਗਰੇਜ਼ ਪੰਜਾਬ ਨੂੰ ਅਜਿਹੀ ਸਥਿਤੀ ਵਿਚ ਖੜ੍ਹਾ ਕਰ ਦੇਣਾ ਚਾਹੁੰਦੇ ਸਨ ਕਿ ਇਹ ਪ੍ਰਾਂਤ ਮੁੜ ਆਜ਼ਾਦ ਹੋਣ ਦੇ ਯੋਗ ਹੀ ਨਾ ਰਹੇ ਕਿਉਂਕਿ ਪੰਜਾਬ ’ਤੇ ਉਨ੍ਹਾਂ ਦਾ ਕਬਜ਼ਾ ਸਸਤੇ ਵਿਚ ਹੀ ਨਹੀਂ ਹੋਇਆ ਸੀ । ਪੰਜਾਬ ਪ੍ਰਤੀ ਆਪਣੀ ਨੀਤੀ ਨੂੰ ਸਰ ਹੈਨਰੀ ਹਾਰਡਿੰਗ **13** ਅਕਤੂਬਰ **1847** ਈ. ਨੂੰ ਹੈਨਰੀ ਲਾਰੰਸ ਨੂੰ ਲਿਖੇ ਪਤਰ ਰਾਹੀਂ ਇਉਂ ਜ਼ਾਹਰ ਕੀਤਾ ਹੈ ( ਡਾ. ਗੰਡਾ ਸਿੰਘ, *ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ*, ਪੰਨਾ 89) :

‘ਮਹਾਰਾਜੇ ਦੀ ਨਾਬਾਲਗੀ ਵਿਚ ਰਾਜ ਪ੍ਰਬੰਧ ਕਰਨ ਵੇਲੇ ਮਨ ਵਿਚ ਇਹ ਧਾਰ ਲੈਣਾ ਚਾਹੀਦਾ ਹੈ ਕਿ ਮਾਰਚ **1846** ਦੇ ਅਹਿਦਨਾਮੇ ਅਨੁਸਾਰ ਪੰਜਾਬ ਨੇ ਮੁੜ ਕਦੀ ਵੀ ਆਜ਼ਾਦ ਨਹੀਂ ਹੋਣਾ । ਜੋ ਸ਼ਰਤ ਮੈ ਅਹਿਦਨਾਮੇ ਵਿਚ ਪਾਈ ਸੀ ਉਸਦੇ ਮੁਤਾਬਕ ਨਾ ਮਹਾਰਾਜਾ ਕਿਸੇ ਨਾਲ ਲੜਾਈ ਕਰ ਸਕਦਾ ਹੈ ਨਾ ਅਮਨ ਦਾ ਇਕਰਾਰ । ਉਹ ਇਕ ਘੁਮਾਉ ਜ਼ਮੀਨ ਨਾ ਵੇਚ ਸਕਦਾ ਹੈ ਨਾ ਬਦਲ । ਉਹ ਕਿਸੇ ਯੂਰਪੀਨ ਅਫ਼ਸਰ ਨੂੰ ਨੌਕਰ ਨਹੀਂ ਰਖ ਸਕਦਾ, ਨਾ ਸਾਨੂੰ ਆਪਣੇ ਇਲਾਕੇ ਵਿਚੋਂ ਰਾਹ ਦੇਣੋਂ ਨਾਂਹ ਕਰ ਸਕਦਾ ਹੈ । ਗਲ ਕੀ ਉਹ ਕੋਈ ਕੰਮ ਵੀ ਸਾਡੀ ਆਗਿਆ ਤੋਂ ਬਿਨਾ ਨਹੀਂ ਕਰ ਸਕਦਾ । ਅਸਲ ਵਿਚ ਮਹਾਰਾਜਾ ਜ਼ੰਜ਼ੀਰਾਂ ਨਾਲ ਨਰੜਿਆ ਹੋਇਆ ਸਾਡੀ ਰਾਖੀ ਵਿਚ ਹੈ ਅਤੇ ਉਸਨੂੰ ਸਾਡਾ ਹੁਕਮ ਮੰਨਣਾ ਪਵੇਗਾ ।’

ਇਥੇ ਹੀ ਬਸ ਨਹੀਂ, ਬਿਨਾ ਕਿਸੇ ਸਬੂਤ ਦੇ **15** ਮਈ **1848** ਈ. ਨੂੰ ਮਹਾਰਾਣੀ ਜਿੰਦ ਕੌਰ ਨੂੰ ਸ਼ਾਮ ਵੇਲੇ ਸੇਖੂਪੁਰੇ ਦੇ ਕਿਲ੍ਹੇ ਵਿਚੋਂ ਬਾਹਰ ਕਢ ਦਿਤਾ ਅਤੇ ਬਾਅਦ ਵਿਚ ਸੇਖੂਪੁਰੇ ਹੀ ਕੈਦ ਕਰ ਦਿਤਾ ਗਿਆ । ਸਰਦਾਰ ਜੀਵਨ ਸਿੰਘ ਵਲੋਂ ਮਹਾਰਾਣੀ ਦਾ ਵਕੀਲ ਬਣਨ ਦੀ ਬੇਨਤੀ ਨਾ ਮੰਨਣ ’ਤੇ ਉਸਨੇ **23** ਫ਼ਰਵਰੀ **1848** ਈ. ਨੂੰ ਸਰਕਾਰ ਕੋਲ ਇਕ ਅਰਜ਼ੀ ਦਾਇਰ ਕੀਤੀ ਜਿਸ ਵਿਚ ਮਹਾਰਾਣੀ ਨਾਲ ਹੈਵਾਨਾਂ ਵਰਗਾ ਵਿਹਾਰ ਕਰਨ ਸੰਬੰਧੀ ਲਿਖਿਆ ਸੀ, ਡਾ. ਗੰਡਾ ਸਿੰਘ ਨੇ ਇਉਂ ਅੰਕਿਤ ਕੀਤਾ ਹੈ :

‘ਮਹਾਰਾਣੀ ਨੂੰ ਕੈਦ ਵਿਚ ਬੜੇ ਕਰੜੇ ਪਹਿਰੇ ਹੇਠ ਰਖਿਆ ਹੋਇਆ ਹੈ । ਉਹ ਸੇਖੂਪੁਰੇ ਦੇ ਕਿਲ੍ਹੇ ਵਿਚ ਬੰਦ ਹੈ ਜਿਥੇ ਕਿ ਆਮ ਬਦਮਾਸ਼ ਰਖੇ ਜਾਇਆ ਕਰਦੇ ਸਨ ਅਤੇ ਮਹਾਰਾਣੀ ਉਤੇ ਪਹਿਰਾ ਉਨ੍ਹਾਂ ਲੋਕਾਂ ਦਾ ਹੈ ਜਿਨ੍ਹਾਂ ਪਾਸੋਂ ਆਪਣੀ ਅਤੇ ਆਪਣੇ ਪੁਤਰ ਦੀ ਜਾਨ ਨੂੰ ਖਤਰਾ ਹੋਣ ਕਰਕੇ ਉਸਨੇ ਲਾਹੌਰ ਵਿਚ ਅੰਗਰੇਜ਼ੀ ਫ਼ੌਜ ਰਖਣੇ ਦੀ ਮੰਗ ਕੀਤੀ ਸੀ । ਇਥੋਂ ਤਕ ਕਿ ਧਾਰਮਿਕ ਗ੍ਰੰਥ ਵੀ ਨਹੀਂ ਜਾਣ ਦਿਤੇ ਜਾਂਦੇ । ਨੌਕਰਾਣੀਆਂ ਵੀ ਉਹ ਆਪਣੀ ਮਰਜ਼ੀ ਦੀਆਂ ਨਹੀਂ ਰਖ ਸਕਦੀ । ਉਹ ਵੀ ਵਿਰੋਧੀਆਂ ਦੀਆਂ ਨਿਯਤ ਕੀਤੀਆਂ ਹੋਈਆਂ ਹਨ । ਉਸਦੇ ਨਾਲ ਇਤਨਾ ਭੈੜਾ ਸਲੂਕ ਕੀਤਾ ਜਾ ਰਿਹਾ ਹੈ ਕਿ ਉਸਨੂੰ ਆਪਣੀ ਮਰਜ਼ੀ ਦੀ ਖੁਰਾਕ ਵੀ ਨਹੀਂ ਖਾਣ ਦਿਤੀ ਜਾਂਦੀ ।’

ਇਸ ਤਰ੍ਹਾਂ ਅੰਗਰੇਜ਼ਾਂ ਦੀਆਂ ਜਿਆਦਤੀਆਂ ਦਾ ਸਿਲਸਿਲਾ ਵਧਦਾ ਗਿਆ । ਚੇਲੀਆਂ ਵਾਲੇ ਤੇ ਗੁਜਰਾਤ ਦੀ ਹਾਰ ਉਪਰੰਤ ਅੰਗਰੇਜ਼ਾਂ ਨੇ ਸਮੁਚੇ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਅਧੀਨ ਕਰ ਲਿਆ । ਲਾਰਡ ਡਲਹੌਜੀ ਦੀ ਇਸ ਬਦਨੀਤੀ ਨੂੰ ਸਰ ਹੈਨਰੀ ਲਾਰੰਸ ਨੇ ਪਹਿਲਾਂ ਹੀ ਗ਼ੈਰ-ਵਾਜ਼ਬ ਕਹਿ ਦਿਤਾ ਸੀ ਜਦ ਉਸਨੇ ਇਕ ਪਤਰ ਰਾਹੀਂ ਸਿੱਖਾਂ ਤੇ ਰਾਜ ਘਰਾਣੇ ਦਾ ਮਲੀਆਮੇਟ ਕਰਨ ਸੰਬੰਧੀ ਲਿਖਿਆ ਸੀ । ਸਰ ਹੈਨਰੀ ਲਾਰੰਸ ਦਾ ਜਵਾਬ ਇਸ ਤਰ੍ਹਾਂ ਸੀ, ‘ ਮੇਰਾ ਆਪਣਾ ਵਿਚਾਰ ,ਜਿਵੇਂ ਕਿ ਮੈਂ ਅਗੇ ਵੀ ਸਰਕਾਰ ਨੂੰ ਲਿਖ ਚੁਕਾ ਹਾਂ, ਕਬਜ਼ੇ ਦੇ ਵਿਰੁਧ ਹੈ । ਮੈਂ ਇਸਨੂੰ ਬੇ-ਇਨਸਾਫ਼ੀ ਸਮਝਦਾ ਸਾਂ । ਹੁਣ ਮੈਂ ਇਸਨੂੰ ਨੀਤੀ ਵਿਰੁਧ ਸਮਝਦਾ ਹਾਂ ।’ ਇਸ ਉਪਰੰਤ ਲਾਰਡ ਡਲਹੌਜੀ ਨੇ ਹੈਨਰੀ ਲਾਰੰਸ ਨੂੰ ਬੁਲਾਇਆ ਪਰ ਉਸਨੇ ਆਪਣੀ ਜਗ੍ਹਾ ਆਪਣੇ ਅਧੀਨ ਕਰਮਚਾਰੀ, ਜੌਨ ਲਾਰੰਸ ਨੂੰ ਭੇਜ ਦਿਤਾ ਜਿਸਨੇ

ਡਲਹੌਜੀ ਦੇ ਕਬਜ਼ਾ ਕਰਨ ਨੂੰ ਅਮਲੀ ਰੂਪ ਦੇਣ ਲਈ ਝਟਪਟ ਕਿਹਾ, ‘ ਦੇਰ ਨਾ ਕਰੋ, ਖ਼ਾਲਸਿਆਂ ਨੂੰ ਮੁੜ ਸਿਰ ਚੁਕਣ ਦੀ ਆਗਿਆ ਬਿਲਕੁਲ ਨਹੀਂ ਦੇਣੀ ਚਾਹੀਦੀ ।’ ਵਿਚਾਰ-ਵਟਾਂਦਰੇ ਤੋਂ ਬਾਅਦ ਉਨ੍ਹਾਂ ਨੇ ਕਬਜ਼ੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਹਦਾਇਤਾਂ ਤਿਆਰ ਕੀਤੀਆਂ ਅਤੇ ਸਰਦਾਰਾਂ ਦੇ ਇਤਰਾਜ਼ ਕਰਨ ਦੇ ਬਾਵਜੂਦ ਉਨ੍ਹਾਂ ਦੇ ਅਤੇ ਮਹਾਰਾਜੇ ਦੇ ਜ਼ਬਰਦਸਤੀ ਦਸਖਤ ਲੈ ਲਏ ਗਏ। ਡਲਹੌਜੀ ਦੀ ਪੰਜਾਬ ਸੰਬੰਧੀ ਨੀਤੀ ਵਿਚ ਅਖਲਾਕੀ ਕਮਜ਼ੋਰੀਆਂ ਕਾਰਨ ਕੁਝ ਇਤਿਹਾਸਕਾਰਾਂ ਨੇ ਪੰਜਾਬ ਦੇ ਕਬਜ਼ੇ ਨੂੰ ‘ਪੰਜਾਬ ਉਤੇ ਸੰਨ੍ਹ’ ਦਾ ਨਾਂ ਵੀ ਦਿਤਾ ਹੈ ।

ਕਬਜ਼ੇ ਉਪਰੰਤ ਡਲਹੌਜੀ ਨੇ ਅੰਗਰੇਜ਼ੀ ਰਾਜ ਨੂੰ ਮਜਬੂਤ ਬਣਾਉਣ ਲਈ ਨਵੀਂ ਵਿਉਂਤਬੰਦੀ ਅਧੀਨ ‘ਰਾਜ ਪ੍ਰਬੰਧ ਬੋਰਡ’ ਬਣਾ ਕੇ ਨਵੇਂ ਰਾਜਨਤੀਕ ਢਾਂਚੇ ਦੀ ਸਥਾਪਨਾ ਕੀਤੀ ।ਇਸ ਬੋਰਡ ਵਿਚ ਹੈਨਰੀ ਲਾਰੰਸ ( ਪ੍ਰਧਾਨ ), ਜੌਨ ਲਾਰੰਸ ਤੇ ਚਾਰਲਸ ਮੈਨਸਲ ਸਨ । ਡਾ. ਗੰਡਾ ਸਿੰਘ ਨੇ ਇਸ ‘ਤ੍ਰਿਮੂਰਤੀ ਮੰਡਲ’ ਦੀ ਕਾਰਜ-ਪ੍ਰਣਾਲੀ ਬਾਬਤ ਇਉਂ ਦਸਿਆ ਹੈ :

1. ਹੈਨਰੀ ਲਾਰੰਸ ਨੇ ਫ਼ੌਜੀ ਅਤੇ ਰਾਜਨਤਿਕ ਮਾਮਲਿਆਂ ਦੀ ਜ਼ਿੰਮੇਵਾਰੀ ਸੰਭਾਲੀ ।
2. ਜੌਨ ਲਾਰੰਸ ਨੇ ਮਾਲੀ ਤੇ ਜ਼ਮੀਨ-ਨਿਪਟਾਰੇ ਦੇ ਮਾਮਲਿਆਂ ਦਾ ਕੰਮ ਸੰਭਾਲਿਆ ।
3. ਮੈਨਸਲ ਨੂੰ ਨਿਆਂ-ਪਾਲਕ ਤੇ ਕਾਨੂੰਨੀ ਮਾਮਲਿਆਂ ਸੰਬੰਧੀ ਥਾਪਿਆ ਗਿਆ ।

ਉਪਰੋਕਤ ਤਿੰਨੇ ਮੈਂਬਰ ਆਪਣੇ ਵਿਸ਼ੇਸ਼ ਖੇਤਰਾਂ ਵਿਚ ਨੀਤੀਆਂ , ਨਿਯਮ ਘੜਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿਚ ਸਾਂਝੇ ਰੂਪ ਵਿਚ ਜ਼ਿੰਮੇਵਾਰ ਸਨ । ਇਸ ਤਰ੍ਹਾਂ ਡਲਹੌਜੀ ਦੀ ਪੰਜਾਬ ਵਿਚ ਨਵੀਂ ਪ੍ਰਣਾਲੀ ‘ਵਡੀ ਮਿਹਨਤ ਅਤੇ ਇਕਠੀ ਜ਼ਿੰਮੇਵਾਰੀ’ ਦੀ ਸੀ । ‘ਰਾਜ ਪ੍ਰਬੰਧ ਬੋਰਡ’ ਦੀ ਸਥਾਪਤੀ ਤਾਂ ਹੋ ਚੁਕੀ ਸੀ ਪਰ ਉਸ ਸਮੇਂ ਹੀ ਇਹ ਕਾਫ਼ੀ ਅੰਦਰੂਨੀ ਸਮਸਿਆਵਾਂ ਵਿਚ ਘਿਰਿਆ ਹੋਇਆ ਸੀ, ਜਿਵੇਂ :

1. ਪ੍ਰਧਾਨ ਹੋਣ ਦੇ ਬਾਵਜੂਦ ਹੈਨਰੀ ਲਾਰੰਸ ਦਾ ਮਾਮਲਿਆਂ ਸੰਬੰਧੀ ਆਜ਼ਾਦ ਨਾ ਹੋਣਾ ।
2. ਨਵੇਂ ਕਮਾਂਡਰ-ਇਨ-ਚੀਫ਼ ਦਾ ਫ਼ੌਜੀ ਰਾਜ ਸਥਾਪਤ ਕਰਨ ਦੀ ਇਛਾ ਰਖਣਾ ਜਦ ਕਿ ਹੈਨਰੀ ਦੁਆਰਾ ਸਿਵਿਲ ਸਰਕਾਰ ਦੀ ਸਥਾਪਤੀ ਦੀ ਹਮਾਇਤ ਕਰਨਾ ।
3. ਪ੍ਰਬੰਧਕਾਂ ਦੇ ਆਪਸੀ ਮਤਭੇਦਾਂ ਵਾਲੀ ਸਥਿਤੀ ਵਿਚ ਯੋਧੇ ਸਿੱਖਾਂ ਨੂੰ ਸ਼ਾਂਤ ਤੇ ਸਹਿਮਤ ਕਰਨਾ, ਆਦਿ ।

ਉਪਰ ਵਰਣਿਤ ਪ੍ਰਸਥਿਤੀਆਂ ਵਿਚ ਨੀਤੀਆਂ/ ਨਿਯਮਾਂ ਨੂੰ ਲਾਗੂ ਕਰਨਾ ਬੜਾ ਮੁਸ਼ਕਿਲ ਕਾਰਜ ਸੀ । ਸਭ ਤੋਂ ਪਹਿਲਾਂ ਜਨਰਲ ਸਕਤਰ ਐਲੀਅਟ ਨੇ 19 ਮਾਰਚ ਨੂੰ ਲਾਹੌਰ ਦੇ ਕਿਲ੍ਹੇ ਵਿਚ ਲੋਕ ਦਰਬਾਰ ਲਾ ਕੇ ਪਹਿਲਾਂ ਆਪਣੀਆਂ ਸ਼ਰਤਾਂ ਸੁਣਾਈਆਂ ਅਤੇ ਫਿਰ ਇਨ੍ਹਾਂ ਨੂੰ ਲਾਗੂ ਕਰਨ ਲਈ, ਸਰਦਾਰਾਂ ਵਲੋਂ ਦਇਆ ਕਰਨ ਦੀ ਬੇਨਤੀ ਕਰਨ ਦੇ ਬਾਵਜੂਦ ਉਨ੍ਹਾਂ ਅਤੇ ਮਹਾਰਾਜਾ ਦਲੀਪ ਸਿੰਘ ਦੇ ਜ਼ਬਰਦਸਤੀ ਦਸਖਤ ਲੈ ਲਏ ।ਇਸ ਨਾਲ ਜੋ ਆਰਥਿਕ ਨੁਕਸਾਨ ਹੋਇਆ, ਉਹ ਨਿਮਨਲਿਖਤ ਹੈ :

1. ਮਹਾਰਾਜਾ ਦਲੀਪ ਸਿੰਘ ਦੀ ਸਾਰੀ ਜਾਇਦਾਦ ਈਸਟ ਇੰਡੀਆ ਕੰਪਨੀ ਨੇ ਜ਼ਬਤ ਕਰ ਲਈ ਅਤੇ ਮਹਾਰਾਜੇ ਨੂੰ ੫ ਲਖ ਪੈਨਸਨ ਦਿਤੀ ਗਈ ।
2. ਜਿਨ੍ਹਾਂ ਸਰਦਾਰਾਂ ਨੇ ਅੰਗਰੇਜ਼ਾਂ ਵਿਰੁਧ ਲੜਾਈਆਂ ਵਿਚ ਭਾਗ ਨਹੀਂ ਲਿਆ ਸੀ ਉਨ੍ਹਾਂ ਨੂੰ ਪੈਨਸਨਾਂ ਦੇ ਕੇ ਘਰ ਭੇਜ ਦਿਤਾ ਗਿਆ।
3. 19 ਮਾਰਚ 1949 ਈ. ਨੂੰ ਪ੍ਰਸਿਧ ‘ਕੋਹਿਨੂਰ ਹੀਰਾ’ ਮਲਕਾ ਵਿਕਟੋਰੀਆ ਦੇ ਕਬਜ਼ੇ ਵਿਚ ਚਲਾ ਗਿਆ ।
4. ਸਰਦਾਰਾਂ ਦੇ, ਜੋ ਕਿਲ੍ਹੇ ਅੰਗਰੇਜ਼ਾਂ ਨੂੰ ਨਹੀਂ ਲੋੜੀਂਦੇ ਸਨ, ਉਹ ਸਾਰੇ ਢਾਹ ਦਿਤੇ ਗਏ ।
5. ਸਿੱਖ ਸਿਪਾਹੀਆਂ ਦੇ ਹਥਿਆਰ ਜ਼ਬਤ ਕਰਕੇ ਉਨ੍ਹਾਂ ਦੀ ਪਕੀ ਛੁਟੀ ਕਰ ਦਿਤੀ ਗਈ ਕਿਉਂਕਿ ਅੰਗਰੇਜ਼ ਸਿੱਖਾਂ ਦੀ ਬਹਾਦਰੀ ਦੇ ਜਲਵੇ ਦੇਖ ਚੁਕੇ ਸਨ । ਡਾ. ਗੰਡਾ ਸਿੰਘ ਨੇ ਇਨ੍ਹਾਂ ਸਿਪਾਹੀਆਂ ਦੀ ਗਿਣਤੀ 1,79,796 ਦਸੀ ਹੈ ।

ਦੂਜੇ ਪਾਸੇ ਅੰਗਰੇਜ਼ੀ ਕੂਟਨੀਤੀ ਨਾਲ ਡਲਹੌਜ਼ੀ ਨੇ ਲੜਾਕੂ ਸਿੱਖ ਸਿਪਾਹੀਆਂ ਦੀ ਭਰਤੀ ਕਰਕੇ ਪੰਜ ਰਜਮੈਂਟਾਂ ਅਤੇ ਪੰਜ ਦਸਤੇ ਬਣਾਏ ਕਿਉਂਕਿ ਅੰਗਰੇਜ਼ਾਂ ਨੂੰ ਸਿੱਖ ਸਿਪਾਹੀਆਂ ਦੀ ਵਫ਼ਾਦਾਰੀ 'ਤੇ ਕੋਈ ਸ਼ੱਕ ਨਹੀਂ ਸੀ । ਹੁਣ ਅੰਗਰੇਜ਼ਾਂ ਨੇ ਸਥਾਪਤ ਬੋਰਡ ਰਾਹੀਂ ਪੰਜਾਬ ਤੇ ਅਫ਼ਗਾਨਿਸਤਾਨ ਵਿਚਕਾਰ ਪਕੀ ਸਰਹੱਦ ਬਣਾਉਣੀ ਸੀ ।ਇਸ ਮਨੋਰਥ ਪੂਰਤੀ ਲਈ ਉਨ੍ਹਾਂ ਨੇ ਨਵੀਂ ਭਰਤੀ ਕੀਤੀ ਜਿਸਦਾ ਨਾਂ 'ਪੰਜਾਬ ਫਰੰਟੀਅਰ ਫੋਰਸ' ਰਖਿਆ ਗਿਆ ਜਿਸਨੇ ਆਪਣਾ ਕਾਰਜ ਬਾਖੂਬੀ ਪੂਰਾ ਕੀਤਾ ।ਇਸ ਕਾਰਜ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਵਿਚ ਅੰਦਰੂਨੀ ਮਾਮਲਿਆਂ ਸੰਬੰਧੀ ੧੫੦੦੦ ਨਫਰੀ ਦੀ ਪੁਲਿਸ ਭਰਤੀ ਕੀਤੀ ਜਿਸਨੂੰ ਦੋ ਭਾਗਾਂ ਵਿਚ ਵੰਡ ਕੇ ਹੇਠ ਲਿਖੇ ਕਾਰਜ ਸੌਂਪੇ :

1. ਮਿਲਟਰੀ ਪੁਲਿਸ - ਦੇਸ਼ ਵਿਚ ਚੱਕਰ ਲਾਉਣੇ, ਖ਼ਜਾਨਿਆਂ ਤੇ ਜੇਲ੍ਹਾਂ ਦੀ ਰਾਖੀ ਕਰਨੀ ।
2. ਸਿਵਿਲ ਪੁਲਿਸ - ਪਿੰਡਾਂ ਤੇ ਸ਼ਹਿਰਾਂ ਦੀ ਨਿਗਰਾਨੀ ਤੇ ਰਾਖੀ ਕਰਨੀ ।

ਹੁਣ ਅੰਗਰੇਜ਼ਾਂ ਨੇ ਰਾਜ ਪ੍ਰਬੰਧ ਨੂੰ ਮੁੜ ਵਿਉਂਤਣ ਦੀ ਲੋੜ ਸਮਝੀ ਅਤੇ ਜੌਨ ਲਾਰੰਸ ਨੂੰ ਚੀਫ਼ ਕਮਿਸਨਰ ਲਾ ਦਿਤਾ । ਉਸਨੇ ਪੰਜਾਬ ਨੂੰ ਜਿਲ੍ਹਿਆਂ ਵਿਚ ਵੰਡ ਕੇ ਉਸ ਜਿਲ੍ਹੇ ਬਾਬਤ ਪੂਰੀ ਜਾਣਕਾਰੀ ਰਖਣ ਵਾਲੇ ਨੂੰ ਜਿਲ੍ਹਾ ਇੰਚਾਰਜ ਲਾ ਦਿਤਾ । ਆਰਥਿਕ ਪ੍ਰਣਾਲੀ ਅਧੀਨ ਕਰਾਂ ਵਿਚ ਛੋਟ ਕੀਤੀ ਜਿਸ ਨਾਲ ਕਿਸਾਨ ਵਰਗ ਨੇ ਥੋੜ੍ਹੀ ਰਾਹਤ ਮਹਿਸੂਸ ਕੀਤੀ । ਜੌਨ ਲਾਰੰਸ ਨੇ 1853 ਈ. ਤੋਂ 1858 ਈ. ਤਕ ਪੰਜਾਬ ਵਿਚ ਕਾਫ਼ੀ ਕਾਰਜ ਕੀਤੇ ਜਿਨ੍ਹਾਂ ਸਦਕਾ ਉਹ ਲੋਕਾਂ ਦਾ ਮਨ ਜਿਤਣ ਦੀ ਨੀਤੀ ਵਿਚ ਸਫਲ ਹੋਇਆ, ਉਹ ਇਸ ਪ੍ਰਕਾਰ ਹਨ :

1. ਸਿੱਖਾਂ ਦੀ ਵਿਰਾਸਤੀ ਧਰਤੀ 'ਤੇ ਸਿੱਖਾਂ ਦੇ ਹੱਕ ਨੂੰ ਪ੍ਰਵਾਨ ਕਰਨਾ ।
2. ਲਾਹੌਰ ਦਰਬਾਰ ਦੇ ਆਸ਼ਰਿਤਾਂ ਨੂੰ ਗੁਜ਼ਾਰਾ ਜਾਂ ਸਹਾਇਤਾ ਦੇਣੀ ।
3. ਸਿੱਖਾਂ ਦੇ ਪਵਿਤਰ ਅਸਥਾਨਾਂ, ਜਿਵੇਂ ਅੰਮ੍ਰਿਤਸਰ, ਨਨਕਾਣਾ ਸਾਹਿਬ, ਤਰਨਤਾਰਨ ਤੇ ਆਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੀਆਂ ਗਰਾਂਟਾਂ ਅਤੇ ਧਰਮਾਰਥ ਪਕੇ ਕਰਨੇ ।

ਉਪਰੋਕਤ ਤੋਂ ਇਲਾਵਾ ਆਵਾਜਾਈ ਦੇ ਸਾਧਨਾਂ, ਨਹਿਰਾਂ ਖੁਦਵਾਉਣਾ, ਆਦਿ ਕਾਰਜਾਂ ਨਾਲ ਜਿਥੇ ਲੋਕਾਂ ਨੂੰ ਕੁਝ ਸਹੂਲਤਾਂ ਪ੍ਰਾਪਤ ਹੋਈਆਂ ਉਥੇ ਬਾਅਦ ਵਿਚ ਪੰਜਾਬ ਦਾ ਮਾਲ ਬਾਹਰ ਜਾਣ ਲਗ ਪਿਆ । ਪੈਦਾਵਾਰ ਦੀਆਂ ਕੀਮਤਾਂ ਦੇ ਨਾਲ ਨਾਲ ਭੂਮੀ ਦੀ ਕੀਮਤ ਵਿਚ ਵੀ ਵਾਧਾ ਹੋਇਆ । ਅੰਗਰੇਜ਼ਾਂ ਦੇ ਕਾਨੂੰਨਾਂ ਹੇਠ ਅਨਪੜ੍ਹ ਕਿਸਾਨਾਂ ਦਾ ਬੁਰਾ ਹਾਲ ਹੋਇਆ ਅਤੇ ਉਨਾਂ ਦੀ ਜ਼ਮੀਨ ਸ਼ਾਹੂਕਾਰਾਂ ਕੋਲ ਗਹਿਣੇ ਰਖਣੀ ਅਤੇ ਵਿਕਣੀ ਸ਼ੁਰੂ ਹੋ ਗਈ । 1855 ਈ. ਵਿਚ ਲੋਕ ਸਿੱਖਿਆ ਵਿਭਾਗ ਦੀ ਸਥਾਪਤੀ ਕਰਕੇ ਮੁਢਲੀ ਵਿਦਿਆ ਦੇ ਕਈ ਸਕੂਲ ਖੋਲਣੇ, ਆਦਿ ਸਮਾਜਿਕ ਕਾਰਜਾਂ ਦਾ ਸਿੱਖਾਂ ਦੇ ਮਨ 'ਤੇ ਪ੍ਰਭਾਵ ਪਿਆ ( ਭਾਵੇਂ ਇਨ੍ਹਾਂ ਕਾਰਜਾਂ ਪਿਛੇ ਵੀ ਅੰਗਰੇਜ਼ਾਂ ਦੇ ਰਾਜਸੀ/ਨਿਜੀ ਹਿਤ ਸਨ )। ਅੰਗਰੇਜ਼ਾਂ ਨੇ ਪੰਜਾਬ ਦਾ ਮੂੰਹ-ਮੁਹਾਂਦਰਾ ਹੀ ਬਦਲ ਕੇ ਰਖ ਦਿਤਾ । ਇਸੇ ਦੌਰਾਨ ਹੀ 1857 ਈ. ਵਿਚ ਗਦਰ ਲਹਿਰ ਨੇ ਜ਼ੋਰ ਫੜ੍ਹ ਲਿਆ । ਇਸ ਲਹਿਰ ਦੀ ਗਤੀਵਿਧੀਆਂ ਤੋਂ ਅੰਗਰੇਜ਼ਾਂ ਨੂੰ ਡਰ ਮਹਿਸੂਸ ਹੋਇਆ ਕਿ ਕਿਤੇ ਸਿੱਖ ਵੀ ਇਨ੍ਹਾਂ ਨਾਲ ਗਦਰ ਵਿਚ ਨਾ ਰਲ ਜਾਣ । ਇਸ ਲਈ ਉਨ੍ਹਾਂ ਨੇ ਸਿੱਖ ਸਿਪਾਹੀਆਂ ਦੇ ਹਥਿਆਰ ਜ਼ਬਤ ਕਰ ਲਏ । ਉਪਰੰਤ ਉਨ੍ਹਾਂ ਨੇ ਨਵੀਂ ਭਰਤੀ ਕੀਤੀ ਜਿਸ ਵਿਚ ਸਿੱਖ ਅਤੇ ਮੁਸਲਮਾਨ ਸਿਪਾਹੀ ਸਨ । ਅੰਗਰੇਜ਼ਾਂ ਨੇ ਪੰਜਾਬ ਤੋਂ ਦਿਲੀ ਵੱਲ ਗਦਰੀਆਂ ਵਿਰੁਧ ਫ਼ੌਜਾਂ ਭੇਜੀਆਂ ਜਿਸ ਵਿਚ ਉਨ੍ਹਾਂ ਦੀਆਂ ਆਪਣੀਆਂ ਫ਼ੌਜਾਂ ਤੋਂ ਇਲਾਵਾ ਸਿੱਖ ਰਿਆਸਤਾਂ ਦੇ ਸਿਪਾਹੀ ਤੇ ਕੁਝ ਰਾਜੇ ਵੀ ਸ਼ਾਮਲ ਸਨ । ਸਿੱਖ ਸਿਪਾਹੀਆਂ ਦੀ ਬਹਾਦਰੀ ਨਾਲ ਅੰਗਰੇਜ਼ਾਂ ਦੀ ਜਿਤ ਹੋਈ ਜਿਸ ਨਾਲ ਜਿਥੇ ਸਿੱਖਾਂ ਨੂੰ ਮੁਗ਼ਲਾਂ ਦੇ ਅਤਿਆਚਾਰਾਂ ਦਾ ਬਦਲਾ ਲੈਣ (ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਹਰਾ ਕੇ ) ਦਾ ਮਾਨਸਿਕ ਸੁਖ ਪ੍ਰਾਪਤ ਹੋਇਆ ਉਥੇ ਅੰਗਰੇਜ਼ੀ ਫ਼ੌਜ ਵਿਚ ਸਿੱਖਾਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ । ਇਸ ਤਰ੍ਹਾਂ ਸਿੱਖਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਹੋਣਾ ਸ਼ੁਰੂ ਹੋ ਗਿਆ । ਇਧਰ ਅੰਗਰੇਜ਼ੀ ਸਰਕਾਰ ਨੇ ਇਕ ਕਾਨੂੰਨ ਪਾਸ ਕਰ ਦਿਤਾ ਕਿ ਸਿੱਖ ਸਿਪਾਹੀਆਂ ਦੇ ਧਰਮ ਅਨੁਸਾਰ ਦਾੜ੍ਹੀ ਕੇਸ ਰਖੇ ਹੋਣੇ ਜ਼ਰੂਰੀ ਹਨ । ਉਪਰ ਵਰਣਿਤ ਕਾਰਜਾਂ ਦੀ ਲੋਅ ਵਿਚ ਸਿੱਖ ਅੰਗਰੇਜ਼ਾਂ ਨੂੰ ਆਪਣੇ ਹਿਤੈਸ਼ੀ ਸਮਝਣ ਲਗ ਪਏ ।

### 1.4.4: ਸਿੱਖ ਲਹਿਰਾਂ ਦੀ ਉਤਪਤੀ ਅਤੇ ਸਿੱਖ ਸਮਾਜ

ਮਹਾਰਾਜਾ ਰਣਜੀਤ ਸਿੰਘ ਦੀ ਭਾਵੇਂ ਸਿੱਖ ਗੁਰੂ ਸਾਹਿਬਾਨ 'ਤੇ ਅਥਾਹ ਸ਼ਰਧਾ ਸੀ ਪਰ ਉਸਦੇ ਰਾਜ ਕਾਲ ਦੌਰਾਨ ਗੁਰ-ਮਰਯਾਦਾ ਦੇ ਪਖ ਤੋਂ ਸਿੱਖਾਂ ਦੀ ਦਸ਼ਾ ਬਹੁਤੀ ਚੰਗੀ ਨਹੀਂ ਸੀ । ਉਸ ਸਮੇਂ ਮਤਲਬ-ਪ੍ਰਸਤ ਲੋਕ ਸਿੱਖ ਬਣ ਗਏ ਜਿਹੜੇ ਗੁਰਬਾਣੀ, ਗੁਰ-ਇਤਿਹਾਸ ਤੇ ਮਰਯਾਦਾ ਤੋਂ ਸੱਖਣੇ ਸਨ । ਸਿੱਖਾਂ ਦੇ ਧਾਰਮਿਕ ਅਸਥਾਨਾਂ, ਤਰਨਤਾਰਨ ਸਾਹਿਬ ਤੇ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪਰਕਰਮਾ ਵਿਚ ਮੂਰਤੀ ਪੂਜਾ, ਦੇਵੀ ਪੂਜਾ ਤੇ ਕਈ ਕਰਮਕਾਂਡ ਪ੍ਰਚਲਿਤ ਸਨ । ਇਹ ਪ੍ਰਥਾਵਾਂ ਅੰਗਰੇਜ਼ੀ ਸ਼ਾਸਨ ਦੌਰਾਨ ਉਵੇਂ ਹੀ ਪ੍ਰਚਲਿਤ ਨਹੀਂ ਰਹੀਆਂ ਸਗੋਂ ਇਨ੍ਹਾਂ ਵਿਚ ਹੋਰ ਵੀ ਵਾਧਾ ਹੋਇਆ । ਅੰਗਰੇਜ਼ੀ ਕਾਲ ਵਿਚ ਅੰਗਰੇਜ਼ਾਂ ਦੀ ਸ਼ਹਿ 'ਤੇ ਗੁਰੂ-ਅੰਸ਼ ਨਾਲ ਸੰਬੰਧਿਤ ਵਿਅਕਤੀਆਂ ਨੇ ਵੀ ਸਿੱਖ ਪੰਥ ਨੂੰ ਖੂਬ ਲੁਟਿਆ । ਉਹ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲਾ ਕੇ ਬਹਿੰਦੇ ਸਨ । ਅਜਿਹੇ ਵਿਅਕਤੀਆਂ ਦੀਆਂ ਪੰਜ ਗੱਦੀਆਂ ਮਸ਼ਹੂਰ ਸਨ ਜਿਨ੍ਹਾਂ ਦੇ ਨਾਂ ਇਹ ਹਨ :

1. ਕਰਤਾਰਪੁਰੀਏ ਸੋਢੀਆਂ ਦੀ ਗੱਦੀ
2. ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲੇ ਦੀ ਗੱਦੀ
3. ਸੋਢੀ ਸਾਹਿਬ ਆਨੰਦਪੁਰ ਵਾਲਿਆਂ ਦੀ ਗੱਦੀ
4. ਸੋਧੀ ਸਾਹਿਬ ਗੁਰੁ ਹਰਿ ਸਹਾਇ ( ਫ਼ਿਰੋਜ਼ਪੁਰ ) ਵਾਲਿਆਂ ਦੀ ਗੱਦੀ
5. ਬਾਬਾ ਬੀਰ ਸਿੰਘ ਔਰੰਗਾਬਾਦੀ ਦੀ ਗੱਦੀ

ਉਕਤ ਵਿਅਕਤੀ ਗੁਰ- ਮਰਯਾਦਾ ਤੋਂ ਦੂਰ ਆਪਣੇ ਹੀ ਰਾਗ ਅਲਾਪਣ ਲਗੇ ।ਸਿੱਖਾਂ ਦਾ ਇਨ੍ਹਾਂ 'ਤੇ ਗੁਰੂ-ਅੰਸ਼ ਹੋਣ ਕਾਰਨ ਵਿਸ਼ਵਾਸ ਸੀ ਜਿਨ੍ਹਾਂ ਦੇ ਪ੍ਰਭਾਵ ਅਧੀਨ ਸਿੱਖ, ਗੁਰ-ਅਨੁਸਾਰੀ ਮਰਯਾਦਾ ਤੋਂ ਕੋਹਾਂ ਦੂਰ ਚਲੇ ਗਏ । ਦੂਜੇ ਪਾਸੇ , ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਗ ਖੁਸਣ ਤੋਂ ਬਾਅਦ ਲੋਕ ਧਰਮ ਦੀ ਥਾਂ ਆਪਣੀ ਆਰਥਿਕ ਅਵਸਥਾ ਵਲ ਜਿਆਦਾ ਧਿਆਨ ਦੇਣ ਲਗੇ ਕਿਉਂਕਿ ਮਹਾਰਾਜੇ ਦੇ ਸ਼ਾਸਨ ਵਿਚ ਉਨ੍ਹਾਂ ਦਾ ਜਾਨ-ਮਾਲ ਸੁਰੱਖਿਅਤ ਸੀ ਪਰ ਅੰਗਰੇਜ਼ੀ ਰਾਜ ਵਿਚ ਉਹ ਡਰੇ ਹੋਏ ਸਨ । ਉਧਰ ਅੰਗਰੇਜ਼ਾਂ ਨੇ ਸਿੱਖਾਂ ਦੀ ਰਾਜਨੀਤਕ, ਧਾਰਮਿਕ ਤੇ ਵਿਦਿਅਕ ਕਮਜ਼ੋਰੀਆਂ ਦਾ ਖੂਬ ਲਾਭ ਉਠਾਇਆ । ਭਾਵੇਂ ਭਾਈ ਮਹਾਰਾਜ ਸਿੰਘ ਵਰਗੇ ਯੋਧਿਆਂ ਨੇ ਅੰਗਰੇਜ਼ਾਂ ਖਿਲਾਫ਼ ਆਪਣੇ ਜਤਨ ਜਾਰੀ ਰਖੇ ਪਰ ਅੰਗਰੇਜ਼ ਸਰਕਾਰ ਨੇ ਉਨ੍ਹਾਂ ਤੋਂ ਸੁਚੇਤ ਸੀ । ਉਨ੍ਹਾਂ ਨੇ ਭੋਲੀ ਭਾਲੀ ਜਨਤਾ ਨੂੰ ਚਲਾਕ ਈਸਾਈ ਪ੍ਰਚਾਰਕਾਂ ਦੇ ਵਸ ਪਾ ਦਿਤਾ । ਆਰਥਿਕ ਪਖ ਤੋਂ ਕਮਜ਼ੋਰ ਤੇ ਮਾਨਸਿਕ ਪਖ ਤੋਂ ਗੁਲਾਮ ਲੋਕਾਂ ਨੇ ਈਸਾਈਆਂ ਦਾ ਪ੍ਰਭਾਵ ਕਬੂਲਣਾ ਸ਼ੁਰੂ ਕਰ ਦਿਤਾ । ਇਸਦੇ ਨਾਲ ਹੀ ਹਿੰਦੂਆਂ ਨੇ ਸਿੱਖਾਂ ਨੂੰ ਆਪਣੀ ਇਕ ਸ਼ਾਖ ਵਜੋਂ ਪ੍ਰਚਾਰ ਕੇ ਸਿੱਖਾਂ ਵਿਚ ਹਿੰਦੂ ਰਸਮਾਂ ਤੇ ਕਰਮਕਾਂਡਾਂ ਨੂੰ ਪ੍ਰਚਲਿਤ ਕੀਤਾ । ਇਨ੍ਹਾਂ ਦੋਹਾਂ ਧਰਮਾਂ ਦੇ ਪ੍ਰਚਾਰਕਾਂ ਨੇ ਸਿੱਖਾਂ ਨੂੰ ਆਪਣੇ ਧਰਮ ਵਿਚ ਸ਼ਾਮਲ ਕਰਨ ਦੇ ਹਰ ਤਰੀਕੇ ਅਪਣਾਏ ।

ਉਪਰ ਵਰਣਿਤ ਪ੍ਰਸਥਿਤੀਆਂ ਨੂੰ ਦੇਖਦਿਆਂ ਬਾਬਾ ਦਿਆਲ ਨੇ ਨਿਰੰਕਾਰੀ ਲਹਿਰ ਚਲਾਈ ਜਿਸਦੇ ਤਹਿਤ ਸਿੱਖਾਂ ਨੂੰ ਅਨਮਤਾਂ ਦੇ ਪ੍ਰਭਾਵ ਤੋਂ ਬਚਾਉਣ ਦਾ ਬੀੜਾ ਚੁਕਿਆ । ਸ਼ਮਸੇਰ ਸਿੰਘ ਅਸ਼ੋਕ (*ਪੰਜਾਬ ਦੀਆਂ ਲਹਿਰਾਂ*) ਦੀ ਲਿਖਤ ਦੇ ਆਧਾਰ 'ਤੇ ਅਸੀਂ ਬਾਬਾ ਦਿਆਲ ਦੇ ਪ੍ਰਚਾਰ-ਸਿੱਖਿਆਵਾਂ ਨੂੰ ਇਉਂ ਉਲੀਕਣ ਦਾ ਜਤਨ ਕੀਤਾ ਹੈ :

1. ਕਿਸੇ ਦੇਵੀ-ਦੇਵਤੇ, ਤਟ-ਤੀਰਥ, ਮੜੀ-ਮਸਾਣੀ, ਜਾਦੂ-ਟੂਣੇ ਤੇ ਪੀਰ-ਪੈਗ਼ੰਬਰ ਨੂੰ ਨਹੀਂ ਮੰਨਣਾ।
2. ਸਿਰਫ਼ ਇਕ ਰੱਬ ਨੂੰ ਮੰਨਣਾ ।
3. ਪਾਠ ਕਰਨਾ, ਭਾਣਾ ਮੰਨਣਾ ਤੇ ਮਨਮਤਿ ਦਾ ਤਿਆਗ ਕਰਨਾ ।
4. ਕਿਸੇ ਪੰਡਿਤ, ਪਾਂਧੇ, ਜੋਤਸ਼ੀ ਜਾਂ ਮੁਲਾਂ-ਮੁਲਾਣੇ ਕੋਲ ਨਹੀਂ ਜਾਣਾ ।
5. ਗ੍ਰਹਿਆਂ ਦੇ ਪ੍ਰਭਾਵ ਵਿਚ ਨਾ ਵਿਸ਼ਵਾਸ ਕਰਨਾ ਤੇ ਨਾ ਡਰਨਾ ।
6. ਡਰ ਨਾਲ ਜਾਂ ਉਂਝ ਵੀ ਕਰਮਕਾਂਡ ਨਹੀਂ ਕਰਨਾ ।

ਬਾਬਾ ਦਿਆਲ ਦੀ ਪ੍ਰਚਾਰਕ ਮੁਹਿੰਮ ਦਾ ਲੋਕਾਂ 'ਤੇ ਅਸਰ ਹੋਣਾ ਸ਼ੁਰੂ ਹੋਇਆ ਜਿਸ ਕਾਰਨ ਅੰਗਰੇਜ਼ਾਂ ਨੇ ਇਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰਖਣੀ ਸ਼ੁਰੂ ਕਰ ਦਿਤੀ ਪਰ ਫਿਰ ਵੀ ਇਹ ਲਹਿਰ ਅਗੇ ਵਧਦੀ ਗਈ ।1855 ਈ. ਨੂੰ ਬਾਬਾ ਦਿਆਲ ਦੇ ਅਕਾਲ ਚਲਾਣੇ ਤੋਂ ਬਾਅਦ ਬਾਬਾ ਦਰਬਾਰਾ ਸਿੰਘ ਨੇ ਪ੍ਰਚਾਰ ਕਾਰਜ ਨੂੰ ਅਗੇ ਤੋਰਿਆ । ਬਾਬਾ ਦਰਬਾਰਾ ਸਿੰਘ ਨੇ 1855 ਈ. ਵਿਚ ਸਿੱਖ ਦਾ ਵਿਆਹ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਚਾਰ 'ਲਾਵਾਂ' ਪੜ੍ਹ ਕੇ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਪਰਕਰਮਾ ਕਰਕੇ, ਸਿੱਖ ਰੀਤੀ ਅਨੁਸਾਰ ਆਨੰਦ ਕਾਰਜ ਕਰਨ ਦਾ ਮੁਢ ਬੰਨ੍ਹਿਆ । ਉਨ੍ਹਾਂ ਨੇ 1857 ਈ. ਵਿਚ ਇਕ ਹੁਕਮਨਾਮਾ ਜਾਰੀ ਕੀਤਾ ਜਿਸ ਵਿਚ ਸਿੱਖਾਂ ਦੀਆਂ ਰਸਮਾਂ ਗੁਰਮਤਿ ਅਨੁਸਾਰ ਕਰਨ ਲਈ ਆਦੇਸ਼ ਸੀ ।1874 ਈ. ਤਕ ਇਹ ਲਹਿਰ ਆਪਣੇ ਕਾਰਜ ਵਿਚ ਸਫਲ ਰਹੀ । ਪਰ ਇਸਦੇ ਮੋਢੀਆਂ ਵਲੋਂ ਆਪਣੇ ਆਪ ਨੂੰ 'ਸਤਿਗੁਰੂ' ਅਖਵਾਉਣ ਕਾਰਨ ਇਹ ਲੋਕ-ਸਹਿਮਤੀ ਬਰਕਰਾਰ ਨਾ ਰਖ ਸਕੀ । ਇਸ ਤਰ੍ਹਾਂ ਗੁਰ-ਮਰਯਾਦਾ ਲਾਗੂ ਕਰਨ ਦੇ ਉਦੇਸ਼ ਨਾਲ ਸ਼ੁਰੂ ਹੋਈ ਇਹ ਲਹਿਰ ਖੁਦ ਗੁਰੂ-ਘਰ ਦੀ ਮਾਨ ਮਰਯਾਦਾ ਕਾਇਮ ਨਾ ਰਖ ਸਕੀ ਜਿਸਦੇ ਫਲਸਰੂਪ ਇਹ ਪਤਨ ਦੇ ਰਾਹ ਤੁਰ ਪਈ ।

ਨਿਰੰਕਾਰੀਆਂ ਦੁਆਰਾ ਸਿੱਖ-ਵਿਸ਼ਵਾਸ ਗੁਆਉਣ ਤੋਂ ਬਾਅਦ ਬਾਬਾ ਰਾਮ ਸਿੰਘ ਨੇ ਨਾਮਧਾਰੀ ਲਹਿਰ ਦਾ ਗਠਨ ਕੀਤਾ ਜਿਸਨੇ ਧਾਰਮਿਕ ਪਖ ਦੇ ਨਾਲ ਨਾਲ ਰਾਜਨੀਤਕ ਪਖ ਨੂੰ ਵੀ ਨਾਲ ਰਖਿਆ ਕਿਉਂਕਿ ਬਾਬਾ ਰਾਮ ਸਿੰਘ ਨੇ ਸਿੱਖ ਰਾਜ ਨੂੰ ਖੁੱਸਦਿਆਂ ਆਪਣੇ ਅੱਖੀਂ ਵੇਖਿਆ ਸੀ । ਉਨ੍ਹਾਂ ਦੇ ਮਨ ਵਿਚ ਸਿੱਖ ਰਾਜ ਦੀ ਪੁਨਰ ਸਥਾਪਤੀ ਦਾ ਫੁਰਨਾ ਸੀ । ਜਿਸ ਕਰਕੇ ਉਨ੍ਹਾਂ ਸ਼ੁਰੂ ਤੋਂ ਹੀ ਸਰਕਾਰ ਨਾਲ ਨਾ ਮਿਲਵਰਤਨ ਰਖਿਆ ਹੋਇਆ ਸੀ ਅਤੇ ਲੋਕਾਂ ਵਿਚ ਵੀ ਇਸਦਾ ਪ੍ਰਚਾਰ ਕਰਦੇ ਸਨ । ਉਸ ਸਮੇਂ ਸਿੱਖ ਅਗਿਆਨਤਾ ਕਾਰਨ ਅਨਮਤੀਆਂ ਦਾ ਪ੍ਰਭਾਵ ਕਬੂਲ ਰਹੇ ਸਨ । ਬਾਬਾ ਰਾਮ ਸਿੰਘ ਨੇ ਸਿੱਖ ਪੰਥ ਵਿਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਕੇ ਗੁਰ-ਮਰਯਾਦਾ ਕਾਇਮ ਕਰਨ ਦਾ ਬੀੜਾ ਚੁਕਿਆ ।ਇਸ ਲਹਿਰ ਤਹਿਤ ਜੋ ਕਾਰਜ ਕੀਤੇ ਗਏ ਉਹ ਨਿਮਨਲਿਖਤ ਹਨ :

1. ਨਾਮਧਾਰੀਆਂ ਨੇ ਸਿੱਖਾਂ ਨੂੰ ਈਸਾਈ ਮਿਸ਼ਨਰੀਆਂ ਦੇ ਲੋਭਾਣੇ ਪ੍ਰਚਾਰ ਤੋਂ ਬਚਣ ਲਈ ਸੁਚੇਤ ਕੀਤਾ ।
2. ਉਨ੍ਹਾਂ ਨੇ ਲੋਕਾਂ ਨੂੰ ਅੰਗਰੇਜ਼ਾਂ ਦੀਆਂ ਕੂਟਨੀਤੀਆਂ ਤੋਂ ਜਾਣੂ ਕਰਾਉਣ ਦਾ ਜਤਨ ਕੀਤਾ ।
3. ਸਿੱਖਾਂ ਨੂੰ ਫੋਕਟ ਕਰਮਕਾਂਡਾਂ ਵਿਚੋਂ ਕੱਢ ਕੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ।
4. ਉਨ੍ਹਾਂ ਨੇ ਜਾਤ-ਪਾਤ ਛਡਣ, ਵਿਧਵਾ ਵਿਆਹ ਦੀ ਹਿਮਾਇਤ, ਸ਼ਰਾਬ ਤੇ ਹੋਰ ਨਸ਼ੇ ਨਾ ਵਰਤਣ ਸੰਬੰਧੀ ਲੋਕਾਂ ਵਿਚ ਪ੍ਰਚਾਰ ਕੀਤਾ ।
5. ਪੰਜਾਬ ਵਿਚ ਗੁਰਮੁਖੀ ਸਕੂਲ ਤੇ ਗੁਰੂ ਘਰ ਦੇ ਲੰਗਰ ਸ਼ੁਰੂ ਕੀਤੇ ।
6. ਉਪਰੋਕਤ ਤੋਂ ਇਲਾਵਾ ਉਸ ਸਮੇਂ ਇਸਤਰੀ ਦੀ ਹਾਲਤ ਬੜੀ ਤਰਸਯੋਗ ਸੀ। ਕੁੜੀ ਮਾਰਨਾ, ਬਾਲ ਵਿਆਹ, ਕੁੜੀਆਂ ਵੇਚਣਾ, ਆਦਿ ਕੁਰੀਤੀਆਂ ਪ੍ਰਚਲਿਤ ਸਨ । ਬਾਬਾ ਰਾਮ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਔਰਤ ਨੂੰ ਵਡਿਆਉਣ ਦੀ ਸਿੱਖਿਆ ਰਾਹੀਂ ਲੋਕਾਂ ਨੂੰ ਸੁਚੇਤ ਕਰਨ ਦਾ ਜਤਨ ਕੀਤਾ ।

ਉਪਰ ਦਸੇ ਕਾਰਜਾਂ ਦੇ ਫਲਸਰੂਪ ਜਿਥੇ ਬਾਬਾ ਰਾਮ ਸਿੰਘ ਵਰਗੇ ਸੱਚੇ ਸਿੱਖ ਦਾ ਲੋਕਾਂ ਨੇ ਅਸਰ ਕਬੂਲਣਾ ਸ਼ੁਰੂ ਕੀਤਾ ਉਥੇ ਦੂਜੇ ਪਾਸੇ ਅੰਗਰੇਜ਼ੀ ਸਰਕਾਰ ਨੇ ਇਸ ਨੂੰ ਇਕ ਖਤਰਨਾਕ ਆਗੂ ਗਰਦਾਨਿਆ । ਬਾਬਾ ਰਾਮ ਸਿੰਘ ਨੇ ਅੰਗਰੇਜ਼ਾਂ ਤੇ ਹਿੰਦੂਆਂ ਦੁਆਰਾ ਧਰਮ ਬਦਲੀ ਕਰਵਾਉਣ ਦੀ ਕੋਝੀਆਂ ਚਾਲਾਂ ਨੂੰ ਮੱਦੇਨਜ਼ਰ ਰਖਦਿਆਂ ਪ੍ਰਚਾਰਕ ਮੁਹਿੰਮ ਹੋਰ ਤੇਜ਼ ਕਰ ਦਿਤੀ । ਚਿੰਤਾ-ਗ੍ਰਸਤ ਸਰਕਾਰ ਨੇ ਇਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰਖਣੀ ਸ਼ੁਰੂ ਕਰ ਦਿਤੀ ਅਤੇ ਮੌਕਾ ਮਿਲਦਿਆਂ ਹੀ 1872 ਈ. ਨੂੰ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦਿਤਾ, ਕਈਆਂ ਨੂੰ ਫਾਂਸੀ ਦਿਤੀ ਗਈ । ਇਸ ਤਰ੍ਹਾਂ ਅੰਗਰੇਜ਼ਾਂ ਨੇ ਇਸ ਲਹਿਰ ਨੂੰ ਦਬਾ ਦਿਤਾ ।

ਨਾਮਧਾਰੀਆਂ ਨਾਲ ਹੋਏ ਜ਼ੁਲਮਾਂ, ਈਸਾਈ ਪ੍ਰਚਾਰਕਾਂ ਦੇ ਗੁੰਮਰਾਹਕੁੰਨ ਪ੍ਰਚਾਰ ਅਤੇ ਸਿੱਖ ਧਰਮ ਅਸਥਾਨਾਂ 'ਤੇ ਅਨਮਤੀਆਂ ਦੇ ਹੋ ਰਹੇ ਕਰਮਕਾਂਡਾਂ ਤੇ ਬੇਅਦਬੀ, ਆਦਿ ਹਾਲਾਤਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਸਿੱਖਾਂ ਨੇ ਧਰਮ ਤੇ ਵਿਰਸੇ ਨੂੰ ਬਚਾਉਣ ਲਈ ਇਕ ਸਾਂਝੀ ਜਥੇਬੰਦੀ ਬਣਾਉਣ ਦੀ ਲੋੜ ਮਹਿਸੂਸ ਕੀਤੀ । ਕੁਝ ਸੂਝਵਾਨ ਸਿੱਖਾਂ ਦੇ ਜਤਨਾਂ ਸਦਕਾ ਅੰਮ੍ਰਿਤਸਰ ਵਿਖੇ ਸਿੱਖ ਪੰਥ ਇਕਤਰ ਹੋਇਆ ਅਤੇ ਉਸੇ ਦਿਨ ਗੁਰੂ ਗ੍ਰੰਥ ਸਾਹਿਬ ਦੀ ਆਗਿਆ ਨਾਲ ਅਰਦਾਸਾ ਸੋਧ ਕੇ 1873 ਈ. ਨੂੰ 'ਸ੍ਰੀ ਗੁਰੂ

ਸਿੰਘ ਸਭਾ' ਦੀ ਸਥਾਪਨਾ ਕੀਤੀ । ਭਾਵੇਂ ਸਿੱਖ ਜਾਗ੍ਰਿਤੀ ਵਿਚ ਮੁਢਲੇ ਜਤਨਾਂ ( ਨਿਰੰਕਾਰੀ ਤੇ ਨਾਮਧਾਰੀ ਲਹਿਰ ) ਦੇ ਯੋਗਦਾਨ ਨੂੰ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਪਰ ਸਿੰਘ ਸਭਾ ਲਹਿਰ ਦੀਆਂ ਕੁਝ ਵਿਸ਼ੇਸ਼ਤਾਵਾਂ ਹਨ, ਜਿਵੇਂ :

1. ਨਿਰੰਕਾਰੀ ਤੇ ਨਾਮਧਾਰੀ ਲਹਿਰ ਵਿਚ ਕਿਸੇ ਇਕ ਆਗੂ ਦੀ ਅਗਵਾਈ ਸੀ ਪਰ ਸਿੰਘ ਸਭਾ ਵਿਚ ਲੋਕਤੰਤਰੀ ਪ੍ਰਣਾਲੀ ਸੀ ਜਿਸ ਵਿਚ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ (ਪ੍ਰਧਾਨ ), ਗਿ. ਗਿਆਨ ਸਿੰਘ (ਸਕਤਰ) ਤੇ ਬਾਕੀ ਹੋਰ ਮੈਂਬਰ ਵੀ ਸ਼ਾਮਲ ਸਨ ।
2. ਇਸ ਸਭਾ ਦਾ ਮੈਂਬਰ ਬਣਨ ਲਈ ਗੁਰੂ ਦਾ ਸਿੱਖ ਹੋਣਾ, ਗੁਰਮਤਿ ਦੀ ਸੇਵਾ-ਭਾਵਨਾ ਦਾ ਹੋਣਾ ਤੇ ਦਸਵੰਧ ਦੇਣਾ ਜ਼ਰੂਰੀ ਸ਼ਰਤਾਂ ਸਨ ।

'ਸ੍ਰੀ ਗੁਰੂ ਸਿੰਘ ਸਭਾ' ਨੇ ਸਮਕਾਲੀ ਪ੍ਰਸਥਿਤੀਆਂ ਨੂੰ ਧਿਆਨ ਵਿਚ ਰਖਦਿਆਂ ਕੁਝ ਭਵਿੱਖਮੁਖੀ ਨਿਯਮ ਉਲੀਕੇ ਜੋ ਇਸ ਪਕਾਰ ਹਨ :

1. ਸਿੱਖ ਧਰਮ ਦੇ ਸੁਤੰਤਰ ਵਜੂਦ ਤੇ ਮੌਲਿਕ ਰੂਪ ਦੀ ਪਛਾਣ
2. ਗੁਰਬਾਣੀ ਦੀ ਕਸਵਟੀ ਨਾਲ ਸਿੱਖ ਸਾਹਿਤ ਦੀ ਪਰਖ
3. ਰਹੁ-ਰੀਤਾਂ ਤੇ ਮਰਯਾਦਾ ਦੇ ਅਡੰਬਰੀ ਰੂਪ ਤੋਂ ਬਚਾਅ
4. ਵਿਦਵਤਾ ਤੇ ਯੁਕਤੀ ਦੇ ਬਲ ਨਾਲ ਬ੍ਰਾਹਮਣੀ ਧਰਮ ਤੋਂ ਛੁਟਕਾਰਾ
5. ਸਿੱਖ ਧਰਮ ਦੇ ਮਨੋਰਥਾਂ ਨੂੰ ਨਵੀਨ ਚੇਤਨਤਾ ਤੇ ਵਿਗਿਆਨਕ ਢੰਗ ਨਾਲ ਪ੍ਰਚਾਰਨਾ ।

ਇਸ ਤਰ੍ਹਾਂ ਸਿੰਘ ਸਭਾ ਨੇ ਨਿਯਮਾਂ ਅਨੁਸਾਰ ਕਾਰਜ ਆਰੰਭੇ । ਸਿੰਘ ਸਭਾ ਦੇ ਪ੍ਰਚਾਰ ਦੇ ਫਲਸਰੂਪ ਸਿੱਖ, ਗੁਰਬਾਣੀ ਤੇ ਗੁਰ ਇਤਿਹਾਸ ਵਲ ਮੁੜਨ ਲਗ ਪਏ । ਦੋ ਕੁ ਸਾਲਾਂ ਵਿਚ ਹੀ ਇਸਦਾ ਸਿੱਖ ਆਪਣੇ ਧਰਮ ਤੇ ਵਿਰਸੇ ਵਲ ਪਰਤਣ ਲਗੇ ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ **1850** ਈ. ਤੋਂ **1875** ਈ. ਤਕ ਦਾ ਪੰਜਾਬ ਵਿਚ ਰਾਜਨੀਤਕ, ਸਮਾਜਕ, ਆਰਥਿਕ ਤੇ ਧਾਰਮਿਕ ਉਥਲ-ਪੁਥਲ ਦਾ ਸਮਾਂ ਹੈ ਜਿਸਦਾ ਅੰਦਾਜ਼ਾ ਇਨ੍ਹਾਂ ਪ੍ਰਮੁਖ ਘਟਨਾਵਾਂ ਤੋਂ ਲਗਾਇਆ ਜਾ ਸਕਦਾ ਹੈ :

1. ਸਿੱਖਾਂ ਨੂੰ ਸ਼ਸਤਰਹੀਣ ਕਰਕੇ ਘਰਾਂ ਨੂੰ ਤੋਰਨਾ ।
2. ਸਿੱਖ ਸਰਦਾਰਾਂ ਤੇ ਮਹਾਰਾਜਾ ਦਲੀਪ ਸਿੰਘ ਨਾਲ ਵਧੀਕੀਆਂ ।
3. ਨਵੇਂ ਰਾਜ ਪ੍ਰਬੰਧ ਤੇ ਨੀਤੀਆਂ ਨੂੰ ਥੋਪਣਾ ।
4. ਰਾਜਸੀ ਹਿਤਾਂ ਲਈ ਸਕੂਲਾਂ, ਹਸਪਤਾਲਾਂ ਦੀ ਸਥਾਪਨਾ ।
5. ਸਿੱਖਾਂ ਨੂੰ ਈਸਾਈ ਬਣਾਉਣ ਲਈ ਅਜਿਹੇ ਹਾਲਾਤ ਪੈਦਾ ਕਰਨੇ ਕਿ ਉਨ੍ਹਾਂ ਕੋਲ ਹੋਰ ਕੋਈ ਚਾਰਾ ਹੀ ਨਾ ਹੋਵੇ।
6. ਹਿੰਦੂਆਂ ਦਾ ਗੁੰਮਰਾਹਕੁਨ ਪ੍ਰਚਾਰ ।
7. ਸਿੱਖਾਂ ਵਲੋਂ ਧਰਮ ਤੇ ਰਾਜ ਪ੍ਰਤੀ ਜਾਗ੍ਰਿਤੀ ਲਈ ਲਹਿਰਾਂ ਦੇ ਰੂਪ ਵਿਚ ਜਤਨ ।

ਉਕਤ ਸਮੇਂ ਭਾਵੇਂ ਸਿੱਖਾਂ ਦੀ ਹਾਲਤ ਤਰਸਯੋਗ ਹੀ ਰਹੀ ਪਰ ਅੰਗਰੇਜ਼ਾਂ ਦੁਆਰਾ ਕੀਤੇ ਗਏ ਪੰਜਾਬ ਦੇ ਵਿਕਾਸ ਅਤੇ ਸਿੱਖ ਲਹਿਰਾਂ ਨੇ ਸਿੱਖ ਪੁਨਰ ਜਾਗ੍ਰਿਤੀ ਤੇ ਪ੍ਰਗਤੀ ਦੇ ਰਾਹ ਖੋਲ੍ਹੇ ।

## 1.4.5 ਪਛਮੀ ਵਿਦਿਆ ਦਾ ਪ੍ਰਭਾਵ

ਅੰਗਰੇਜ਼ੀ ਰਾਜ ਦੀ ਸਥਾਪਤੀ ਦੇ ਨਾਲ ਪੰਜਾਬ ਦੇ ਲੋਕਾਂ ਦਾ, ਉਨ੍ਹਾਂ ਦੇ ਧਰਮ, ਭਾਸ਼ਾ ਤੇ ਸਭਿਆਚਾਰ ਨਾਲ ਸੰਪਰਕ ਹੋਇਆ । ਉਨ੍ਹਾਂ ਨੇ ਆਉਂਦਿਆਂ ਹੀ ਪੰਜਾਬ ਦਾ ਰਾਜਸੀ ਤੇ ਧਾਰਮਿਕ ਵਾਤਾਵਰਣ ਆਪਣੇ ਅਨੁਕੂਲ ਕਰਨ ਲਈ ਜਤਨ ਆਰੰਭੇ, ਜਿਵੇਂ : ਨਵਾਂ ਰਾਜ ਪ੍ਰਬੰਧ, ਨਵੀਆਂ ਨੀਤੀਆਂ ਤੇ ਨਿਯਮ, ਨਵੀਂ ਸਿੱਖਿਆ ਪ੍ਰਣਾਲੀ, ਆਦਿ । ਸਾਡਾ ਅਧਿਐਨ-ਵਿਸ਼ਾ ਪਛਮੀ ਵਿਦਿਆ ਦਾ ਸਿੱਖਾਂ ਤੇ ਪੰਜਾਬੀ ਸਾਹਿਤ ’ਤੇ ਪਏ ਪ੍ਰਭਾਵ ਬਾਰੇ ਜਾਨਣ ਦਾ ਜਤਨ ਹੈ । ਪਛਮੀ ਵਿਦਿਆ ਦੇ ਪ੍ਰਭਾਵ ਨੂੰ ਸਮਝਣ ਲਈ ਤਿੰਨ ਪਖਾਂ ਨੂੰ ਸਾਹਮਣੇ ਰਖਣਾ ਪਵੇਗਾ :

1. ਅੰਗਰੇਜ਼ੀ ਭਾਸ਼ਾ
2. ਈਸਾਈ ਮਤ ਦਾ ਪ੍ਰਚਾਰ
3. ਅੰਗਰੇਜ਼ੀ ਸਰਕਾਰ

ਉਪਰੋਕਤ ਤਿੰਨੇ ਇਕ-ਦੂਜੇ ਨਾਲ ਜੁੜੇ ਹੋਏ ਹਨ ।

### 1.4.5.1 ਅੰਗਰੇਜ਼ੀ ਭਾਸ਼ਾ

ਬੇਗਾਨੇ ਦੇਸ਼ ਜਾਂ ਲੋਕਾਂ ’ਤੇ ਰਾਜ ਕਰਨ, ਉਨ੍ਹਾਂ ਨਾਲ ਵਪਾਰ ਕਰਨ ਜਾਂ ਆਦਾਨ-ਪ੍ਰਦਾਨ ਲਈ ਉਨ੍ਹਾਂ ਲੋਕਾਂ ਦੀ ਬੋਲੀ ਆਉਣੀ ਜ਼ਰੂਰੀ ਹੈ ਜਾਂ ਸ਼ਾਸਕ ਵਰਗ ਦੀ ਬੋਲੀ ਉਨ੍ਹਾਂ ਲੋਕਾਂ ਨੂੰ ਆਉਂਦੀ ਹੋਵੇ । ਅੰਗਰੇਜ਼ਾਂ ਨੂੰ ਭਾਰਤ ਆਉਦਿਆਂ ਹੀ ਅੰਗਰੇਜ਼ੀ ਭਾਸ਼ਾ ਦੇ ਜਾਣਕਾਰ ਲੋਕਾਂ ਦੀ ਜ਼ਰੂਰਤ ਸੀ । ਉਨ੍ਹਾਂ ਨੇ ਭਾਰਤ ਦੀਆਂ ਖੇਤਰੀ ਭਾਸ਼ਾਵਾਂ ਸਿੱਖੀਆਂ ਅਤੇ ਇਕ ਬਾਬੂ ਕਲਾਸ ਪੈਦਾ ਕੀਤੀ ਜਿਨ੍ਹਾਂ ਨੂੰ ਦਫ਼ਤਰੀ ਕੰਮ-ਕਾਜ ਲਈ ਰੁਜ਼ਗਾਰ ਦਿਤਾ । ਇਸ ਤਰ੍ਹਾਂ ਲੋਕਾਂ ਵਿਚ ਅੰਗਰੇਜ਼ੀ ਭਾਸ਼ਾ ਪ੍ਰਤੀ ਝੁਕਾਅ ਵਧ ਗਿਆ ਜਿਸਦੇ ਨਿਮਨਲਿਖਤ ਕਾਰਨ ਸਨ :

1. ਪਹਿਲੀ ਗਲ ਤਾਂ ਸ਼ਪਸਟ ਹੈ ਕਿ ਅੰਗਰੇਜ਼ੀ ਭਾਸ਼ਾ ਦੇ ਜਾਣਕਾਰ ਨੂੰ ਅਸਾਨੀ ਨਾਲ ਜਾਂ ਪਹਿਲ ਦੇ ਅਧਾਰ ’ਤੇ ਨੌਕਰੀ ਮਿਲ ਜਾਂਦੀ ਸੀ ।
2. ਅੰਗਰੇਜ਼ ਅੰਗਰੇਜ਼ੀ ਭਾਸ਼ਾ ਨੂੰ ਵਪਾਰਕ ਭਾਸ਼ਾ ਬਣਾਉਣਾ ਚਾਹੁੰਦੇ ਸਨ । ਇਸ ਕਰਕੇ ਵਪਾਰਕ ਪੇਸ਼ੇ ਵਾਲੇ ਲੋਕਾਂ ਲਈ ਇਹ ਭਾਸ਼ਾ ਨੂੰ ਅਪਣਾਉਣਾ ਮਜ਼ਬੂਰੀ ਤੇ ਲਾਲਚ ਦੋਨੋਂ ਸਨ ।
3. ਗੁਲਾਮ ਮਾਨਸਿਕਤਾ ਕਾਰਨ ਅੰਗਰੇਜ਼ੀ ਭਾਸ਼ਾ ਦੇ ਜਾਣਕਾਰ ਦਾ ਸਮਾਜ ਵਿਚ ਉਚਾ ਰੁਤਬਾ ਸਮਝਿਆ ਜਾਂਦਾ ਸੀ।
4. ਅੰਗਰੇਜ਼ੀ ਨੂੰ ਉਚੇਰੀ ਵਿਦਿਆ ਦਾ ਮਾਧਿਅਮ ਬਣਾਉਣ ਨਾਲ ਇਸ ਬਿਨਾ ਗੁਜ਼ਾਰਾ ਨਹੀਂ ਸੀ ।
5. ਸ਼ਾਸਕ ਵਰਗ ਦੀ ਭਾਸ਼ਾ ਹੋਣ ਤੇ ਪਛਮੀ ਵਿਦਿਆ ਦੀ ਲੋੜ ਹਿਤ ਵੀ ਇਸ ਵਲ ਰੁਚੀ ਹੋਣੀ ਸੁਭਾਵਿਕ ਸੀ ।

### 1.4.5.2 ਈਸਾਈ ਮਤ ਦਾ ਪ੍ਰਚਾਰ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੌਰਾਨ ਹੀ ਪੰਜਾਬ ਵਿਚ ਈਸਾਈਆਂ ਦੁਆਰਾ ਪ੍ਰਚਾਰ ਸ਼ੁਰੂ ਹੋ ਗਿਆ ਸੀ ।1834 ਈ. ਵਿਚ ਇਕ ਈਸਾਈ ਦੇ ਜਤਨ ਨਾਲ ਲੁਧਿਆਣਾ ਵਿਚ ਪ੍ਰਚਾਰ ਸ਼ੁਰੂ ਹੋਇਆ।1834 ਈ ਵਿਚ ਹੀ ਲੁਧਿਆਣਾ ਮਿਸ਼ਨ ਦੁਆਰਾ ਇਕ ਸਕੂਲ ਖੋਲ੍ਹਿਆ ਜਿਸ ਵਿਚ ਉਨ੍ਹਾਂ ਨੇ ਦੇਸੀ ਭਾਸ਼ਾਵਾਂ ਤੋਂ ਇਲਾਵਾ ਬਾਈਬਲ ਦਾ ਅਧਿਐਨ ਕਰਾਉਣਾ ਸ਼ੁਰੂ ਕੀਤਾ । ਈਸਾਈਆਂ ਦੇ ਸਫਲ ਜਤਨਾਂ ਦੇ ਫਲਸਰੂਪ ਇਕ ਸਾਲ ਵਿਚ ਕਈ ਈਸਾਈ ਪਰਿਵਾਰਾਂ ਸਮੇਤ ਲੁਧਿਆਣੇ ਪਹੁੰਚ ਗਏ । ਇਸ ਤਰ੍ਹਾਂ ਲੁਧਿਆਣਾ ਈਸਾਈਆਂ ਦਾ ਪ੍ਰਚਾਰ ਕੇਂਦਰ ਬਣ ਗਿਆ । ਮਹਾਰਾਜਾ ਰਣਜੀਤ ਸਿੰਘ ਨੂੰ ਇਨ੍ਹਾਂ ਬਾਰੇ ਭਿਣਕ ਪਈ ਤਾਂ ਉਸਨੇ ਉਨ੍ਹਾਂ ਨੂੰ ਆਪਣੇ ਰਾਜ ਵਿਚ ਸਕੂਲ ਖੋਲ੍ਹਣ ਦਾ ਸੱਦਾ ਦਿਤਾ ਤਾਂ ਕਿ ਉਨ੍ਹਾ ਦੇ ਵਾਰਸ ਪਛਮੀ ਵਿਦਿਆ ਗ੍ਰਹਿਣ ਕਰ ਸਕਣ । ਇਸ ਨਾਲ ਅੰਗਰੇਜ਼ਾਂ ਦੇ ਜਤਨਾਂ ਨੂੰ ਬੂਰ ਪਿਆ ਅਤੇ ਉਨ੍ਹਾਂ ਨੇ ਧੜਾ-ਧੜ ਸਕੂਲ ਖੋਲ੍ਹਣੇ ਸ਼ੁਰੂ ਕਰ ਦਿਤੇ

। ਕਪੂਰਥਲੇ ਦੇ ਮਹਾਰਾਜੇ ਨੇ ਈਸਾਈਆਂ ਦੇ ਪ੍ਰਭਾਵ ਅਧੀਨ ਸਕੂਲ ਖੋਲ੍ਹੇ । ਇਸ ਤਰ੍ਹਾਂ ਅੰਗਰੇਜ਼ਾਂ ਨੇ ਜਲੰਧਰ (1846 ਈ.), ਲਾਹੌਰ (1848 ਈ.) ਅਤੇ ਰਾਜ ਸਥਾਪਤੀ ਤੋਂ ਬਾਅਦ ਅੰਬਾਲਾ (1850 ਈ.), ਰਾਵਲਪਿੰਡੀ (1859 ਈ.), ਕਪੂਰਥਲਾ (1860 ਈ.), ਹੁਸ਼ਿਆਰਪੁਰ (1867 ਈ.), ਫ਼ਿਰੋਜ਼ਪੁਰ (1869 ਈ.), ਰੋਪੜ (1890 ਈ.), ਖੰਨਾ (1894 ਈ.), ਫਿਲੌਰ (1897 ਈ.), ਕਸੂਰ (1900 ਈ.), ਮੋਗਾ (1909 ਈ.), ਆਦਿ ਮਿਸ਼ਨਾਂ ਦੀ ਸਥਾਪਨਾ ਅਤੇ ਇਨ੍ਹਾਂ ਤਹਿਤ ਪ੍ਰਚਾਰਕ ਮੁਹਿੰਮ ਤੇਜ਼ ਕਰ ਦਿਤੀ ਜਿਸਦਾ ਪ੍ਰਭਾਵ ਲੋਕਾਂ 'ਤੇ ਪੈਣਾ ਸ਼ੁਰੂ ਹੋਇਆ । ਈਸਾਈ ਪ੍ਰਚਾਰਕਾਂ ਦਾ ਪ੍ਰਭਾਵ ਕਬੂਲਣ ਦੇ ਹੇਠ ਲਿਖੇ ਕਾਰਨ ਸਨ :

1. ਧਾਰਮਿਕ ਕਟੜਤਾ ਦੇ ਸ਼ਿਕਾਰ ਲੋਕਾਂ ਨੂੰ ਈਸਾਈਆਂ ਦਾ ਰਹਿਣ-ਸਹਿਣ, ਤੌਰ-ਤਰੀਕੇ ਅਤੇ ਸਭਿਆਚਾਰ ਮਨ ਭਾਉਣ ਲਗੇ ।
2. ਈਸਾਈ ਸਿਰਫ਼ ਪ੍ਰਚਾਰ ਹੀ ਨਹੀਂ ਸਗੋਂ ਲੋੜਵੰਦਾਂ, ਦੁਖੀਆਂ ਦੀ ਸਹਾਇਤਾ ਵੀ ਕਰਦੇ ਸਨ ।
3. ਜਾਤ-ਪਾਤ, ਭੇਦ-ਭਾਵ ਦੇ ਸਤਾਏ ਲੋਕ ਈਸਾਈ ਬਣਨ ਲਗੇ ।
4. ਈਸਾਈ ਪ੍ਰਚਾਰਕ ਲੋਕਾਂ ਵਿਚ ਉਨ੍ਹਾਂ ਦੇ ਧਰਮਾਂ ਦੀਆਂ ਰੀਤਾਂ-ਰਸਮਾਂ, ਪਰੰਪਰਾਵਾਂ ਨੂੰ ਵਹਿਮ-ਭਰਮ, ਪਿਛਾਂਹ-ਖਿਚੂ ਅਤੇ ਸਤਿਕਾਰਤ ਧਾਰਮਿਕ ਸ਼ਖਸੀਅਤਾਂ ਨੂੰ ਪਾਖੰਡੀ ਕਹਿ ਕੇ ਹੀਣ ਭਾਵਨਾ ਪੈਦਾ ਕਰਦੇ ਸਨ ।
5. ਜਗੀਰਦਾਰਾਂ ਨੇ ਰੁਤਬੇ ਹਾਸਲ ਕਰਨ ਲਈ ਲਾਲਚਵਸ ਧਰਮ ਪਰਿਵਰਤਨ ਕੀਤੇ ।
6. ਬੇ-ਰੁਜ਼ਗਾਰਾਂ ਦਾ ਰੁਜ਼ਗਾਰ ਪ੍ਰਾਪਤੀ ਹਿਤ ਈਸਾਈ ਧਰਮ ਵਲ ਝੁਕਾਅ ਹੋਇਆ ।

ਈਸਾਈਆਂ ਦੇ ਦਿਨ-ਬ-ਦਿਨ ਵਧਦੇ ਪ੍ਰਚਾਰ ਨੇ ਅੰਗਰੇਜ਼ੀ ਦੇਸ਼ਾਂ ਦੀਆਂ ਹੋਰਨਾਂ ਸੰਸਥਾਵਾਂ ਨੂੰ ਵੀ ਉਤਸ਼ਾਹਿਤ ਕੀਤਾ ਜਿਨ੍ਹਾਂ ਨੇ ਆਪਣੇ ਆਪਣੇ ਪ੍ਰਚਾਰ ਕੇਂਦਰ ਸਥਾਪਿਤ ਕਰ ਲਏ ਅਤੇ ਪ੍ਰਚਾਰ ਵਿਚ ਜੁਟ ਗਏ ।ਉਨ੍ਹਾਂ ਨੇ ਈਸਾਈ ਮਤ ਦਾ ਮਣਾਂ ਮੂੰਹੀਂ ਸਾਹਿਤ ਛਾਪ ਕੇ ਮੁਫ਼ਤ ਵੰਡਿਆ ।

### 1.4.5.3 ਅੰਗਰੇਜ਼ੀ ਸਰਕਾਰ

ਚਾਹੇ ਪਛਮੀ ਵਿਦਿਆ/ਭਾਸ਼ਾ ਦੀ ਗੱਲ ਹੋਵੇ ਜਾਂ ਈਸਾਈ ਮਤ ਦੇ ਪ੍ਰਚਾਰ-ਪ੍ਰਸਾਰ ਦੀ, ਇਹ ਅੰਗਰੇਜ਼ੀ ਸਰਕਾਰ ਦੇ ਰਾਜਨੀਤਕ ਮੰਤਵ ਪੂਰਤੀ ਲਈ ਸਾਧਨ ਸਨ ਜਿਸ ਕਰਕੇ ਹੀ ਈਸਾਈਆਂ ਨੂੰ ਸਰਕਾਰੀ ਸਹਿਯੋਗ ਪ੍ਰਾਪਤ ਸੀ । ਮਲਕਾ ਵਿਕਟੋਰੀਆ ਤੇ ਲਾਰਡ ਡਲਹੌਜੀ ਨੇ ਆਵਾਜਾਈ ਦੇ ਸਾਧਨਾਂ ਦੇ ਵਿਕਾਸ ਦੀ ਨੀਤੀ ਨਾਲ ਜਿਥੇ ਰਾਜਸੀ ਮਨੋਰਥ ਪੂਰੇ ਕੀਤੇ, ਜਿਸ ਵਿਚ ਕਚਾ ਮਾਲ ਵਿਦੇਸ਼ਾਂ ਵਿਚ ਲਿਜਾਇਆ ਜਾਂਦਾ ਸੀ ਤੇ ਤਿਆਰ (ਪਕਾ) ਹੋਇਆ ਮਾਲ ਭਾਰਤ/ਪੰਜਾਬ ਲਿਆਇਆ ਜਾਂਦਾ ਸੀ, ਉਥੇ ਇਨ੍ਹਾਂ ਸਾਧਨਾਂ ਨਾਲ ਪ੍ਰਚਾਰਕਾਂ ਨੂੰ ਵੀ ਬਹੁਤ ਲਾਭ ਹੋਇਆ । ਅੰਗਰੇਜ਼ਾਂ ਨੇ ਈਸਾਈ ਪ੍ਰਚਾਰਕਾਂ ਦੇ ਮਾਧਿਅਮ ਰਾਹੀਂ ਵਖ-ਵਖ ਧਰਮਾਂ ਦੇ ਲੋਕਾਂ ਵਿਚ ਫੁੱਟ ਪਾ ਕੇ ਰਖੀ । ਸਰਕਾਰੀ ਸਹਿਯੋਗ ਨਾਲ ਈਸਾਈਆਂ ਨੇ ਛਾਪੇਖਾਨੇ ਖੋਲ੍ਹ ਕੇ ਬਾਈਬਲ, ਪਛਮੀ ਸਾਹਿਤ ਤੋਂ ਇਲਾਵਾ ਪੰਜਾਬੀ ਭਾਸ਼ਾ ਦੇ ਵਿਆਕਰਨ, ਕੋਸ਼, ਆਦਿ ਛਾਪੇ । ਪਛਮੀ ਵਿਦਿਆ ਦਾ ਪ੍ਰਚਾਰ ਤੇ ਪ੍ਰਸਾਰ ਈਸਾਈ ਪ੍ਰਚਾਰਕਾਂ ਨੇ ਹੀ ਕੀਤਾ ।

ਭਾਵੇਂ ਅੰਗਰੇਜ਼ੀ ਸਰਕਾਰ ਨੇ ਨਿਜੀ ਹਿਤਾਂ ਲਈ ਕਾਰਜ ਕੀਤੇ ਪਰ ਉਨ੍ਹਾਂ ਦੁਆਰਾ ਕੀਤੇ ਪੰਜਾਬ ਦੇ ਵਿਕਾਸ, ਈਸਾਈ ਪ੍ਰਚਾਰਕਾਂ ਦੇ ਪ੍ਰਚਾਰ-ਢੰਗ ਤੇ ਪਛਮੀ ਵਿਦਿਆ ਪ੍ਰਸਾਰ ਨਾਲ ਸਿੱਖਾਂ ਨੂੰ ਬਹੁਤ ਫਾਇਦਾ ਹੋਇਆ । ਪਛਮੀ ਵਿਦਿਆ ਦੇ ਪ੍ਰਭਾਵ ਨਾਲ ਜਿਥੇ ਜਨ ਜੀਵਨ ਵੀ ਪ੍ਰਭਾਵਿਤ ਹੋਇਆ ਉਥੇ ਇਸਦਾ ਜਿਆਦਾ ਪ੍ਰਭਾਵ ਸਾਹਿਤਕ ਖੇਤਰ 'ਤੇ ਹੀ ਪਿਆ, ਜਿਵੇਂ :

1. ਅੰਗਰੇਜ਼ਾਂ ਦੁਆਰਾ ਆਵਾਜਾਈ ਦੇ ਸਾਧਨਾਂ, ਛਾਪੇਖਾਨੇ, ਆਦਿ ਦੀ ਸਹੂਲਤ ਨਾਲ ਪੰਜਾਬ ਵਿਚ ਸਿੱਖਾਂ ਨੇ ਸਿੱਖ ਸਾਹਿਤ ਰਚਿਆ, ਲਭਿਆ ਤੇ ਪ੍ਰਕਾਸ਼ਿਤ ਕੀਤਾ ।

2. ਈਸਾਈ ਪ੍ਰਚਾਰਕਾਂ ਦੀ ਤਰਜ਼ 'ਤੇ ਸਿੱਖਾਂ ਨੇ ਪ੍ਰਚਾਰ ਢੰਗ ਅਪਣਾਏ, ਜਿਵੇਂ 'ਅਮਰੀਕਨ ਟ੍ਰੈਕਟ ਸੁਸਾਇਟੀ' ਦੀ ਤਰਜ਼ 'ਤੇ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕਰਕੇ ਉਚ-ਪਾਏ ਦਾ ਸਿੱਖ ਸਾਹਿਤ ਟ੍ਰੈਕਟਾਂ ਦੇ ਰੂਪ ਵਿਚ ਛਾਪਿਆ ਤੇ ਮੁਫ਼ਤ ਵੰਡਿਆ ।
3. ਪੰਜਾਬੀ ਲੇਖਕਾਂ ਨੇ ਪਛਮੀ ਸਾਹਿਤ ਦੇ ਰੂਪਾਂ ਨਾਵਲ, ਕਹਾਣੀ, ਨਿਕੀ ਕਹਾਣੀ, ਸਫ਼ਰਨਾਮਾ, ਨੂੰ ਅਪਣਾਇਆ ਅਤੇ ਇਨ੍ਹਾਂ ਵਿਚ ਧਾਰਮਿਕ, ਸਮਾਜਿਕ, ਸਾਹਿਤਕ, ਆਦਿ ਨਾਲ ਸੰਬੰਧਿਤ ਸਿੱਖਿਆਵਾਂ ਤੇ ਸਮਸਿਆਵਾਂ ਦਾ ਚਿਤਰਣ ਕੀਤਾ ।
4. ਸਾਡੇ ਲੇਖਕਾਂ ਨੇ ਪਛਮੀ ਸਾਹਿਤ ਰੂਪਾਂ ਦੀ ਵਰਤੋਂ ਦੇ ਨਾਲ-ਨਾਲ ਨਿਰੋਲ ਪੰਜਾਬੀ ਭਾਸ਼ਾ ਵਿਚ ਲਿਖਣਾ ਸ਼ੁਰੂ ਕੀਤਾ ਜਿਸ ਨਾਲ ਪੰਜਾਬੀ ਭਾਸ਼ਾ ਸੁਤੰਤਰ ਤੇ ਟਕਸਾਲੀ ਬੋਲੀ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ ।
5. ਨਵੇਂ ਸਿਧਾਂਤਾਂ, ਵਿਚਾਰਾਂ, ਪ੍ਰਯੋਗਾਂ, ਵਿਦੇਸ਼ੀ ਸ਼ਬਦਾਵਲੀ ਤੇ ਪ੍ਰਵਿਰਤੀਆਂ ਨੇ ਪੰਜਾਬੀ ਭਾਸ਼ਾ ਦੀ ਪ੍ਰਗਟਾਅ ਸਮਰਥਾ ਨੂੰ ਸ਼ਕਤੀਮਾਨ ਕੀਤਾ ।
6. ਸਕੂਲਾਂ , ਕਾਲਜਾਂ ਤੇ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਨਾਲ ਜਿਥੇ ਅਕਾਦਮਿਕ ਜਗਤ ਵਿਚ ਪੰਜਾਬੀ ਭਾਸ਼ਾ ਦੀ ਜਾਣ ਪਛਾਣ ਹੋਈ ਉਥੇ ਅੰਗਰੇਜ਼ਾਂ ਦੁਆਰਾ ਬਣਾਏ ਪੰਜਾਬੀ ਦੇ ਵਿਆਕਰਨ, ਕੋਸ਼ਾਂ, ਆਦਿ ਦੇ ਫਲਸਰੂਪ ਇਸ ਭਾਸ਼ਾ ਦਾ ਸ਼ਬਦ-ਭੰਡਾਰ ਵੀ ਅਮੀਰ ਹੋਇਆ ।
7. ਗੁਰਮੁਖੀ ਮੌਲਿਕ ਸਾਹਿਤ ਦੇ ਨਾਲ-ਨਾਲ ਪਛਮੀ ਕਲਾਸੀਕਲ ਰਚਨਾਵਾਂ ਦੇ ਵਡੀ ਮਾਤਰਾ ਵਿਚ ਅਨੁਵਾਦ ਹੋਏ ਜਿਸਦੇ ਫਲਸਰੂਪ ਇਕ ਨਵੀਂ ਸਾਖ਼ਰ ਸ੍ਰੇਣੀ ਹੋਂਦ ਵਿਚ ਆਈ ਜਿਸਨੇ ਪਛਮੀ ਕਲਾ ਰੂਪਾਂ ਨੂੰ ਮੌਲਿਕ ਰਚਨਾਵਾਂ ਦੇ ਰੂਪ ਵਿਚ ਪ੍ਰਗਟ ਕੀਤਾ ਅਤੇ ਲੋਕਾਂ ਵਿਚ ਨਵੇਂ ਸਾਹਿਤ ਦੀ ਮੰਗ ਹੋਣ ਲਗੀ ।

**1.4.6 ਸਾਰ:** ਉਪਰੋਕਤ ਤੋਂ ਪਤਾ ਲਗਦਾ ਹੈ ਕਿ ਅੰਗਰੇਜ਼ਾਂ ਦੇ ਪੰਜਾਬ ਆਉਣ ਨਾਲ ਸਿੱਖਾਂ ਦਾ ਉਨ੍ਹਾਂ ਦੇ ਸਭਿਆਚਾਰ ਨਾਲ ਵਾਹ ਪਿਆ, ਅੰਗਰੇਜ਼ੀ ਭਾਸ਼ਾ ਨੂੰ ਉਚੇਰੀ ਵਿਦਿਆ ਦਾ ਮਾਧਿਅਮ ਬਣਾਉਣ ਨਾਲ ਸਾਖ਼ਰ ਸ੍ਰੇਣੀ ਦਾ ਪਛਮੀ ਸਾਹਿਤ ਨਾਲ ਅਤੇ ਈਸਾਈ ਪ੍ਰਚਾਰਕਾਂ ਦੇ ਸੰਪਰਕ ਨਾਲ ਪਛਮੀ ਸਾਹਿਤ ਰੂਪਾਂ ਨਾਲ ਸਾਂਝ ਪਈ । ਉਨ੍ਹਾਂ ਦੁਆਰਾ ਪਛਮੀ ਚੇਤਨਾ, ਵਿਚਾਰਧਾਰਾਈ ਅਧਾਰਾਂ, ਵਿਸ਼ੇ ਤੇ ਕਲਾ ਰੂਪਾਂ ਵਿਚ ਕੀਤੇ ਜਾਂਦੇ ਨਵੇਂ ਪ੍ਰਯੋਗਾਂ ਨੇ ਪੰਜਾਬੀ ਸਾਹਿਤ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ । ਪੰਜਾਬੀ ਲੇਖਕਾਂ ਨੇ ਪਛਮੀ ਤਰਜ਼ 'ਤੇ ਸਫਲ ਤਜਰਬੇ ਕੀਤੇ ।ਭਾਈ ਵੀਰ ਸਿੰਘ ਹੋਰਾਂ ਦੇ ਲਿਖੇ ਪੰਜਾਬੀ ਨਾਵਲ, ਕਹਾਣੀਆਂ, ਆਦਿ ਉਚ-ਪਾਏ ਦੀਆਂ ਸਨ , ਕਿਉਂਕਿ ਉਸ ਸਮੇਂ ਸਾਡੇ ਲੋਕਾਂ ਨੂੰ ਪਛਮੀ ਸਾਹਿਤ ਰੂਪਾਂ ਦੀ ਬਹੁਤੀ ਸਮਝ ਨਹੀਂ ਸੀ ਇਸ ਕਰਕੇ ਇਹ ਕਾਫ਼ੀ ਸਮਾਂ ਸਾਹਿਤਕ ਪਖ ਤੋਂ ਅਣਗੌਲੇ ਪਏ ਰਹੇ ਪਰ ਜਿਥੇ ਇਹ ਪੰਜਾਬੀ ਭਾਸ਼ਾ ਦੇ ਖੇਤਰ ਵਿਚ ਮੁਢਲੇ ਕਾਰਜ ਹਨ ਉਥੇ ਆਪਣੇ ਮਨੋਰਥਾਂ ਵਿਚ ਸਫਲ ਤੇ ਨਵੀਂ ਪੀੜ੍ਹੀ ਲਈ ਰਾਹ-ਦਸੇਰੇ ਹਨ । ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਮੁਖ ਸਿੰਘ, ਗਿ. ਦਿੱਤ ਸਿੰਘ, ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਆਦਿ ਲੇਖਕਾਂ ਦੇ ਸਲਾਘਾਯੋਗ ਜਤਨਾਂ ਸਦਕਾ ਹੀ ਪੰਜਾਬੀ ਭਾਸ਼ਾ, ਪੰਜਾਬੀ ਲੇਖਕ ਤੇ ਸਿੱਖ ਪੰਥ ਵਰਤਮਾਨ ਸਮੇਂ ਵਿਸ਼ਵ ਵਿਚ ਆਪਣੀ ਵਿਲਖਣ ਪਛਾਣ ਸਥਾਪਤ ਕਰਨ ਦੇ ਯੋਗ ਹੋਏ ਹਨ ।

**1.4.7 ਅਭਿਆਸ ਲਈ ਪ੍ਰਸ਼ਨ:**

1.ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦੇ ਪੰਜਾਬ ਦੇ ਹਾਲਾਤ ਬਿਆਨ ਕਰੋ।

2. ਅੰਗਰੇਜੀ ਸ਼ਾਸ਼ਨ ਦੌਰਾਨ ਪੰਜਾਬ ਵਿਚ ਚੱਲੀਆਂ ਵੱਖ-ਵੱਖ ਧਾਰਮਿਕ ਅਤੇ ਰਾਜਨੀਤਕ ਲਹਿਰਾਂ ਬਾਰੇ ਚਰਚਾ ਕਰੋ।

### 1.4.8 ਸਹਾਇਕ ਪੁਸਤਕ-ਸੂਚੀ


1. ਏ. ਸੀ. ਅਰੋੜਾ (ਸੰਪਾ.), *ਪੰਜਾਬ ਦੀਆਂ ਲੋਕ ਲਹਿਰਾਂ*
2. ਸ਼ਮਸੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*
3. ਗੰਡਾ ਸਿੰਘ, *ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ*
4. ਗੰਡਾ ਸਿੰਘ, *ਕੂਕਿਆਂ ਦੀ ਵਿਥਿਆ*
5. ਗੰਡਾ ਸਿੰਘ (ਸੰਪਾ), *ਦ ਸਿੰਘ ਸਭਾ ਐਂਡ ਸੋਸਿਉ-ਰਿਲੀਜੀਅਸ ਮੂਵਮੈਂਟ ਇਨ ਦ ਪੰਜਾਬ*
6. ਪਰਮਿੰਦਰ ਸਿੰਘ, *ਪੰਜਾਬੀ ਸਾਹਿਤ ਉਤੇ ਪੱਛਮੀ ਪ੍ਰਭਾਵ*

# ਸਿੱਖ ਪੁਨਰ ਜਾਗ੍ਰਿਤੀ ਵਿਚ ਸਿੰਘ ਸਭਾ ਲਹਿਰ ਅਤੇ ਸਿੱਖ ਪਤਰਕਾਰੀ ਦਾ ਯੋਗਦਾਨ

ਪਾਠ ਬਣਤਰ

1.5.1 ਉਦੇਸ਼

1.5.2 ਭੂਮਿਕਾ

1.5.3 ਸਿੰਘ ਸਭਾ ਲਹਿਰ

1.5.4 ਪ੍ਰਾਪਤੀਆਂ

1.5.5 ਸਿੱਖ ਪਤਰਕਾਰੀ

1.5.5.1 ਸਿੰਘ ਸਭਾ ਲਹਿਰ ਤੋਂ ਪਹਿਲਾਂ ਦੀ ਪਤਰਕਾਰੀ

1.5.5.2 ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪਤਰਕਾਰੀ

1.5.5.3 ਅਕਾਲੀ ਲਹਿਰ ਦੇ ਪ੍ਰਭਾਵ ਅਧੀਨ ਪਤਰਕਾਰੀ

1.5.5.4 ਵਰਤਮਾਨ ਸਮੇਂ ਸਿੱਖ ਪਤਰਕਾਰੀ

1.5.6 ਸਾਰ

1.5.7 ਅਭਿਆਸ ਲਈ ਪ੍ਰਸ਼ਨ

1.5.9 ਸਹਾਇਕ ਪੁਸਤਕ-ਸੂਚੀ

**1.5.1 ਉਦੇਸ਼:** ਇਸ ਪਾਠ ਦਾ ਉਦੇਸ਼ ਸਿੰਘ ਸਭਾ ਲਹਿਰ ਅਤੇ ਸਿੱਖ ਪੱਤਰਕਾਰੀ ਵਿਚ ਸਿੰਘ ਸਭਾ ਲਹਿਰ ਦੇ ਯੋਗਦਾਨ ਬਾਰੇ ਜਾਣਕਾਰੀ ਦੇਣਾ ਹੈ।

**1.5.2 ਭੂਮਿਕਾ:** **ਅੰਗ**ਰੇਜੀ ਰਾਜ ਦੀ ਸਥਾਪਨਾ ਤੋਂ ਬਾਅਦ ਅੰਗਰੇਜਾਂ ਨੇ ਰਾਜਨੀਤਕ ਸ਼ਕਤੀ ਤੋਂ ਇਲਾਵਾ ਸੱਭਿਆਚਾਰ ਤੇ ਹਮਲੇ ਕਰਨੇ ਸ਼ੁਰੂ ਕੀਤੇ। ਜਿਸ ਦੇ ਨਤੀਜੇ ਵਜੋਂ ਧਰਮ ਬਦਲੀ ਦਾ ਦੌਰ ਸ਼ੁਰੂ ਹੋ ਗਿਆ।

ਪੰਜਾਬ ਦੇ ਸਭ ਧਰਮਾਂ ਦੇ ਆਗੂਆਂ ਤੇ ਵਿਦਵਾਨਾਂ ਨੇ ਆਪਣੇ ਧਰਮ ਨੂੰ ਬਚਾਉਣ ਲਈ ਪ੍ਰਚਾਰ ਦੀ ਲੋੜ ਮਹਿਸੂਸ ਕੀਤੀ। ਜਿਸ ਦੇ ਨਤੀਜੇ ਵਜੋਂ ਬ੍ਰਹਮੋ ਸਮਾਜ, ਆਰੀਆ ਸਮਾਜ ਆਦਿ ਲਹਿਰਾਂ ਸ਼ੁਰੂ ਹੋਈਆ।ਜਿੰਨ੍ਹਾਂ ਵਿਚੋਂ ਸਿੱਖਾਂ ਦੀ ਸਿੰਘ ਸਭਾ ਲਹਿਰ ਪ੍ਰਮੁੱਖ ਲਹਿਰ ਹੈ। ਸਿੰਘ ਸਭਾ ਲਹਿਰ ਨੇ ਸਿੱਖ ਧਰਮ, ਪੰਜਾਬੀ ਭਾਸ਼ਾ ਅਤੇ ਸਿੱਖ ਪੱਤਰਕਾਰੀ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ।

### 1.5.3 ਸਿੰਘ ਸਭਾ ਲਹਿਰ

ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਤੋਂ ਬਾਅਦ ਅੰਗਰੇਜ਼ਾਂ ਨੇ ਸਿੱਖਾਂ ਦੀ ਰਾਜਨੀਤਕ ਸ਼ਕਤੀ ਤੋਂ ਇਲਾਵਾ ਸਿੱਖ ਸਭਿਆਚਾਰ 'ਤੇ ਵੀ ਹਮਲੇ (ਸਿੱਧੇ/ ਅਸਿੱਧੇ) ਕਰਨੇ ਸ਼ੁਰੂ ਕਰ ਦਿਤੇ ਜਿਸਦੇ ਫਲਸਰੂਪ ਪੱਛਮੀਕਰਨ ਦੇ ਪ੍ਰਭਾਵ ਅਧੀਨ ਧਰਮ-ਬਦਲੀ ਦਾ ਦੌਰ ਚਲ ਪਿਆ । ਡਾ. ਤੇਜਵੰਤ ਮਾਨ ਦੇ ਸ਼ਬਦਾਂ 'ਚ, 'ਅੰਗਰੇਜ ਸਮਝਦੇ ਸਨ ਕਿ ਧਰਮ ਹੀ ਭੂਪਵਾਦੀ ਪ੍ਰਬੰਧ ਦਾ ਅਧਾਰ ਹੈ ਅਤੇ ਜਨਤਾ ਦੀ ਅੰਨ੍ਹੀ ਵਫ਼ਾਦਾਰੀ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਧਰਮ ਦੇ ਨਸ਼ੇ ਵਿਚ ਰਖਣਾ ਜਰੂਰੀ ਹੈ। ਸੋ ਅਜਿਹੇ ਧਾਰਮਿਕ ਪਖ ਤੋਂ ਥਿੜਕੇ ਬੱਚਿਆਂ ਨੂੰ ਆਪਣੇ ਧਰਮ ਵਿਚ ਸ਼ਾਮਲ ਕਰਨ ਲਈ ਉਨ੍ਹਾਂ ਨੇ ਈਸਾਈ ਮਤ ਦੀ ਲਹਿਰ ਚਲਾ ਦਿਤੀ ।' ਪੰਜਾਬ ਦੇ ਸਭ ਧਰਮਾਂ ਦੇ ਆਗੂਆਂ ਤੇ ਵਿਦਵਾਨਾਂ ਨੂੰ ਆਪਣੇ ਆਪਣੇ ਧਰਮ ਨੂੰ ਬਚਾਉਣ ਲਈ ਪ੍ਰਚਾਰ ਦੀ ਲੋੜ ਮਹਿਸੂਸ ਹੋਣ ਲਗੀ । ਹਿੰਦੂਆਂ ਵਲੋਂ ਬ੍ਰਹਮੋ ਸਮਾਜ, ਆਰੀਆ ਸਮਾਜ, ਦੇਵ ਸਮਾਜ, ਸਨਾਤਨ ਧਰਮ ਸਭਾ, ਆਦਿ ਤੇ ਮੁਸਲਮਾਨਾਂ ਵਲੋਂ ਅੰਜੁਮਨੇ-ਹਿਮਾਯਤੇ-ਇਸਲਾਮ, ਵਹਾਬੀ , ਆਦਿ ਲਹਿਰਾਂ ਦੇ ਤਹਿਤ ਜਿਥੇ ਆਪਣੇ ਧਰਮਾਂ ਦਾ ਪ੍ਰਚਾਰ ਪ੍ਰਚਾਰ ਕਰਨਾ ਸ਼ੁਰੂ ਕੀਤਾ ਉਥੇ ਨਾਲ-ਨਾਲ ਸਿੱਖ ਧਰਮ ਨੂੰ ਵੀ ਆਪਣੀ ਇਕ ਸ਼ਾਖ ਵਜੋਂ ਪ੍ਰਚਾਰਨਾ ਸ਼ੁਰੂ ਕਰ ਦਿਤਾ । ਇਸ ਸਭ ਦੇ ਪ੍ਰਤੀਕਰਮ ਵਜੋਂ ਸਿੱਖ ਸੂਝਵਾਨਾਂ ਵਲੋਂ ਵੀ ਕਈ ਕਦਮ ਚੁਕੇ ਗਏ ਅਤੇ ਕਈ ਲਹਿਰਾਂ ਨੇ ਜਨਮ ਲਿਆ ਜਿਵੇਂ, ਨਿਰੰਕਾਰੀ ਲਹਿਰ , ਬਾਬਾ ਦਿਆਲ ਸਿੰਘ ਵਲੋਂ ਆਰੰਭ ਕੀਤੀ ਗਈ । ਇਸ ਲਹਿਰ ਦਾ ਮੰਤਵ ਲੋਕਾਂ ਨੂੰ ਵਹਿਮਾਂ-ਭਰਮਾਂ ( ਸੂਤਕ ਪਾਤਕ, ਵਰਤ ਰਖਣੇ, ਮੂਰਤੀ ਪੂਜਾ, ਆਦਿ ) ਵਿਚੋਂ ਕੱਢ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨਾ ਤੇ ਕੀਰਤਨ ਪ੍ਰਵਾਹ ਚਲਾਉਣਾ ਸੀ । ਇਹ ਲਹਿਰ ਸਿਧਾਂਤਕ ਮਤਭੇਦਾਂ ਤੇ ਅੰਦਰੂਨੀ ਕਮਜ਼ੋਰੀਆਂ ਕਰਕੇ ਲੋਕ-ਸਹਿਮਤੀ ਨਾ ਲੈ ਸਕੀ । ਸਿੱਖਾਂ ਦੀ ਦੂਜੀ ਲਹਿਰ , ਨਾਮਧਾਰੀ ਲਹਿਰ ( ਜੋ ਬਾਬਾ ਰਾਮ ਸਿੰਘ ਨੇ ਸ਼ੁਰੂ ਕੀਤੀ ਸੀ ), ਧਾਰਮਿਕ ਤੇ ਸਮਾਜਿਕ ਲਹਿਰ ਸੀ ਜਿਸਦਾ ਮਨੋਰਥ ਗੁਰੂ ਗੋਬਿੰਦ ਸਿੰਘ ਜੀ ਦੀ ਸੱਚੀ-ਸੁੱਚੀ ਮਰਯਾਦਾ ਨੂੰ ਪੁਨਰ ਪ੍ਰਚਲਿਤ ਕਰਨਾ ਅਤੇ ਸਿੱਖ ਪੰਥ 'ਚੋਂ ਕੁਰੀਤੀਆਂ ਦੂਰ ਕਰਨਾ ਸੀ । ਇਨ੍ਹਾਂ ਨੇ ਸ਼ੁਰੂ ਤੋਂ ਹੀ ਅੰਗਰੇਜ਼ਾਂ ਨਾਲ ਨਾ ਮਿਲਵਰਤਨ ਰਖਿਆ ਹੋਇਆ ਸੀ । ਅੰਗਰੇਜ਼ ਸਰਕਾਰ ਇਨ੍ਹਾਂ ਪ੍ਰਤੀ ਪਹਿਲਾਂ ਤੋਂ ਹੀ ਸੁਚੇਤ ਸੀ । ਉਨ੍ਹਾਂ ਨੇ ਮੌਕਾ ਮਿਲਦਿਆਂ ਹੀ ਨਾਮਧਾਰੀਆਂ ਦੀਆਂ ਰਾਜਨੀਤਕ ਗਤੀਵਿਧੀਆਂ ਦੇ ਕਾਰਨ 1872 ਈ. ਵਿਚ ਇਨ੍ਹਾਂ ਨੂੰ ਤੋਪਾਂ ਨਾਲ ਉਡਾ ਦਿਤਾ। ਇਸ ਤਰ੍ਹਾਂ ਅੰਗਰੇਜ਼ੀ ਸਰਕਾਰ ਨੇ ਇਹ ਲਹਿਰ ਦਬਾ ਦਿਤੀ ।ਇਸ ਉਪਰੰਤ ਸਿੱਖਾਂ ਦੀ ਹਾਲਤ ਨਾਜ਼ੁਕ ਹੋ ਗਈ। ਲੋਕ ਲਾਲਚ ਅਤੇ ਮਜਬੂਰੀਵਸ ਈਸਾਈ ਮਤ ਧਾਰਨ ਕਰ ਰਹੇ ਸਨ । ਉਸ ਸਮੇਂ ਸਿੱਖਾਂ 'ਤੇ ਹੋ ਰਹੇ ਹਮਲਿਆਂ ਨੂੰ ਚਾਰ ਪਖਾਂ ਤੋਂ ਦੇਖਿਆ ਜਾ ਸਕਦਾ ਹੈ :

1. **ਧਰਮ-ਬਦਲੀ** - ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦੇ ਪ੍ਰਭਾਵ ਅਧੀਨ ਸਿਖਾਂ/ਚਾਰ ਸਿਖ ਵਿਦਿਆਰਥੀਆਂ ਦਾ ਈਸਾਈ ਮਤ ਧਾਰਨ ਦੀ ਇਛਾ ਰਖਣਾ, ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾਉਣਾ,ਆਦਿ।
2. **ਸਿੱਖ ਸਿਧਾਂਤਾਂ ਤੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ** - ਈਸਾਈ ਮਿਸ਼ਨਰੀਆਂ, ਆਰੀਆ ਸਮਾਜੀ ਤੇ ਮੁਸਲਮਾਨਾਂ ਵਲੋਂ ਗੁਰੂ-ਸਾਹਿਬਾਨ ਤੇ ਸਿੱਖ ਇਤਿਹਾਸ ਸੰਬੰਧੀ ਗਲਤ ਬਿਆਨਬਾਜ਼ੀ ਕਰਨਾ।
3. **ਧਰਮ-ਅਸਥਾਨਾਂ ਦੀ ਮਰਯਾਦਾ ਭੰਗ ਕਰਨਾ** - ਅੰਗਰੇਜਾਂ ਦੁਆਰਾ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਪ੍ਰਚਾਰ ਲਈ ਬੁੰਗਾ ਲੈਣਾ, ਹਿੰਦੂਆਂ ਦੁਆਰਾ ਪਰਕਰਮਾ ਵਿਚ ਹੀ ਮੂਰਤੀਆਂ ( ਦੇਵੀ-ਦੇਵਤਿਆਂ ) ਦੀ ਪੂਜਾ ਤੇ ਪੁਰਾਣਾਂ ਦੀ ਕਥਾ ਕਰਨਾ, ਆਦਿ ।

**4. ਗੁਰੂ-ਡੰਮ੍ਹ ਦਾ ਪ੍ਰਚਾਰ -** ਕੁਝ ਅਗਿਆਨੀ ਸਿੱਖਾਂ, ਗੁਰੂ-ਅੰਸ਼ ਨਾਲ ਸੰਬੰਧਿਤ ਵਿਅਕਤੀਆਂ ਤੇ ਅਨਮਤੀਆਂ ਦੇ ਭੇਖੀ ਸਾਧਾਂ ਦਾ ਬੋਲਬਾਲਾ ਹੋਣਾ।

ਉਕਤ ਪ੍ਰਸਥਿਤੀਆਂ ਨੂੰ ਗੰਭੀਰਤਾ ਨਾਲ ਲੈਦਿਆਂ ਸਿੱਖ ਆਗੂਆਂ ਤੇ ਵਿਦਵਾਨਾਂ ਨੇ ਸਿੱਖ ਪੰਥ ਦੀ ਸਾਂਝੀ ਜਥੇਬੰਦੀ ਦੀ ਲੋੜ ਮਹਿਸੂਸ ਕੀਤੀ । ਕੁਝ ਦਿਨਾਂ ਵਿਚ ਹੀ 1873 ਈ. ਨੂੰ ਅੰਮ੍ਰਿਤਸਰ ਵਿਖੇ ਭਾਰੀ ਇਕੱਠ ਹੋਇਆ ਜਿਸ ਵਿਚ ਸਿੱਖਾਂ ਦੇ ਹਰੇਕ ਸੰਪ੍ਰਦਾਇ ਦੇ ਆਗੂ, ਗ੍ਰੰਥੀ, ਗਿਆਨੀ, ਸਰਦਾਰ, ਵਿਦਵਾਨ, ਆਦਿ ਸ਼ਾਮਲ ਹੋਏ । ਵਿਚਾਰ-ਵਟਾਂਦਰਾ ਕਰਨ ਉਪਰੰਤ ਉਸੇ ਦਿਨ ਸਰਬਸੰਮਤੀ ਨਾਲ ਅਰਦਾਸਾ ਸੋਧ ਕੇ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਦੀ ਪ੍ਰਧਾਨਗੀ ਹੇਠ 'ਸ੍ਰੀ ਗੁਰ ਸਿੰਘ ਸਭਾ' ਦੀ ਸਥਾਪਨਾ ਕੀਤੀ ਗਈ । ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਪੰਜ ਸਿੱਖਾਂ, ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਭਾਈ (ਪ੍ਰੋ.) ਗੁਰਮੁਖ ਸਿੰਘ, ਗਿ. ਦਿੱਤ ਸਿੰਘ, ਭਾਈ ਮਈਆ ਸਿੰਘ ਤੇ ਭਾਈ ਜਵਾਹਰ ਸਿੰਘ ਨੇ ਅਹਿਮ ਭੂਮਿਕਾ ਨਿਭਾਈ।

ਉਪਰੋਕਤ ਗੁਰਸਿੱਖਾਂ ਨੇ ਇਸ ਸਭਾ ਦੇ ਲੋਕਤੰਤਰੀ ਨਿਯਮ ਉਲੀਕੇ । ਸਿੰਘ ਸਭਾ ਦਾ ਮੈਂਬਰ ਬਣਨ ਲਈ, ਗੁਰੂ ਦਾ ਸਿੱਖ ਹੋਣਾ, ਸਭਾ ਲਈ ਵਫ਼ਾਦਾਰ ਹੋਣਾ, ਸਿੱਖ ਪੰਥ ਦੀ ਸੇਵਾ-ਭਾਵਨਾ ਤੇ ਦਸਵੰਧ ਦੇਣਾ ਜ਼ਰੂਰੀ ਸ਼ਰਤਾਂ ਸਨ । ਇਸ ਸਭਾ ਨੇ ਜੋ ਮੁਢਲੇ ਨਿਯਮ ਬਣਾਏ ਉਹ ਸ਼ਮਸੇਰ ਸਿੰਘ ਅਸ਼ੋਕ ਨੇ ( ਗਿ. ਗੁਰਦਿਤ ਸਿੰਘ ਦੇ ਹਵਾਲੇ ਨਾਲ ) ਇਹ ਦਸੇ ਹਨ :

1. ਸਿੱਖ ਧਰਮ ਦੇ ਸੁਤੰਤਰ ਵਜੂਦ ਤੇ ਮੌਲਿਕ ਰੂਪ ਦੀ ਪਛਾਣ
2. ਗੁਰਬਾਣੀ ਦੀ ਕਸਵਟੀ ਨਾਲ ਸਿੱਖ ਸਾਹਿਤ ਦੀ ਪਰਖ
3. ਰਹੁ-ਰੀਤਾਂ ਤੇ ਮਰਯਾਦਾ ਦੇ ਅਡੰਬਰੀ ਰੂਪ ਤੋਂ ਬਚਾਅ
4. ਵਿਦਵਤਾ ਤੇ ਯੁਕਤੀ ਦੇ ਬਲ ਨਾਲ ਬ੍ਰਾਹਮਣੀ ਧਰਮ ਤੋਂ ਛੁਟਕਾਰਾ
5. ਸਿੱਖ ਧਰਮ ਦੇ ਮਨੋਰਥਾਂ ਤੇ ਆਸ਼ਿਆਂ ਨੂੰ ਨਵੀਨ ਚੇਤਨਤਾ ਤੇ ਵਿਗਿਆਨਕ ਢੰਗ ਨਾਲ ਪ੍ਰਚਾਰਨਾ ।

ਸਿੰਘ ਸਭਾ ਨੇ ਨਿਯਮਾਂਵਲੀ ਅਨੁਸਾਰ ਕਾਰਜ ਆਰੰਭੇ । ਇਸ ਦੇ ਮੁਖੀਆਂ ਵਿਚ ਆਪਸੀ ਮਤਭੇਦਾਂ ਕਾਰਨ ਦੋ ਕੁ ਸਾਲਾਂ ਬਾਅਦ ਇਸਦੀ ਪ੍ਰਚਾਰਕ ਲੋਅ ਮਧਮ ਪੈ ਗਈ । ਕਈ ਸੂਝਵਾਨ ਸਿੱਖਾਂ ਨੇ ਪੁਨਰ ਵਿਚਾਰ ਕੀਤਾ ਜਿਨ੍ਹਾਂ ਵਿਚ ਭਾਈ ਗੁਰਮੁਖ ਵਿਚ ਦੀ ਵਿਸ਼ੇਸ਼ ਰੁਚੀ ਸੀ। ਭਾਈ ਗੁਰਮੁਖ ਸਿੰਘ ਵਰਗੇ ਸਿੱਖਾਂ ਦੇ ਜਤਨਾਂ ਸਦਕਾ ਛੇ ਸਾਲਾਂ ਬਾਅਦ 1879 ਈ. ਨੂੰ 'ਸ੍ਰੀ ਗੁਰੂ ਸਿੰਘ ਸਭਾ, ਲਾਹੌਰ' ਦੇ ਰੂਪ ਵਿਚ ਪੁਨਰ-ਗਠਨ ਕੀਤਾ ਗਿਆ, ਜਿਸਨੇ ਦੋ ਮੁਢਲੇ ਮਨੋਰਥ ਸਾਹਮਣੇ ਰਖੇ । ਪਹਿਲਾ, ਧਾਰਮਿਕ ਖੇਤਰ , ਜਿਸ ਵਿਚ ਆਸਾ ਕੀ ਵਾਰ , ਸ਼ਬਦਾਂ ਦਾ ਪੜ੍ਹਨਾ, ਪੜ੍ਹਾਉਣਾ, ਛਪਾਉਣਾ , ਵੰਡਣਾ ਤੇ ਕੀਰਤਨ/ਭਜਨ ਕਰਨਾ । ਦੂਜਾ, ਵਿਦਿਅਕ ਖੇਤਰ, ਜਿਸ ਵਿਚ ਸਕੂਲਾਂ ਦੀ ਸਥਾਪਨਾ ਤੇ ਰਸਾਲੇ, ਗੁਰਮੁਖੀ ਅਖਬਾਰ ਕਢਣੇ/ਛਾਪਣੇ । ਇਸ ਸਭਾ ਨੇ ਮੁਢਲੇ ਟੀਚਿਆਂ ਤੋਂ ਇਲਾਵਾ ਕੁਝ ਹੋਰ ਅਸੂਲ ਬਣਾਏ ਜੋ ਡਾ. ਜਗਜੀਤ ਸਿੰਘ ਅਨੁਸਾਰ ਨਿਮਨ-ਲਿਖਤ ਹਨ :

1. ਤਮਾਮ ਸਿੱਖ ਭਾਈ ਅਤੇ ਖਾਲਸਾ ਜੀ ਨੂੰ ਸਿੱਖੀ ਧਰਮ ਦੇ ਨਾਲ ਪਿਆਰ ਰਖਣਾ ।
2. ਇਸ ਸ਼ਰੇਸਟ ਧਰਮ ਦੇ ਨਿਯਮਾਂ ਨੂੰ ਪਰਗਟ ਕਰਨਾ ਅਤੇ ਥਾਂ ਪਰ ਥਾਂ ਇਸ ਸ਼ਰੇਸਟ ਧਰਮ ਦੀ ਚਰਚਾ ਕਰਨੀ ।
3. ਜਿਨ੍ਹਾਂ ਪੋਥੀਆਂ,ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਅਤੇ ਭਲਿਆਈ ਪਾਈ ਜਾਂਦੀ ਹੈ ਉਨ੍ਹਾਂ ਨੂੰ ਛਪਵਾ ਕੇ ਪਰਗਟ ਕਰਨਾ।
4. ਸੰਪ੍ਰਦਾਇ ਬਾਣੀ ਨੂੰ ਪਰਗਟ ਕਰਨਾ ਅਤੇ ਉਨ੍ਹਾਂ ਤਾਰੀਖ਼ੀ ਅਤੇ ਮਜਹਬੀ ਪੋਥੀਆਂ ਨੂੰ (ਜੈਸੇ ਜਨਮਸਾਖੀ ਅਤੇ ਗੁਰ-ਪ੍ਰਣਾਲੀ ਆਦਿਕ) ਜਿਨ੍ਹਾਂ ਵਿਚ ਕਿਸੀ ਤਰ੍ਹਾਂ ਦਾ ਸ਼ੰਕਾ ਹੈ, ਉਨ੍ਹਾਂ ਨੂੰ ਅਸਲੇ ਕਢਾਇ ਕੇ ਅਗਾ ਪਿੱਛਾ ਵੇਖ ਕੇ ਸ਼ੁਧ ਕਰਨਾ।

5. ਪੰਜਾਬੀ ਜ਼ਬਾਨ ਦਵਾਰਾ ਇਲਮ ਮੁਰਵਜ਼ੇ { ਗਿਆਨ } ਦੀ ਉਨਤੀ ਕਰਨੀ ਅਤੇ ਇਸ ਅਭਿਪ੍ਰਾਇ ਨਾਲ ਰਸਾਲੇ ਤੇ ਅਖਬਾਰਾਂ ਨਿਕਾਲਣੀਆਂ।
6. ਜੋ ਲੋਕ ਸਿੱਖੀ ਧਰਮ ਦੇ ਵਿਰੋਧੀ ਹਨ ਜਿਨ੍ਹਾਂ ਦੇ ਵਿਰੁਧ ਕੁਝ ਕਿਹਾ ਅਥਵਾ ਸੁਣਿਆ ਹੈ ਅਥਵਾ ਜਿਹੜੇ ਧਰਮ ਛਡ ਕੇ ਦੂਸਰੇ ਧਰਮ ਅਤੇ ਸਮਾਜ ਸਭਾ ਵਿਚ ਜਾ ਰਲੇ ਹੋਣ ਅਥਵਾ ਜਿਨ੍ਹਾਂ ਨੇ ਆਪਣੇ ਕੇਸਾਂ ਦੀ ਬੇਅਦਬੀ ਕਰਾਈ ਹੋਵੇ ਅਥਵਾ ਜੋ ਸਰਕਾਰ ਦੇ ਨਜਦੀਕ ਮੁਫ਼ਸਦ ਗਿਣੇ ਗਏ ਹੋਣ ਅਥਵਾ ਜੋ ਸੁਲਹ-ਮਿਲਤ ਅਤੇ ਭਲਾਈ ਕੌਮ ਦੇ ਵਿਰੋਧੀ ਹੋਣ, ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ ਮਗਰੋਂ ਜਦ ਇਨ੍ਹਾਂ ਵਿਚੋਂ ਕੋਈ ਪਿਛਲੀ ਕੀਤੀ ਤੋਂ ਤਨਖਾਹ ਲੁਆਵੇ ਅਤੇ ਅਗੇ ਨੂੰ ਸਭਾ ਦੀ ਰਾਇ ਦਾ ਹੋ ਜਾਵੇ ਤਾਂ ਮਿਲ ਸਕਦੇ ਹਨ।
7. ਵਡੇ ਮਰਤਬੇ ਵਾਲੇ ਅੰਗਰੇਜ਼ ਵਿਦਿਆ ਸ਼ਾਖ ਦੇ ਮੈਂਬਰ ਬਣ ਸਕਦੇ ਹਨ। ਹੋਰ ਕੌਮ ਤੇ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਤਦ ਬਣ ਸਕਦੇ ਹਨ ਜਦ ਪੱਕੀ ਤਰ੍ਹਾਂ ਮਲੂਮ ਹੋ ਜਾਵਣ ਜੋ ਉਹ ਸਿੱਖੀ ਧਰਮ ਅਤੇ ਪੰਜਾਬੀ ਧਰਮ ਦੇ ਖ਼ੈਰ-ਖਵਾਹ ਹਨ ।
8. ਕਿਸੀ ਦੂਸਰੇ ਮਤ ਦੇ ਵਿਰੁਧ ਕਹਿਣਾ, ਸੁਣਨਾ ਅਥਵਾ ਲਿਖਣਾ 'ਸ੍ਰੀ ਗੁਰੂ ਸਿੰਘ ਸਭਾ' ਦਾ ਕੰਮ ਨਹੀਂ ।
9. 'ਸ੍ਰੀ ਗੁਰੂ ਸਿੰਘ ਸਭਾ' ਵਿਚ ਕੋਈ ਬਾਤ ਸਰਕਾਰ ਦੇ ਤਅੱਲਕ ਨਹੀਂ ਕੀਤੀ ਜਾਏਗੀ ।
10. ਖ਼ੈਰ ਖ਼ੁਆਹੀ ਕੌਮ ਫਰਮਾਬਰਦਾਰੀ ਸਰਕਾਰ, ਸਿੱਖੀ ਧਰਮ ਨਾਲ ਪਿਆਰ ਅਤੇ ਉਨਤੀ ਕਰਨਾ, ਵਿਦਿਆ ਦਾ ਪੰਜਾਬੀ ਜ਼ਬਾਨ ਦਵਾਰਾ ਅਤੇ ਮਸਹਿਲਤ { ਲੋੜ ਅਨੁਸਾਰ }ਉਸਦੀ ਹਰ ਬਾਤ ਵਿਚ ਲਿਹਾਜ ਕਰਨਾ ।

੧੧ ਅਪ੍ਰੈਲ 1880 ਈ. ਨੂੰ ਦੋਹਾਂ ਸਭਾਵਾਂ ( 'ਸ੍ਰੀ ਗੁਰੂ ਸਿੰਘ ਸਭਾ', ਅੰਮ੍ਰਿਤਸਰ ਤੇ 'ਸ੍ਰੀ ਗੁਰੂ ਸਿੰਘ ਸਭਾ', ਲਾਹੌਰ) ਨੂੰ ਮਿਲਾ ਕੇ 'ਸ੍ਰੀ ਗੁਰੂ ਸਿੰਘ ਸਭਾ ਜਨਰਲ' ਹੋਂਦ ਵਿਚ ਆਈ । ਭਾਈ ਗੁਰਮੁਖ ਸਿੰਘ ਦੀ ਘਾਲ ਨਾਲ ਅਖਬਾਰਾਂ ਦਾ ਸਿਲਸਿਲਾ ਸ਼ੁਰੂ ਹੋਇਆ । ਪਹਿਲਾਂ ਉਨ੍ਹਾਂ ਨੇ 'ਗੁਰਮੁਖੀ ਅਖਬਾਰ' (1880 ਈ., ਹਫ਼ਤਾਵਾਰੀ ), ਫਿਰ 'ਵਿਦਿਆਰਕ' (1887 ਈ., ਮਾਸਿਕ ) ਸ਼ੁਰੂ ਕੀਤੇ । ਸਿੰਘ ਸਭਾ ਦੇ ਪ੍ਰਚਾਰਕਾਂ ਨੇ ਥਾਂ-ਥਾਂ ਜਾ ਕੇ ਸਿੰਘ ਸਭਾਵਾਂ ਬਣਾਉਣੀਆਂ ਆਰੰਭੀਆਂ ਤੇ ਜਲਸੇ ਕੀਤੇ ਜਿਸਦੇ ਫਲਸਰੂਪ ਸਿੱਖਾਂ ਵਿਚ ਖਾਲਸਾ ਸਕੂਲ ਖੋਲ੍ਹਣ, ਪੰਜਾਬੀ ਜ਼ਬਾਨ ਦੇ ਪ੍ਰਚਾਰ-ਪ੍ਰਸਾਰ ਲਈ ਉਤਸ਼ਾਹ ਵਧਣ ਲਗਾ । ਸਿੰਘ ਸਭਾਵਾਂ ਦੀ ਗਿਣਤੀ ਵਧਣ ਕਾਰਨ 1889 ਈ. ਨੂੰ 'ਖਾਲਸਾ ਦੀਵਾਨ' ਦੀ ਸਥਾਪਨਾ ਹੋਈ । ਇਸ ਦੀਵਾਨ ਦੁਆਰਾ ਗੁਰਪੁਰਬਾਂ (ਦੀਵਾਲੀ , ਵਿਸਾਖੀ, ਆਦਿ ) ਮੌਕੇ ਜੋੜ ਮੇਲੇ ਕਰਵਾਏ ਜਾਂਦੇ ਜਿਨ੍ਹਾਂ ਵਿਚ ਗੁਰਮਤਿ ਤੇ ਪੰਥਕ ਪ੍ਰਗਤੀ ਸੰਬੰਧੀ ਵਿਚਾਰਾਂ/ਤਕਰੀਰਾਂ ਹੁੰਦੀਆਂ ਸਨ । ਕੁਝ ਸਮਾਂ ਬੀਤਣ ਮਗਰੋਂ ਸਿੱਖ ਨੁਮਾਇੰਦਿਆਂ ਵਿਚ ਸਿਧਾਂਤਕ ਵਖਰੇਵਿਆਂ ਕਾਰਨ ਫਿਰ ਤੋਂ ਮਤਭੇਦ ਵਧਣੇ ਸ਼ੁਰੂ ਹੋ ਗਏ । ਸ਼ਮਸੇਰ ਸਿੰਘ ਅਸ਼ੋਕ ਨੇ ਦੋਵਾਂ ਦੀਵਾਨਾਂ/ਸਭਾਵਾਂ ਵਿਚ ਫੁੱਟ ਦੇ ਜੋ ਕਾਰਨ ਦਸੇ ਹਨ, ਉਹ ਇਹ ਹਨ :

1. ਸਿੰਘ ਸਭਾ ਲਾਹੌਰ ਜਿਤਨੀ ਅਗਾਂਹ-ਵਧੂ ਸੀ, ਸਿੰਘ ਸਭਾ ਅੰਮ੍ਰਿਤਸਰ ਉਤਨੀ ਹੀ ਪਿਛਾਂਹ-ਖਿਚੂ ਸੀ । ਪਹਿਲੀ ਸਭਾ ਵਿਚ ਕਟੜ ਸਿੱਖੀ ਪ੍ਰਧਾਨ ਸੀ ਤੇ ਦੂਸਰੀ ਵਿਚ ਸਨਾਤਨੀ ਮਰਯਾਦਾ ।
2. ਜਨਰਲ ਸਭਾ, ਅਰਥਾਤ ਖਾਲਸਾ ਦੀਵਾਨ ਵਿਚ ਵੀ ਬਹੁਤੇ ਮੈਂਬਰ ਅੰਮ੍ਰਿਤਸਰੀ ਧੜੇ ਦੇ ਸਨ ।
3. ਇਖ਼ਤਿਲਾਫ ਦਾ ਖਾਸ ਕਾਰਨ ਇਹ ਸੀ ਬਾਬਾ ਖੇਮ ਸਿੰਘ ਬੇਦੀ ਆਦਿ ਸਜਣ, ਜੋ 'ਸ੍ਰੀ ਗੁਰੂ ਸਿੰਘ ਸਭਾ', ਅੰਮ੍ਰਿਤਸਰ ਦੇ ਮੋਢੀ ਸਨ, ਗੁਰੂ-ਅੰਸ਼ ਹੋਣ ਕਰਕੇ ਆਪਣੇ ਆਪ ਨੂੰ ਗੁਰੂ ਕਹਾਉਂਦੇ ਸਨ ਤੇ ਲੋਕਾਂ ਤੋਂ ਆਪਣੇ ਪੈਰ ਪੁਜਾਉਂਦੇ ਸਨ ।
4. ਸਿੰਘ ਸਭਾ ਲਾਹੌਰ ਦੇ ਮੁਕਾਬਲੇ ਤੇ ਅੰਮ੍ਰਿਤਸਰ ਦੀ ਸਿੰਘ ਸਭਾ ਵਿਚ ਰਾਜ ਸ਼ਕਤੀ ਦਾ ਘਾਟਾ ਸੀ, ਜੋ ਉਸ ਸਮੇਂ ਅਨੁਸਾਰ ਇਕ ਨੁਕਸ ਮੰਨਿਆ ਗਿਆ ।
5. ਸਿੰਘ ਸਭਾ ਲਾਹੌਰ ਦੇ ਮੋਢੀ ਭਾਈ ਗੁਰਮੁਖ ਸਿੰਘ ਨੂੰ ਅੰਮ੍ਰਿਤਸਰੀ ਧੜੇ ਦੇ ਲੋਕ ਨੀਵੀਂ ਜਾਤ (ਲਾਂਗਰੀ ਦਾ ਪੁਤ੍ਰ ) ਕਹਿ ਕੇ ਨਿੰਦਦੇ ਸਨ ।

ਉਕਤ ਕਾਰਨਾਂ ਦੇ ਸਿਟੇ ਵਜੋਂ ਭਾਈ ਗੁਰਮੁਖ ਸਿੰਘ ਨੇ ਸਰਦਾਰ ਸਰ ਅਤਰ ਸਿੰਘ ਭਦੌੜ ਵਾਲਿਆਂ ਦੀ ਪ੍ਰਧਾਨਗੀ ਹੇਠ ਵੱਖਰਾ 'ਖਾਲਸਾ ਦੀਵਾਨ, ਲਾਹੌਰ' (**11** ਅਪ੍ਰੈਲ **1989** ਈ. ) ਸਥਾਪਤ ਕਰ ਲਿਆ ਜਿਸ ਨੇ ਨਿਮਨ-ਲਿਖਤ ਕਾਇਦੇ ਅੰਕਿਤ ਕੀਤੇ :

**1.** ਸਿੰਘਾਂ ਦੇ ਉਸ ਕੌਮੀ ਮਜਲਸ ਦਾ ਨਾਉਂ 'ਖਾਲਸਾ ਦੀਵਾਨ' ਹੈ ਜਿਸ ਵਿਚ

(ੳ) ਕੁਝ ਐਸੀਆਂ ਸੰਬੰਧਿਤ ਸਿੰਘ ਸਭਾਵਾਂ ਦੇ ਪ੍ਰਤੀਨਿਧ ਹਨ ਜੋ ਸਭਾ ਭਿੰਨ ਭਿੰਨ ਜਗ੍ਹਾ ਪਰ ਕਾਇਮ ਹਨ ।

(ਅ) ਐਸੀਆਂ ਰਿਆਸਤਾਂ ਦੇ ਸਿੰਘ ਹਨ ਜਿਸ ਜਗ੍ਹਾ ਕੋਈ ਸੰਬੰਧਿਤ ਸਿੰਘ ਸਭਾ ਨਹੀਂ ਹੈ ਐਸਿਆਂ ਸਿੰਘਾਂ ਦੀ ਗਿਣਤੀ ੧੫ ਤੋਂ ਵਧੀਕ ਨਹੀਂ ਹੋਵੇਗੀ ।

**2.** ਸੰਬੰਧਿਤ ਸਿੰਘ ਸਭਾ ਦਾ ਅਰਥ ਅਜਿਹੀ 'ਸ੍ਰੀ ਗੁਰੂ ਸਿੰਘ ਸਭਾ' ਹੈ ਜੋ ਨੇਮਾਂ ਅਨੁਸਾਰ ਖਾਲਸਾ ਦੀਵਾਨ ਨਾਲ ਸੰਬੰਧਿਤ ਹੈ ਅਤੇ ਐਸੀ ਸੰਬੰਧਿਤ ਸਿੰਘ ਸਭਾ ਦੇ 'ਪ੍ਰਤੀਨਿਧ' ਦਾ ਅਰਥ ਉਹ
ਮੁਖਤਾਰ ਹੈ ਜਿਸਨੂੰ ਐਸੀ ਸਿੰਘ ਸਭਾ ਮੁਕਰਰ ਕਰੇ ਜਿਸਨੂੰ ਖਾਲਸਾ ਦੀਵਾਨ ਸਿੰਘ ਸਭਾ ਵਿਚੋਂ ਚੁਣ ਲਵੇ ਕਿ ਉਹ ਖਾਲਸਾ ਦੀਵਾਨ ਦਾ ਸਹਾਇਕ ਬਣੇ ।

ਉਕਤ ਦੀਵਾਨ ਵਿਚ ਗਿਆਨੀ ਦਿੱਤ ਸਿੰਘ ਵਰਗੇ ਵਿਦਵਾਨ, ਭਾਈ ਜਵਾਹਰ ਸਿੰਘ ਵਰਗੇ ਬੁਲਾਰੇ ਤੇ ਭਾਈ ਗੁਰਮੁਖ ਸਿੰਘ ਵਰਗੇ ਯੋਗ ਵਿਅਕਤੀ ਸ਼ਾਮਲ ਸਨ । ਇਨ੍ਹਾਂ ਸਿਦਕੀ ਸਿੱਖਾ ਨੇ ਮਨੋਰਥ-ਪੂਰਤੀ ਹਿਤ ਜਤਨ ਆਰੰਭੇ । ਭਾਈ ਗੁਰਮੁਖ ਸਿੰਘ ਨੇ ਪੰਜਾਬ ਵਿਚ ਥਾਂ-ਥਾਂ ਜਾ ਕੇ ਪ੍ਰਚਾਰਕ ਦੌਰੇ ਕੀਤੇ ਜਿਸ ਤੋਂ ਪ੍ਰਭਾਵਿਤ ਹੋ ਕੇ ਵਡੀ ਗਿਣਤੀ ਵਿਚ ਸਿੱਖ ਇਨ੍ਹਾਂ ਨਾਲ ਜੁੜੇ ਅਤੇ ਪਿੰਡਾਂ-ਸ਼ਹਿਰਾਂ ਵਿਚ ਸਿੰਘ ਸਭਾਵਾਂ ਬਣਨ ਲਗੀਆਂ । ਸ਼ਮਸੇਰ ਸਿੰਘ ਅਸ਼ੋਕ ਨੇ ਖਾਲਸਾ ਦੀਵਾਨ ਦਾ ਮਨੋਰਥ ਇਉਂ ਚਿਤਰਿਆ ਹੈ :

**1.** ਖ਼ਾਲਸਾ ਪੰਥ ਵਿਚ ਲਾਭਦਾਇਕ ਵਿਦਿਆ ਅਤੇ ਗੁਣਾਂ ਦਾ ਪ੍ਰਚਾਰ ਕਰਨਾ ।

**2.** ਇਲਮ ਅਤੇ ਹੁਨਰ ਦੀ ਬ੍ਰਿਧੀ ਕਰਨੀ।

**3.** ਪੰਜਾਬੀ ਭਾਖਾ ਦੀ ਉਨਤੀ ਕਰਨੀ ਅਤੇ ਹੋਰਨਾਂ ਭਾਖਾ ਵਿਚੋਂ ਗੁਰਮੁਖੀ ਤਰਜਮਾ ਕਰਕੇ ਇਸਨੂੰ ਭਰਪੂਰ ਕਰਨਾ ।

**4.** ਖ਼ਾਲਸਾ ਧਰਮ ਦੀਆਂ ਪੁਸਤਕਾਂ ਤੇ ਗ੍ਰੰਥ ( ਸ੍ਰੀ ਗੁਰੂ ਗ੍ਰੰਥ ਸਾਹਿਬ ) ਦੇ ਯਥਾਰਥ ਅਰਥ ਕਰਨੇ ਅਤੇ ਉਨ੍ਹਾਂ ਵਿਚ ਜੋ ਅਡ- ਅਡ ਭਾਖਾ ਹਨ, ਉਨ੍ਹਾਂ ਦੇ ਸ਼ਬਦਾਂ ਦੀ ਤਾਰੀਖ਼ ਅਰਥਾਤ ਉਤਪਤੀ ਅਤੇ ਅਦਲਾ ਬਦਲੀ ਦਾ ਨਿਰਣਾ ਕਰਨਾ ।

**5.** ਮਾਨਸਿਕ, ਸਦਾਚਾਰਕ ਅਤੇ ਸਮਾਜਕ ਅਵਸਥਾ ਦੀ ਬ੍ਰਿਧੀ ਕਰਨੀ ਅਤੇ ਖਾਲਸਾ ਧਰਮ ਦੇ ਸਚੇ ਨੇਮਾਂ ਦਾ ਪ੍ਰਚਾਰ ਕਰਨਾ ।

**6.** ਇਸਤ੍ਰੀ ਸਿਖਿਆ ਨੂੰ ਵਧਾਉਣਾ ।

**7.** ਸਿੰਘਾਂ ਦੇ ਯਤੀਮ ਬਚਿਆਂ ਦੀ ਵਿਦਿਆ ਅਤੇ ਪਾਲਣਾ ਲਈ ਯਤੀਮਖਾਨਾ ਖੋਲ੍ਹਣਾ ।

**8.** ਹੁਨਰ ਅਤੇ ਕਾਸ਼ਤਕਾਰੀ ਵਿਦਿਆ ਦੇ ਦੇਣ ਲਈ ਕਾਲਜ ਅਤੇ ਸਕੂਲ ਜਾਰੀ ਕਰਨੇ ।

**9.** ਲਾਭਦਾਇਕ ਪੋਥੀਆਂ ਅਤੇ ਰਸਾਲੇ ਛਾਪਣ ਲਈ ਇਕ ਅਥਵਾ ਵਧ ਪ੍ਰੈਸ ਖੋਲ੍ਹਣੇ ।

**10.** ਲਾਭਦਾਇਕ ਵਿਦਿਆ ਵਿਸਥਾਰਨ ਦੇ ਪਲੇ ਨੂੰ ਵਧਾਉਣ ਲਈ ਭਿੰਨ-ਭਿੰਨ ਅਸਥਾਨਾਂ ਵਿਚ ਸ਼ਾਖਾਂ (ਸਿੰਘ ਸਭਾਵਾਂ) ਖੜ੍ਹੀਆਂ ਕਰਨੀਆਂ ।

**11.** ਸਰਕਾਰ ਅੰਗਰੇਜ਼ੀ ਅਗੇ ਖ਼ਾਲਸਾ ਪੰਥ ਦੇ ਹਕੂਕ ਪਰਗਟ ਕਰਨੇ ਅਤੇ ਸਿੰਘਾਂ ਨੂੰ ਸਰਕਾਰ ਅੰਗਰੇਜ਼ੀ ਦੇ ਰਾਜ ਦੀਆਂ ਅਣਗਿਣਤ ਬਰਕਤਾਂ ਦਸਣੀਆਂ ।

12. ਅਗੇ ਆਉਣ ਵਾਲੀਆਂ ਨਸਲਾਂ ਵਿਚ ਪੰਥ ਉਨਤੀ ਦੇ ਖਿਆਲ ਪਾਉਣੇ ਅਤੇ ਜਮਾਤੀ ਤਾਕਤ ਪੈਦਾ ਕਰਨੀ ਜਿਸ ਤੋਂ ਮਿਲ ਕਰਕੇ ਉਦਮ ਕਰਨ ਦਾ ਢੰਗ ਬ੍ਰਿਧੀ ਪਾਉਂਦਾ ਹੈ ਅਤੇ ਸਰਕਾਰ ਅੰਗਰੇਜ਼ੀ ਦੀ ਨਿਮਕ ਹਲਾਲੀ, ਫਰਮਾਬਰਦਾਰੀ ਅਤੇ ਸ਼ੁਕਰਗੁਜਾਰੀ ਨੂੰ ਚੰਗੀ ਤਰ੍ਹਾਂ ਪਕਾ ਕਰਦਾ ਹੈ ।
13. ਸਿੱਖਾਂ ਦੀ ਮੌਜੂਦਾ ਅਵਸਥਾ ਦੀ ਉਨਤੀ ਕਰਨ ਹਿਤ ਇਨ੍ਹਾਂ ਅਤੇ ਐਸਿਆਂ ਹੋਰਨਾਂ ਉਦੇਸ਼ਾਂ ਦੇ ਪੂਰਾ ਕਰਨ ਲਈ ਨਵੇਂ ਵਾਜਬੀ ਤਰੀਕੇ ਅਖਤਿਆਰ ਕਰਨੇ ।

ਭਾਵੇਂ ਦੋਨਾਂ ਦੀਵਾਨਾਂ/ਸਭਾਵਾਂ ਵਿਚ ਮਤਭੇਦ ਸਨ ਪਰ ਦੋਨਾਂ ਦੀ ਸੁਰ ਪ੍ਰਚਾਰਾਤਮਕ ਸੀ । ਜਦ ਇਨ੍ਹਾਂ ਦੇ ਮਤਭੇਦ ਘਟਣ ਦੀ ਥਾਂ ਵਧਣੇ ( ਭਾਸ਼ਣਾਂ ਤੇ ਲਿਖਤਾਂ ਵਿਚ ) ਸ਼ੁਰੂ ਹੋ ਗਏ ਤਾਂ ਸਿੱਖ ਪੰਥ ਦੇ ਕੁਝ ਸੂਝਵਾਨਾਂ ਸਿੱਖਾਂ ਨੇ ਇਸ ਮਾਮਲੇ ਨੂੰ ਪੰਥਕ ਉਨਤੀ ਲਈ ਰੁਕਾਵਟ ਸਮਝਦਿਆਂ 1902 ਈ. ਨੂੰ 'ਚੀਫ਼ ਖਾਲਸਾ ਦੀਵਾਨ' ਦੀ ਨੀਂਹ ਰਖੀ ਜਿਸ ਵਿਚ ਵਖ-ਵਖ ਸਿੰਘ ਸਭਾਂਵਾਂ ਤੇ ਖ਼ਾਲਸਾ ਦੀਵਾਨਾਂ ਵਿਚੋਂ ਮੈਂਬਰ ਲਏ ਗਏ। ਮੈਂਬਰ ਦਾ ਅੰਮ੍ਰਿਤਧਾਰੀ ਹੋਣਾ, ਪੰਜਾਬੀ ਭਾਸ਼ਾ ਦਾ ਗਿਆਨ ਹੋਣਾ ਤੇ ਦਸਵੰਧ ਦੇਣਾ ਲਾਜ਼ਮੀ ਸ਼ਰਤਾਂ ਰਖੀਆਂ ਗਈਆਂ । 'ਚੀਫ਼ ਖ਼ਾਲਸਾ ਦੀਵਾਨ' ਨੇ ਨਿਮਨ-ਲਿਖਤ ਕਾਇਦੇ ਤੇ ਫ਼ਰਜ ਨਿਰਧਾਰਤ ਕੀਤੇ ( ਜੋ *ਚੀਫ਼ ਖ਼ਾਲਸਾ ਦੀਵਾਨ ਮੂਲ ਸੂਤ੍ਰ* , 1906 ਵਿਚ ਦਰਜ ਹਨ ) :

1. ਚੀਫ਼ ਖ਼ਾਲਸਾ ਦੀਵਾਨ ਦੇ ਟੀਚਿਆਂ ਤੇ ਉਦੇਸ਼ਾਂ ਨੂੰ ਪੂਰਾ ਕਰਨਾ ।
2. ਚੀਫ਼ ਖ਼ਾਲਸਾ ਦੀਵਾਨ ਦੁਆਰਾ ਨਿਯੁਕਤ ਸੁਸਾਇਟੀਆਂ, ਦੀਵਾਨਾਂ ਅਤੇ ਸਬ-ਕਮੇਟੀਆਂ ਨੂੰ ਸੁਝਾਅ ਦੇਣੇ ਤੇ ਨਿਗਰਾਨੀ ਤੇ ਅਗਵਾਈ ਕਰਨੀ ।
3. ਚੀਫ਼ ਖ਼ਾਲਸਾ ਦੀਵਾਨ ਦੇ ਸੰਗਠਨਾਂ 'ਤੇ ਪੂਰਾ ਕੰਟਰੋਲ ਰਖਣਾ ।
4. ਦੀਵਾਨ ਦੇ ਦਫ਼ਤਰੀ ਸੰਚਾਲਕਾਂ, ਕਾਰਜਕਾਰੀ ਤੇ ਵਿਤੀ ਕਮੇਟੀਆਂ ਦੀਆਂ ਚੋਣਾਂ ਕਰਵਾਉਣੀਆਂ ।
5. ਨਿਯਮਾਂ ਅਨੁਸਾਰ ਕਿਸੇ ਸੁਸਾਇਟੀ ਜਾਂ ਕਮੇਟੀ ਨੂੰ ਮੈਂਬਰ ਬਣਾਉਣਾ ਅਤੇ ਮੈਂਬਰੀ ਖ਼ਾਰਜ ਕਰਨਾ ।
6. ਵਿਤੀ ਤੇ ਕਾਰਜਕਾਰੀ ਕਮੇਟੀਆਂ ਦੁਆਰਾ ਤਿਆਰ ਕੀਤਾ ਸਾਲਾਨਾ ਬਜਟ ਤੇ ਰਿਪੋਰਟਾਂ ਨੂੰ ਵਾਚਣਾ ਅਤੇ ਜੇ ਇਨ੍ਹਾਂ ਵਿਚ ਕੋਈ ਬਦਲ ਜਾਂ ਵਾਧਾ ਕਰਨ ਦੀ ਲੋੜ ਸਮਝੀ ਜਾਵੇ ਤਾਂ ਇਸ ਉਪਰੰਤ ਪਾਸ ਕਰਨਾ/ਕਰ ਦੇਣਾ ।
7. ਖਾਸ ਮਨੋਰਥਾਂ ਹਿਤ ਸਬ ਕਮੇਟੀਆਂ ਦੀ ਚੋਣ ਕਰਨਾ ਅਤੇ ਆਪਣੇ ਨਾਲ ਸੰਬੰਧਿਤ ਕਿਸੇ ਵੀ ਸੁਸਾਇਟੀ ਜਾਂ ਦੀਵਾਨ ਦੀ ਮੈਂਬਰੀ ਖਾਰਜ ਕਰਨੀ ਜਾਂ ਅਹੁਦੇ/ਅਦਿਕਾਰ ਵਾਪਸ ਲੈਣੇ ।

### 1.5.4 ਪ੍ਰਾਪਤੀਆਂ ( ਮਿੱਥੇ ਟੀਚਿਆਂ ਦੇ ਪ੍ਰਸੰਗ 'ਚ )

ਸਿੰਘ ਸਭਾ ਲਹਿਰ ਨੇ ਮਨੋਰਥਾਂ-ਅਨੁਸਾਰੀ, ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ, ਖ਼ਾਲਸਾ ਸਕੂਲਾਂ/ਕਾਲਜ ਦੀ ਸਥਾਪਨਾ, ਸਿੱਖ ਇਤਿਹਾਸ ਨਾਲ ਸੰਬੰਧਿਤ ਸਾਹਿਤ-ਸੰਪਾਦਨਾ/ਸਿਰਜਣਾ, ਆਦਿ ਕਾਰਜ ਲੋਕ ਅਰਪਣ ਕੀਤੇ ਜੋ ਹੇਠਾਂ ਦਰਸਾਏ ਗਏ ਹਨ :

1. ਸਿੰਘ ਸਭਾ ਦੇ ਹਫ਼ਤਾਵਾਰੀ ਦੀਵਾਨਾਂ ਵਿਚ ਗੁਰਬਾਣੀ ਕੀਰਤਨ, ਕਥਾ ਤੇ ਜਲਸਿਆਂ ਰੂਪੀ ਪ੍ਰਚਾਰ ਦੇ ਫਲਸਰੂਪ ਲੋਕ ਹੀਰ-ਰਾਂਝੇ, ਮਿਰਜ਼ਾ-ਸਾਹਿਬਾਂ ਦੇ ਕਿੱਸਿਆਂ ਨੂੰ ਗਾਉਣਾ ਛਡ ਕੇ ਗੁਰਬਾਣੀ ਗਾਉਣ ਲਗ ਪਏ ਸਨ ।
2. ਸਿੰਘ ਸਭਾ ਦੇ ਆਗੂਆਂ ਨੇ ਜਿਥੇ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚੋਂ ਮੂਰਤੀਆਂ ਬਾਹਰ ਕਢਵਾ ਕੇ ਗੁਰ-ਮਰਯਾਦਾ ਬਹਾਲ ਕੀਤੀ ਉਥੇ ਆਰੀਆ ਸਮਾਜ ਦੇ ਮੋਢੀ ਸੁਆਮੀ ਦਇਆ ਨੰਦ ਨੇ ਭਾਸ਼ਣਾਂ ਤੇ ਲਿਖਤਾਂ (*ਸਤਿਆਰਥ ਪ੍ਰਕਾਸ਼*) ਦੁਆਰਾ ਗੁਰੂ-ਸਾਹਿਬਾਨ ਤੇ ਸਿੱਖ ਇਤਿਹਾਸ ਸੰਬੰਧੀ ਇਤਰਾਜ਼ਯੋਗ ਟਿਪਣੀਆਂ ਦਾ ਗੰਭੀਰ ਨੋਟਿਸ ਲੈਂਦਿਆਂ ਗਿਆਨੀ ਦਿੱਤ ਸਿੰਘ ਨੇ ਉਸ ਨਾਲ ਬਹਿਸ ( ਜੋ ਬਾਅਦ ਵਿਚ ਕਿਤਾਬ ਦੇ ਰੂਪ ਵਿਚ ਛਪੀ ) ਕੀਤੀ ਸੀ, ਜਿਸ ਵਿਚ ਦਇਆ ਨੰਦ ਹਾਰ ਗਿਆ । ਭਾਈ ਕਾਨ੍ਹ ਸਿੰਘ ਨਾਭਾ ਨੇ 'ਹਮ ਹਿੰਦੂ ਨਹੀਂ" ਪੁਸਤਕ ਲਿਖੀ ਜਿਸ ਵਿਚ ਉਸ ਨੇ ਗੁਰਬਾਣੀ ਤੇ ਸਿੱਖ ਇਤਿਹਾਸ ਦੇ ਹਵਾਲੇ ਨਾਲ ਸਿੱਖਾਂ ਦੀ

ਵਿਲਖਣ ਹੋਂਦ ਨੂੰ ਉਭਾਰਨ ਦਾ ਸਫਲ ਕਾਰਜ ਕੀਤਾ। ਈਸਾਈਆਂ ਦੁਆਰਾ ਪ੍ਰਚਾਰ ਦੇ ਨਾਲ-ਨਾਲ ਮੁਲ ਖਰੀਦੇ ਲੇਖਕਾਂ (ਸ਼ਰਧਾ ਰਾਮ ਫਿਲੌਰੀ, ਟਰੰਪ, ਆਦਿ ) ਤੋਂ ਆਪਣੇ ਮਤਲਬ-ਪੂਰਤੀ ਲਈ ਸਿੱਖ ਇਤਿਹਾਸ ਲਿਖਾਉਣ ਦੇ ਪ੍ਰਤੀਕਰਮ ਵਜੋਂ ਭਾਈ ਕਾਨ੍ਹ ਸਿੰਘ ਨਾਭਾ ਤੇ ਭਾਈ ਗੁਰਮੁਖ ਸਿੰਘ ਨੇ ਅੰਗਰੇਜ਼ ਸਕਾਲਰ ਮੈਕਾਲਿਫ ਤੋਂ ਸਿੱਖ ਇਤਿਹਾਸ ਲਿਖਵਾਇਆ । ਇਸੇ ਤਰ੍ਹਾਂ ਸਿੱਖ ਵਿਦਵਾਨਾਂ ਨੇ ਇਸਲਾਮੀ ਪ੍ਰਚਾਰਕਾਂ ਦੇ ਮੂੰਹ ਮੋੜੇ।

3. ਸਿੰਘ ਸਭਾ ਲਹਿਰ ਦੇ ਵਿਦਵਾਨਾਂ ਨੇ, ਜਿਥੇ ਸਿੱਖ ਇਤਿਹਾਸ ਨੂੰ *ਸ੍ਰੀ ਗੁਰੂ ਗ੍ਰੰਥ ਸਾਹਿਬ*, ਭਾਈ ਗੁਰਦਾਸ ਦੀ ਰਚਨਾ, *ਦਸਮ ਗ੍ਰੰਥ*, ਆਦਿ ਤੋਂ ਇਲਾਵਾ ਇਤਿਹਾਸਕ ਸਰੋਤਾਂ ਦੇ ਅਧਾਰ 'ਤੇ ਲਿਖਣ (ਭਾਈ ਵੀਰ ਸਿੰਘ ਨੇ ਗੁਰੂ ਸਾਹਿਬਾਨ ਦੇ ਜੀਵਨ, 'ਗੁਰੂ ਨਾਨਕ ਚਮਤਕਾਰ', 'ਗੁਰੂ ਕਲਗੀਧਰ ਚਮਤਕਾਰ' ਲਿਖੇ) ਦੀ ਪਿਰਤ ਪਾਈ ਉਥੇ 'ਸ੍ਰੀ ਗੁਰ ਨਾਨਕ ਪ੍ਰਕਾਸ਼', 'ਗੁਰ ਪ੍ਰਤਾਪ ਸੂਰਜ ਗ੍ਰੰਥ' (ਕ੍ਰਿਤ ਮਹਾਂਕਵੀ ਸੰਤੋਖ ਸਿੰਘ), 'ਪੁਰਾਤਨ ਜਨਮਸਾਖੀ', 'ਸਿਖਾਂ ਦੀ ਭਗਤਮਾਲਾ', 'ਪ੍ਰਾਚੀਨ ਪੰਥ ਪ੍ਰਕਾਸ਼' (ਗਿ. ਗਿਆਨ ਸਿੰਘ), ਆਦਿ ਨੂੰ ਸੰਪਾਦਤ ਕਰਕੇ ਸਿੱਖ ਪੰਥ/ਅਕਾਦਮਿਕਤਾ ਨੂੰ ਸਿੱਖ ਇਤਿਹਾਸਕ ਸਰੋਤ ਉਪਲਬਧ ਕਰਵਾਏ।

4. ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਗੁਰਬਾਣੀ-ਵਿਆਖਿਆ ਟਕਸਾਲੀ ਢੰਗ ਨਾਲ ਹੋਣ ਲਗੀ,ਜਿਸ ਵਿਚ ਗਿ. ਹਜਾਰਾ ਸਿੰਘ ('ਵਾਰਾਂ ਭਾਈ ਗੁਰਦਾਸ : ਭਾਵ ਪ੍ਰਕਾਸ਼ਨੀ ਟੀਕਾ', 1911 ਈ.) ਤੇ ਭਾਈ ਵੀਰ ਸਿੰਘ ('ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ', 6 ਜਿਲਦਾਂ) ਦੇ ਨਾਂ ਉਲੇਖਨੀਯ ਹਨ । ਇਨ੍ਹਾਂ ਤੋਂ ਬਾਅਦ ਸਰਦੂਲ ਸਿੰਘ ਕਵੀਸ਼ਰ,ਭਾਈ ਜੋਧ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ ਨੇ ਆਧੁਨਿਕ ਨੁਕਤਾ-ਨਿਗਾਹ ਤੋਂ ਗੁਰਬਾਣੀ-ਵਿਆਖਿਆ ਦੀ ਪਿਰਤ ਪਾਈ, ਜਿਸਦੇ ਪ੍ਰਮੁਖ ਲੱਛਣ ਇਸ ਤਰ੍ਹਾਂ ਹਨ :

ੳ. ਵਿਆਕਰਨਿਕ ਨਿਯਮਾਂ ਦੀ ਸੋਝੀ ਵਿਚ ਗੁਰਬਾਣੀ ਦੇ ਅਰਥ/ਵਿਆਖਿਆ ਕਰਨਾ। ਇਸ ਪ੍ਰਸੰਗ ਵਿਚ ਪ੍ਰੋ. ਤੇਜਾ ਸਿੰਘ ਦੀ 'ਗੁਰੂ ਗ੍ਰੰਥ ਸਾਹਿਬ ਦੀਆਂ ਸ਼ਬਦਾਂਤਿਕ ਲਗਾਂ ਮਾਤ੍ਰਾਂ ਦੇ ਗੁਝੇ ਭੇਦ' ਤੇ ਪ੍ਰੋ. ਸਾਹਿਬ ਸਿੰਘ ਦੀ 'ਗੁਰਬਾਣੀ ਵਿਆਕਰਣ' ਪੁਸਤਕਾਂ ਵਰਣਨਯੋਗ ਹਨ ।

ਅ. ਗੁਰਬਾਣੀ ਦੀ ਇਕ ਸਤਰ ਦਾ ਇਕ ਹੀ ਅਰਥ ਕਰਨਾ ।

ੲ. ਟੀਕੇ ਪੰਜਾਬੀ ਬੋਲੀ ਵਿਚ ਲਿਖੇ ਜਾਣ ਲਗੇ ।

ੲ. ਵਿਗਿਆਨਕ ਸੂਝ ਦੇ ਨਾਲ-ਨਾਲ ਗੁਰਬਾਣੀ ਦਾ 'ਸਾਹਿਤ' ਦੇ ਤੌਰ 'ਤੇ ਅਧਿਐਨ ਹੋਣ ਲਗਾ। ਗੁਰਬਾਣੀ ਵਿਚੋਂ ਵਿਦਿਆ, ਸਭਿਆਚਾਰ, ਸਾਹਿਤ ਦੇ ਸਿਧਾਂਤ ਲਭੇ ਜਾਣ ਲਗੇ ।

ਹ. ਪੌਰਾਣਿਕ ਕਥਾਵਾਂ ਦੀ ਥਾਂ 'ਤੇ ਗੁਰਬਾਣੀ ਅਨੁਸਾਰੀ ਰਹਿਤ ਮਰਯਾਦਾ/ਜੀਵਨ ਜਾਚ ਦ੍ਰਿੜ੍ਹਾਉਣਾ, ਵਿਆਖਿਆ ਦਾ ਲਾਜ਼ਮੀ ਗੁਣ ਬਣ ਗਿਆ ।

5. ਇਸ ਲਹਿਰ ਦੇ ਫਲਸਰੂਪ ਮਣਾਂ-ਮੂੰਹੀਂ ਸਾਹਿਤ (ਕਿਤਾਬਾਂ, ਟ੍ਰੈਕਟਾਂ/ਕਿਤਾਬਚਿਆਂ, ਅਖਬਾਰਾਂ, ਰਸਾਲਿਆਂ, ਆਦਿ ਦੇ ਰੂਪ ਵਿਚ) ਰਚਿਆ ਗਿਆ । ਅੰਗਰੇਜ਼ੀ ਕਲਾਸਿਕਸ ਦੇ ਪੰਜਾਬੀ ਵਿਚ ਅਨੁਵਾਦ ਹੋਏ । ਲੋਕ-ਸਾਹਿਤ ਦਾ ਸੰਕਲਨ ਕੀਤਾ ਗਿਆ । 'ਗੁਰਮਤ ਗ੍ਰੰਥ ਪਰਚਾਰਕ ਸਭਾ', 'ਪੰਜਾਬੀ ਪ੍ਰਚਾਰਨੀ ਸਭਾ'(੧੮੮੨ ਈ.), 'ਖਾਲਸਾ ਟ੍ਰੈਕਟ ਸੁਸਾਇਟੀ' (1893 ਈ.), ਆਦਿ ਦੀ ਸਥਾਪਨਾ ਤੇ ਅਖਬਾਰਾਂ ( ਗੁਰਮੁਖੀ ਅਖਬਾਰ, ਵਿਦਿਆਰਕ, ਖ਼ਾਲਸਾ ਅਖਬਾਰ, ਖ਼ਾਲਸਾ ਸਮਾਚਾਰ, ਆਦਿ) ਰਾਹੀਂ ਆਧੁਨਿਕ ਸਾਹਿਤ ਰੂਪਾਂ/ਵੰਨਗੀਆਂ ਵਿਚ ਆਪਣੇ ਵਿਚਾਰਾਂ(ਧਾਰਮਿਕ,ਵਿਦਿਅਕ ,ਸਾਹਿਤਕ,ਸਮਾਜਿਕ,ਆਦਿ) ਨੂੰ ਪ੍ਰਗਟਾਉਣ ਦੇ ਫਲਸਰੂਪ ਲੋਕਾਂ ਵਿਚ ਸਾਹਿਤ ਸਿਰਜਣਾ ਦੇ ਖੇਤਰ ਵਿਚ ਰੁਚੀ ਪੈਦਾ ਹੋਈ। ਭਾਈ ਵੀਰ ਸਿੰਘ ਦੁਆਰਾ ਰਚਿਤ ਨਾਵਲ *ਸੁੰਦਰੀ, ਸਤਵੰਤ ਕੌਰ, ਬਿਜੈ ਸਿੰਘ, ਬਾਬਾ ਨੌਧ ਸਿੰਘ*, ਆਦਿ ਰਾਹੀਂ ਪੰਜਾਬੀ ਵਾਰਤਕ ਦਾ ਆਰੰਭ ਹੋਇਆ।ਇਸੇ ਤਰ੍ਹਾਂ ਕਹਾਣੀ, ਨਿੱਕੀ ਕਹਾਣੀ, ਸਫ਼ਰਨਾਮੇ, ਆਦਿ ਰਚਨਾਵਾਂ ਹੋਂਦ ਵਿਚ ਆਈਆਂ। ਅਜਿਹੀਆਂ ਰਚਨਾਵਾਂ ਦਾ ਸਿਲਸਿਲਾ ਨਿਰੰਤਰ ਜਾਰੀ ਹੈ । ਇਸ ਤਰ੍ਹਾਂ ਸਿੰਘ ਸਭਾ ਦੇ ਵਿਦਵਾਨ ਆਧੁਨਿਕ ਲੇਖਕਾਂ/ਕਵੀਆਂ ਲਈ ਰਾਹ ਦਸੇਰੇ ਹਨ ।

6. ਸਿੰਘ ਸਭਾ ਦੇ ਆਗੂਆਂ ਦੇ ਜਤਨਾਂ ਸਦਕਾ ਹੀ ਓਰੀਐਂਟਲ ਕਾਲਜ ਲਾਹੌਰ, ਖਾਲਸਾ ਕਾਲਜ ਅੰਮ੍ਰਿਤਸਰ ਆਦਿ ਤੋਂ ਇਲਾਵਾ ਖਾਲਸਾ ਸਕੂਲਾਂ ਦੀ ਸਥਾਪਨਾ ਹੋਈ ਜਿਨ੍ਹਾਂ ਰਾਹੀਂ ਗੁਰਮਤਿ ਗਿਆਨ ਤੇ ਪੰਜਾਬੀ ਭਾਸ਼ਾ ਦਾ ਪ੍ਰਚਾਰ ਤੇ ਪ੍ਰਸਾਰ ਹੋਇਆ । ਸਿੱਖ ਐਜੂਕੇਸ਼ਨਲ ਕਾਨਫਰੰਸਾਂ (ਜਿਸ ਵਿਚ ਭਾਈ ਤਖਤ ਸਿੰਘ ਫਿਰੋਜ਼ਪੁਰ, ਭਾਈ ਮੋਹਨ ਸਿੰਘ ਵੈਦ, ਭਾਈ ਜੋਧ ਸਿੰਘ, ਪ੍ਰੋ. ਤੇਜਾ ਸਿੰਘ, ਭਾਈ ਹੀਰਾ ਸਿੰਘ ਰਾਗੀ, ਆਦਿ ਬੁਲਾਰੇ ਪ੍ਰਮੁਖ ਸਨ) ਦੁਆਰਾ ਸਿੱਖ ਵਿਦਵਾਨਾਂ/ਸੂਝਵਾਨਾਂ ਨੇ ਜਿਥੇ ਧਰਮ ਤੇ ਵਿਦਿਆ/ਇਸਤਰੀ ਵਿਦਿਆ ਦੇ ਖੇਤਰ ਵਿਚ ਪ੍ਰਚਾਰਾਤਮਕ ਰੂਪ ਵਿਚ ਬਹੁਮੁਲਾ ਯੋਗਦਾਨ ਪਾਇਆ ਉਥੇ ਭਾਈ ਤਖ਼ਤ ਸਿੰਘ ਨੇ ਸਿੱਖ ਮਹਾਂ ਕੰਨਿਆਂ ਵਿਦਿਆਲਾ, ਫਿਰੋਜ਼ਪੁਰ ਵਿਖੇ ਖੋਲਿਆ। ਬਾਬਾ ਖੇਮ ਸਿੰਘ ਬੇਦੀ ਨੇ ਲੜਕੀਆਂ ਲਈ ਕਈ ਸਕੂਲ ਖੋਲ੍ਹੇ । ਗੁਰੂ ਨਾਨਕ ਵਿਦਿਆ ਭੰਡਾਰ ਟ੍ਰਸਟ ਵਲੋਂ ਵੀ ਲਗਪਗ 50 ਸਕੂਲ ਸ਼ੁਰੂ ਕੀਤੇ ਗਏ। ਪੰਚ ਖ਼ਾਲਸਾ ਦੀਵਾਨ ਭਸੌੜ ਨੇ ਕਈ ਸਕੂਲ ਖੋਲ੍ਹੇ । ਮੌਜੂਦਾ ਸਮੇਂ ਖ਼ਾਲਸਾ ਸਕੂਲਾਂ ਤੇ ਕਾਲਜਾਂ ਦੀ ਭਰਮਾਰ ਸਿੰਘ ਸਭਾ ਲਹਿਰ ਦੀ ਹੀ ਦੇਣ ਕਹੇ ਜਾ ਸਕਦੇ ਹਨ(ਭਾਵੇਂ ਕਿਸੇ ਵੀ ਸੰਸਥਾ ਦੇ ਪ੍ਰਬੰਧ ਅਧੀਨ ਹੋਣ )।
7. ਸਿੰਘ ਸਭਾ ਦੇ ਪ੍ਰਚਾਰਕਾਂ ਦੁਆਰਾ ਆਨੰਦ ਕਾਰਜ ਦੀ ਰਸਮ ਦਾ ਪ੍ਰਚਾਰ ਕਰਨ ਨਾਲ ਸਿੱਖਾਂ ਦੇ ਸਿੱਖ ਰੀਤੀ ਅਨੁਸਾਰ ਵਿਆਹ ਹੋਣ ਲਗੇ ਅਤੇ ਇਸ ਲਹਿਰ ਦੇ ਆਗੂਆਂ ਦੇ ਜਤਨਾਂ ਸਦਕਾ ਹੀ ੨੨ ਅਕਤੂਬਰ ੧੯੦੯ ਨੂੰ ਇਸ ਸਿੱਖ ਰੀਤੀ ਨੂੰ 'ਅਨੰਦ ਮੈਰਿਜ ਐਕਟ' ਦੇ ਰੂਪ ਵਿਚ ਕਾਨੂੰਨੀ ਮਾਨਤਾ ਮਿਲ ਗਈ ।
8. ਸਿੰਘ ਸਭਾ ਦੁਆਰਾ ਯਤੀਮਖਾਨੇ/ਆਸ਼ਰਮ ਖੋਲ੍ਹਣ ਨਾਲ ਜਿਥੇ ਅਨਾਥਾਂ, ਬੇਸਹਾਰਿਆਂ ਤੇ ਗਰੀਬਾਂ ਨੂੰ ਆਸਰਾ ਮਿਲਿਆ ਉਥੇ ਹੋਰਨਾਂ ਨੂੰ ਵੀ ਅਜਿਹੇ ਜਤਨਾਂ ਲਈ ਸੇਧ ਮਿਲੀ ।
9. ਕ੍ਰਿਪਾਨ ਪਹਿਨਣ ਦੀ ਕਾਨੂੰਨੀ ਮਾਨਤਾ ਦਿਵਾਉਣ ਤੋਂ ਇਲਾਵਾ ਸਿਖ ਜੀਵਨ ਜਾਚ ਸੰਬੰਧੀ ਸਮੁਚੀ ਪੰਥਕ ਰਾਇ (ਸਿੱਖ ਰਹਿਤ ਮਰਯਾਦਾ) ਦਾ ਬਣਨਾ ਵੀ ਸਿੰਘ ਸਭਾ ਦੀ ਹੀ ਦੇਣ ਹਨ ।

ਉਪਰੋਕਤ ਵਿਚਾਰ ਤੋਂ ਕਿਹਾ ਜਾ ਸਕਦਾ ਹੈ ਕਿ ਸਿੰਘ ਸਭਾ ਲਹਿਰ , ਸਮਾਜ ਸੁਧਾਰਕ ਲਹਿਰ ਸੀ ਜੋ ਅੰਦਰੂਨੀ ਮਤਭੇਦਾਂ ਦੇ ਬਾਵਜੂਦ ਮਿਥੇ-ਟੀਚੇ ਪੂਰੇ ਕਰਨ ਵਿਚ ਸਫਲ ਰਹੀ । ਇਸਨੇ ਜਿਥੇ ਸਿੱਖ ਪਛਾਣ 'ਤੇ ਹੋ ਰਹੇ ਹਮਲਿਆਂ (ਪੂਰਬੀ ਤੇ ਪਛਮੀ) ਦਾ ਜਵਾਬ, ਪ੍ਰਚਾਰ ਤੇ ਸਾਹਿਤ ਸਿਰਜਣਾ ਰਾਹੀਂ ਦੇ ਕੇ, ਸਿੱਖਾਂ ਨੂੰ ਆਪਣੇ ਧਰਮ ਤੇ ਵਿਰਸੇ ਪ੍ਰਤੀ ਪੁਨਰ ਜਾਗ੍ਰਿਤ ਕਰਕੇ, ਸਿੱਖਾਂ ਦੇ ਨਿਆਰੇਪਣ ਨੂੰ ਮੁੜ ਬਹਾਲ ਕੀਤਾ ਉਥੇ ਸਮਾਜ ਭਲਾਈ ਹਿਤ ਵਿਦਿਅਕ ਖੇਤਰ ਵਿਚ ਵਿਸ਼ੇਸ਼ ਰੁਚੀ ਲੈ ਕੇ ਵਿਦਿਅਕ ਸੰਸਥਾਵਾਂ ਖੋਲ੍ਹੀਆਂ ਤੇ ਖੁਲ੍ਹਵਾਈਆਂ ਅਤੇ ਗਰੀਬਾਂ, ਅਨਾਥਾਂ ਦੀ ਮਦਦ ਲਈ ਯਥਾ-ਸਕਤ ਯੋਗਦਾਨ (ਆਰਥਿਕ ਸਹਾਇਤਾ ਤੇ ਸੰਸਥਾਵਾਂ ਦੇ ਰੂਪ ਵਿਚ) ਪਾਇਆ। ਇਹ ਲਹਿਰ ਗੁਰਦੁਆਰਾ ਸੁਧਾਰ ਲਹਿਰ ਦਾ ਮੁਢਲਾ ਰੂਪ ਕਹੀ ਜਾ ਸਕਦੀ ਹੈ ।

### 1.5.5 ਸਿੱਖ ਪਤਰਕਾਰੀ

ਧਾਰਮਿਕ, ਰਾਜਨੀਤਕ, ਸਮਾਜਿਕ, ਆਦਿ ਖੇਤਰਾਂ ਨਾਲ ਸੰਬੰਧਿਤ ਵਿਅਕਤੀਆਂ ਨੇ ਆਪਣੇ ਵਿਚਾਰ ਲੋਕਾਂ ਤਕ ਪਹੁੰਚਾਉਣ ਲਈ ਜ਼ਬਾਨੀ ਪ੍ਰਚਾਰ/ਭਾਸ਼ਣਾਂ (Electronic media) ਤੋਂ ਇਲਾਵਾ ਸਮਾਚਾਰ ਪਤਰਾਂ (Print media) ਨੂੰ ਸਫਲ ਸਾਧਨ ਵਜੋਂ ਵਰਤਿਆ ਹੈ ਅਤੇ ਵਰਤ ਰਹੇ ਹਨ। ਲੋਕਾਈ ਨੂੰ ਸੂਚਿਤ ਕਰਨ ਹਿਤ ਬਰਤਾਨੀਆ ਵਿਚ ਪਹਿਲਾ ਪਤਰ 'ਲੰਡਨ ਗਜ਼ਟ' 1665 ਈ. ਵਿਚ ਸ਼ੁਰੂ ਹੋਇਆ। ਭਾਰਤ ਵਿਚ ਪਤਰਕਤਰੀ ਦਾ ਆਰੰਭ ਈਸਾਈ ਪ੍ਰਚਾਰਕਾਂ ਦੀ ਆਮਦ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਈਸਟ ਇੰਡੀਆ ਕੰਪਨੀ ਦੇ ਸਹਿਯੋਗ ਨਾਲ 1674 ਈ. ਨੂੰ ਬੰਬਈ, 1772 ਈ. ਨੂੰ ਮਦਰਾਸ ਤੇ 1779 ਈ. ਨੂੰ ਕਲਕਤੇ ਵਿਚ ਛਾਪੇਖਾਨੇ (Press) ਖੋਲ੍ਹੇ । ਭਾਰਤੀ ਪਤਰਕਾਰੀ ਦੀ ਸ਼ੁਰੂਆਤ ਜੇਮਜ਼ ਰਿਕੀ ਨੇ 'ਕਲਕਤਾ ਜਨਰਲ ਐਡਵਰਟਾਈਜ਼ਰ' ਜਾਂ 'ਬੰਗਾਲ ਗਜ਼ਟ' ਨਾਲ 1780 ਈ. ਵਿਚ ਕੀਤੀ । ਇਸ ਤਰ੍ਹਾਂ ਕਲਕਤੇ ਤੋਂ ਹੀ ਹੋਰ ਪਤਰ ਵੀ ਜਾਰੀ ਹੋਏ, ਜਿਵੇਂ 'ਇੰਡੀਆ ਗਜ਼ਟ' (ਨਵੰਬਰ, 1780 ਈ.), 'ਕਲਕਤਾ ਗਜ਼ਟ' (1784 ਈ.), 'ਬੰਗਾਲ ਜਨਰਲ' (1785 ਈ.), 'ਕਲਕਤਾ ਕਰਾਨੀਕਲ' (1786 ਈ.), ਆਦਿ। ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਰੋਜ਼ਨਾਮਚਿਆਂ ਦੀ ਪ੍ਰਥਾ ਸੀ।

ਪੰਜਾਬ ਵਿਚ ਈਸਾਈ ਪ੍ਰਚਾਰਕਾਂ ਨੇ ਪਹਿਲਾ ਪਤਰ 'ਲੁਧਿਆਣਾ ਅਖ਼ਬਾਰ' 1850 ਈ. ਨੂੰ ਕਢਿਆ। ਇਸ ਸਮੇਂ ਜਾਂ ਇਸ ਤੋਂ ਬਾਅਦ ਵੀ ਕੁਝ ਗਿਣਤੀ ਦੇ ਪਤਰ ਨਿਕਲਦੇ ਸਨ ਪਰ ਅਸਲ ਵਿਚ ਪੰਜਾਬੀ / ਸਿੱਖ ਪਤਰਕਾਰੀ ਨੇ ਸਿੰਘ ਸਭਾ ਲਹਿਰ ਦੀ ਸਥਾਪਨਾ ਦੇ ਨਾਲ ਹੀ ਜਨਮ ਲਿਆ ਕਿਉਂਕਿ ਨਿਰੋਲ ਪੰਜਾਬੀ ਭਾਸ਼ਾ ਤੇ ਸਿੱਖ ਹਿਤਾਂ ਦੀ ਪ੍ਰਤੀਨਿਧਤਾ ਇਸ ਲਹਿਰ ਦੇ ਸੂਝਵਾਨਾਂ ਵਲੋਂ ਸ਼ੁਰੂ ਕੀਤੇ ਪਤਰਾਂ ਵਿਚ ਹੀ ਸਪਸ਼ਟ ਝਲਕਦੀ ਹੈ । ਸਿੱਖ ਪਤਰਕਾਰੀ ਦਾ ਆਰੰਭ, ਵਿਕਾਸ ਤੇ ਵਰਤਮਾਨ ਸਮੇਂ ਇਸ ਦੀ ਸਥਿਤੀ ਬਾਰੇ ਜਾਨਣ ਦੇ ਜਤਨ ਵਿਚ ਅਸੀਂ ਆਪਣੀ ਸੁਵਿਧਾ ਅਨੁਸਾਰ ਇਸ ਪ੍ਰਸ਼ਨ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ :

1. ਸਿੰਘ ਸਭਾ ਲਹਿਰ ਤੋਂ ਪਹਿਲਾਂ ਦੀ ਪਤਰਕਾਰੀ
2. ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪਤਰਕਾਰੀ
3. ਅਕਾਲੀ ਲਹਿਰ ਦੇ ਪ੍ਰਭਾਵ ਅਧੀਨ ਪਤਰਕਾਰੀ
4. ਵਰਤਮਾਨ ਸਮੇਂ ਸਿੱਖ ਪਤਰਕਾਰੀ

### 1.5.5.1 ਸਿੰਘ ਸਭਾ ਲਹਿਰ ਤੋਂ ਪਹਿਲਾਂ ਦੀ ਪਤਰਕਾਰੀ

ਪੰਜਾਬ ਵਿਚ ਸਿੰਘ ਸਭਾ ਲਹਿਰ ਤੋਂ ਪਹਿਲਾਂ ਈਸਾਈ, ਹਿੰਦੂ, ਆਦਿ ਮਤਾਂ ਦੇ ਪ੍ਰਚਾਰ ਹਿਤ ਪਤਰ ਪ੍ਰਕਾਸ਼ਿਤ ਹੁੰਦੇ ਸਨ । ਡਾ. ਨਰਿੰਦਰ ਸਿੰਘ ਕਪੂਰ ਨੇ ਸਿੰਘ ਸਭਾ ਲਹਿਰ ਤੋਂ ਪਹਿਲਾਂ ਛਪਣ ਵਾਲੇ ਪਤਰਾਂ ਨੂੰ ਪੰਜ ਪ੍ਰਕਾਰ ਦੇ ਦਸਿਆ ਹੈ :

1. 'ਚੁਪੱਤਰੀਆ' ਅਤੇ 'ਲੁਧਿਆਣਾ ਅਖ਼ਬਾਰ' ਈਸਾਈ ਪਾਦਰੀਆਂ ਨੇ ਈਸਾਈ ਮਤ ਦੇ ਪ੍ਰਚਾਰ ਲਈ ਜਾਰੀ ਕੀਤੇ ਜੋ ਮੁਫ਼ਤ ਵੰਡੇ ਜਾਂਦੇ ਸਨ ।
2. ਪਟਿਆਲਾ ਤੋਂ ੧੮੩੮ ਈ. ਵਿਚ ਜਾਰੀ ਕੀਤਾ ਪਤਰ 'ਜਗਤ ਪ੍ਰਕਾਸ਼ ਦਰਸ' ਕਲਕਤੇ ਦੇ 'ਜਾਮੇ ਜਹਾਂਨੁਮਾ' ਦਾ ਖੜੀ ਬੋਲੀ ਹਿੰਦੀ ਪਰ ਗੁਰਮੁਖੀ ਅਖਰਾਂ ਵਿਚ ਭਾਸ਼ਾ ਅੰਤਰ ਕਰਕੇ ਛਪਦਾ ਸੀ ।
3. ੧੮੫੬ ਈ. ਵਿਚ ਜਾਰੀ ਹੋਣ ਵਾਲਾ 'ਪੰਜਾਬੀ' ਅੰਗਰੇਜ਼ੀ, ਫ਼ਾਰਸੀ ਤੇ ਪੰਜਾਬੀ ਦਾ ਸਾਂਝਾ ਪਤਰ ਸੀ ।
4. 1867 ਈ. ਵਿਚ ਜਾਰੀ ਹੋਇਆ 'ਅਖ਼ਬਾਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ' ਹਿੰਦੀ ਬੋਲੀ ਅਤੇ ਹਿੰਦੂ ਧਰਮ ਦੇ ਪ੍ਰਚਾਰ ਲਈ ਆਰੰਭ ਕਤਿਾ ਗਿਆ ।
5. 1875 ਈ. { ਸੁਕਾਵਿਯ ਬੋਧਨੀ } ਅਤੇ 1876 ਈ. ਵਿਚ { ਕਵੀ ਚੰਦਰੋਦਿਯਾ } ਜਾਰੀ ਹੋਣ ਵਾਲੇ ਦੋ ਪਤਰ ਕਾਵਿ ਕਲਾ ਦੀ ਸਿਧਾਂਤਕ ਚਰਚਾ ਨਾਲ ਸੰਬੰਧਿਤ ਸਨ ।

ਉਪਰੋਕਤ ਸਾਰੇ ਪਤਰ ਭਾਵੇਂ ਗੁਰਮੁਖੀ ਲਿਪੀ ਵਿਚ ਹੀ ਛਪਦੇ ਸਨ ਪਰ ਪੰਜਾਬੀ ਭਾਸ਼ਾ ਵਿਚ ਪਤਰਕਾਰੀ ਦਾ ਆਰੰਭ ਭਾਈ ਗੁਰਮੁਖ ਸਿੰਘ ਵਰਗੇ ਸਿੱਖਾਂ ਦੇ ਜਤਨਾਂ ਨਾਲ ਹੁੰਦਾ ਹੈ ਜੋ ਸਿੰਘ ਸਭਾ ਲਹਿਰ ਮੋਢੀਆਂ ਵਿਚੋਂ ਸਨ ।

### 1.5.5.2 ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪਤਰਕਾਰੀ

ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪਤਰਕਾਰੀ ਜਾਂ ਸਿੱਖ ਪਤਰਕਾਰੀ ਦੇ ਵੀ ਉਹੀ ਮਨੋਰਥ ਸਨ ਜੋ ਸਿੰਘ ਸਭਾ ਦੇ ਮਨੋਰਥ ਸਨ। ਅਸਲ ਵਿਚ ਸਿੱਖ ਪਤਰਕਾਰੀ ਦੀ ਸ਼ੁਰੂਆਤ ਸਿੰਘ ਸਭਾ ਦੇ ਮਨੋਰਥਾਂ ਨੂੰ ਪ੍ਰਚਾਰਨ ਤੇ ਪ੍ਰਸਾਰਨ ਦੇ ਸਫਲ ਸਾਧਨ ਵਜੋਂ ਹੋਈ ਹੈ। ਈਸਾਈਆਂ, ਹਿੰਦੂਆਂ ਤੇ ਮੁਸਲਮਾਨਾਂ ਦੇ ਨਕਾਰਾਤਮਕ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਸਿੱਖਾਂ ਨੇ ਮੁਢਲੇ ਪਤਰ ਪਥਰ ਛਾਪੇ ਵਾਲੇ ਅਤੇ ਬਾਅਦ ਵਿਚ ਛਾਪੇਖਾਨੇ ਖੋਲ੍ਹ ਕੇ ਸਮਾਚਾਰ ਪਤਰਾਂ ਦੀ ਝੜੀ ਲਾ ਦਿਤੀ। ਸਭ ਤੋਂ ਮਹਤਵਪੂਰਨ ਗੱਲ ਇਹ ਕਿ ਸਿੱਖ ਪਤਰਕਾਰੀ ਇਕ ਪੇਸ਼ੇ ਦੇ ਰੂਪ ਵਿਚ ਸ਼ੁਰੂ ਨਹੀਂ ਹੋਈ । ਇਸ ਦਾ ਮੰਤਵ ਤਾਂ ਲੋਕਾਂ ਨੂੰ ਆਪਣੀ ਵਿਲਖਣ ਪਛਾਣ, ਧਰਮ , ਬੋਲੀ ਤੇ ਸਭਿਆਚਾਰ ਪ੍ਰਤੀ ਸੁਚੇਤ / ਜਾਗ੍ਰਿਤ ਕਰਨਾ ਸੀ । ਸਿੱਖ ਪਤਰਕਾਰੀ ਦਾ ਪਹਿਲਾ ਪਤਰ 'ਅਕਾਲ ਪ੍ਰਕਾਸ਼' , 1876 ਈ. ਵਿਚ ਪ੍ਰਤਾਪ ਸਿੰਘ ਗਿਆਨੀ ਦੀ ਸੰਪਾਦਕੀ ਹੇਠ ਪਥਰ ਛਾਪੇ ਵਾਲਾ ਮਾਸਿਕ ਪਤਰ ਹੈ ਜੋ ਲਾਹੌਰ ਤੋਂ ਛਪਦਾ ਸੀ । ਇਸ ਵਿਚ ਸਿੰਘ ਸਭਾ ਦੀਆਂ ਮੀਟਿੰਗਾਂ,

ਕਾਰਵਾਈਆਂ, ਲੇਖਾ-ਜੋਖਾ, ਆਦਿ ਛਾਪਿਆ ਜਾਂਦਾ ਸੀ (ਡਾ. ਨਰਿੰਦਰ ਸਿੰਘ ਕਪੂਰ, ਪੰਜਾਬੀ ਭੈਣ, ਜੂਨ 1976 ਦੇ ਹਵਾਲੇ ਨਾਲ)। ਭਾਈ ਗੁਰਮੁਖ ਸਿੰਘ ਦੁਆਰਾ 10 ਨਵੰਬਰ 1880 ਈ. ਨੂੰ ਸਿੰਘ ਸਭਾ ਦੇ ਆਸ਼ਿਆਂ ਨੂੰ ਪ੍ਰਚਾਰਨ ਹਿਤ 'ਗੁਰਮੁਖੀ ਅਖ਼ਬਾਰ' ਸ਼ੁਰੂ ਕੀਤਾ ਗਿਆ। ਇਸ ਪਤਰ ਵਿਚ ਭਾਈ ਗੁਰਮੁਖ ਸਿੰਘ ਤੇ ਹੋਰਨਾਂ ਸਿੱਖਾਂ ਦੇ ਛਪਦੇ ਲੇਖਾਂ ਸਦਕਾ ਜਿਥੇ ਪਿੰਡਾਂ ਤੇ ਸ਼ਹਿਰਾਂ ਵਿਚ ਵਡੀ ਗਿਣਤੀ ਵਿਚ ਸਿੰਘ ਸਭਾਵਾਂ ਸਥਾਪਿਤ ਹੋਈਆਂ ਉਥੇ ਅਖ਼ਬਾਰਾਂ ਦਾ ਸਿਲਸਿਲਾ ਵੀ ਸ਼ੁਰੂ ਹੋਇਆ । ਉਪਰੋਕਤ ਤੋਂ ਇਲਾਵਾ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸ਼ੁਰੂ ਹੋਏ ਪਤਰਾਂ ਦਾ, ਕਾਲਕ੍ਰਮ ਅਨੁਸਾਰ ਸੰਖੇਪ ਵਿਵਰਣ ਇਉਂ ਹੈ : 1882 ਈ. ਵਿਚ ਪੰਜਾਬੀ ਤੇ ਉਰਦੂ ਭਾਸ਼ਾ ਦਾ ਸਾਂਝਾ ਪਤਰ 'ਰਿਸਾਲਾ-ਏ ਗੁਰੁ ਪ੍ਰਤਾਪ ਸੂਰਜ ਉਦੈ', ਨਾਨਕ ਪ੍ਰਕਾਸ਼ ਪ੍ਰੈਸ, ਲਾਹੌਰ ਤੋਂ ਬੇਦੀ ਉਦੈ ਸਿੰਘ ਦੀ ਸੰਪਾਦਕੀ ਨਾਲ ਛਪਣ ਲਗਾ। 1885 ਈ. ਨੂੰ 'ਖ਼ਾਲਸਾ ਗਜ਼ਟ' ਉਰਦੂ ਭਾਸ਼ਾ ਵਿਚ ਲਾਹੌਰ ਤੋਂ ਜਾਰੀ ਹੋਇਆ ਜਿਸ ਦੇ ਸੰਪਾਦਕ ਮਈਆ ਸਿੰਘ ਸਨ । ਫਿਰ 1894 ਈ. ਤੋਂ ਪੰਜਾਬੀ ਵਿਚ , ਪ੍ਰੋ. ਗੁਰਮੁਖ ਸਿੰਘ ਤੇ ਫਿਰ ਸ. ਬਸੰਤ ਸਿੰਘ ਦੀ ਸੰਪਾਦਨਾ ਅਧੀਨ 1900 ਤਕ ਸਿੰਘ ਸਭਾ ਲਹਿਰ ਦੇ ਪ੍ਰਚਾਰ ਹਿਤ ਛਪਦਾ ਰਿਹਾ। 'ਪੰਜਾਬ ਦਰਪਣ', ਜੁਲਾਈ 1885 ਈ. ਨੂੰ ਖ਼ਾਲਸਾ ਪ੍ਰੈਸ, ਅੰਮ੍ਰਿਤਸਰ ਤੋਂ ਹਫ਼ਤਾਵਾਰੀ ਛਪਣਾ ਸ਼ੁਰੂ ਹੋਇਆ ਜਿਸ ਦੀ ਸੰਪਾਦਨਾ ਸ. ਲਾਹੌਰਾ ਸਿੰਘ ਕਰਦੇ ਸਨ। 'ਸੁਧਾਰਾਰਕ' ਮਾਸਿਕ ਪਤਰ ਭਾਈ ਗੁਰਮੁਖ ਸਿੰਘ ਨੇ 1885 ਈ. ਨੂੰ ਲਾਹੌਰ ਤੋਂ ਸ਼ੁਰੂ ਕੀਤਾ ਜਿਸ ਵਿਚ ਪੰਜਾਬ ਯੂਨੀਵਰਸਿਟੀ ਦੇ ਇਮਤਿਹਾਨਾਂ ਲਈ ਸਮਗਰੀ ਛਾਪੀ ਜਾਂਦੀ ਸੀ ।ਇਸ ਵਿਚ ਸਿੱਖ ਦਰਸ਼ਨ ਤੇ ਸਾਹਿਤ ਸੰਬੰਧੀ ਬਹੁਮੁਲੇ ਲੇਖਾਂ ਤੋਂ ਇਲਾਵਾ ਮੂਰਤੀ ਪੂਜਾ ਤੇ ਗੁਰੂ-ਡੰਮ੍ਹ ਦੀ ਨਿਖੇਧੀ ਵੀ ਕੀਤੀ ਜਾਂਦੀ ਸੀ। 1888 ਈ. ਵਿਚ ਇਹ ਪਤਰ ਸਿੰਘ ਸਭਾ ਦੇ ਧੜਿਆਂ ਦੀ ਸਿਧਾਂਤਕ ਲੜਾਈ ਦੀ ਭੇਂਟ ਚੜ੍ਹ ਗਿਆ। 'ਖ਼ਾਲਸਾ' ਸਪਤਾਹਿਕ ਪਤਰ ਭਾਈ ਲਹਿਣਾ ਸਿੰਘ ਗਿਆਨੀ ਦੀ ਸੰਪਾਦਕੀ ਹੇਠ 1886 ਈ. ਨੂੰ ਪਹਿਲਾਂ ਲਾਹੌਰ ਫਿਰ ਅੰਮ੍ਰਿਤਸਰ ਤੋਂ ਸਿੰਘ ਸਭਾ ਲਹਿਰ ਦੇ ਮਨੋਰਥਾਂ ਹਿਤ ਛਪਣ ਤੋਂ ਬਾਅਦ ਮਾਇਕ ਸਮਸਿਆ ਕਾਰਨ ਬੰਦ ਹੋ ਗਿਆ। 'ਖ਼ਾਲਸਾ ਪ੍ਰਕਾਸ਼', ਜੋ ਸਿਖੀ-ਪ੍ਰਚਾਰ ਹਿਤ ਲਾਹੌਰ ਤੋਂ ਆਇਆ ਸਿੰਘ ਨੇ 1886 ਈ. ਵਿਚ ਸ਼ੁਰੂ ਕੀਤਾ ਜੋ ਬਹੁਤਾ ਚਿਰ ਨਾ ਚਲਿਆ। ਭਾਈ ਵੀਰ ਸਿੰਘ ਹੋਰਾਂ ਦੇ ਜਤਨਾਂ ਨਾਲ 1894 ਈ. ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ ਹੋਂਦ ਵਿਚ ਆਈ ਜਿਸ ਨੇ 'ਨਿਰਗੁਣੀਆਰਾ' ਪੰਦਰਾਂਰੋਜ਼ਾ ਪਤਰ ਸ਼ੁਰੂ ਕੀਤਾ ਜੋ ਗਿਆਨ ਵਿਹੂਣੀ ਜਨਤਾ ਦੀ ਭਲਾਈ ਹਿਤ ਮੁਫ਼ਤ ਵੰਡਿਆ ਜਾਂਦਾ ਸੀ। ਇਸ ਵਿਚ ਜੀਵਨ ਦੇ ਹਰ ਪਹਿਲੂ ਨਾਲ ਸੰਬੰਧਿਤ ਰਚਨਾਵਾਂ ਟ੍ਰੈਕਟ ਰੂਪ ਵਿਚ ਛਪਦੀਆਂ ਸਨ। ਜਿਥੇ ਭਾਈ ਵੀਰ ਸਿੰਘ ਦੀਆਂ ਬਹੁਤੀਆਂ ਰਚਨਾਵਾਂ ਇਸ ਪਤਰ ਦਾ ਸ਼ਿੰਗਾਰ ਬਣੀਆਂ ਉਥੇ ਸਿੱਖ ਸਾਹਿਤ ਨੂੰ ਸੰਪਾਦਨ ਤੇ ਅਨੁਵਾਦ ਕਰਕੇ ਵਿਆਖਿਆਉਣਾ, ਇਸ ਪਤਰ ਦੇ ਹਿਸੇ ਆਇਆ ਜਿਸ ਦੇ ਫਲਸਰੂਪ ਵਡੀ ਗਿਣਤੀ ਵਿਚ ਪੰਜਾਬੀ ਪਾਠਕ ਪੈਦਾ ਹੋਏ। 'ਖਾਲਸਾ' (ਅੰਗਰੇਜ਼ੀ), ਜਨਵਰੀ 1899 ਈ. ਨੂੰ ਗੋਬਿੰਦ ਸਿੰਘ ਪ੍ਰੈਸ, ਲਾਹੌਰ ਤੋਂ ਭਾਈ ਲਕਸ਼ਮਣ ਸਿੰਘ ਦੀ ਸੰਪਾਦਕੀ ਨਾਲ ਛਪਣਾ ਸ਼ੁਰੂ ਹੋਇਆ ਜਿਸ ਨੇ ਆਰੀਆ ਸਮਾਜੀਆਂ ਨੂੰ ਢੁਕਵੇਂ ਜਵਾਬ ਦਿਤੇ। ਸਿੱਖਾਂ ਦਾ ਇਹ ਪਹਿਲਾ ਅੰਗਰੇਜ਼ੀ ਪਤਰ, ਅਪੈਲ 1901 ਤਕ ਛਪਿਆ। 'ਸੁਧਾਰ ਪਤ੍ਰਿਕਾ', ਹੈਦਰਾਬਾਦ ਤੋਂ ਦੋ ਸਹਿਜਧਾਰੀ ਸਿੱਖਾਂ ਗਿਦੂ ਮੱਲ ਤੇ ਸੰਤ ਦਾਸ ਦੇ ਉਦਮ ਨਾਲ 1891 ਈ. ਵਿਚ ਸਿੱਖ ਧਰਮ ਦੇ ਪ੍ਰਚਾਰ ਤੇ ਸਮਾਜ ਸੁਧਾਰ ਹਿਤ ਆਰੰਭ ਕੀਤਾ। 'ਸਿੰਘ ਸਹਾਏ' , ਕਾਨੂੰਨ-ਏ-ਹਿੰਦ ਪ੍ਰੈਸ ਤੋਂ 1893 ਈ. ਨੂੰ ਸ਼ੁਰੂ ਹੋਇਆ ।1903 ਤਕ ਚਲਣ ਵਾਲੇ ਇਸ ਪੱਤਰ ਵਿਚ ਧਾਰਮਿਕ ਵਿਚਾਰਾਂ ਦੇ ਨਾਲ਼ ਰਾਜਸੀ ਵਿਚਾਰ ਵੀ ਪ੍ਰਗਟਾਏ ਜਾਂਦੇ ਸਨ । ਡਾ. ਨਰਿੰਦਰ ਸਿੰਘ ਕਪੂਰ ਨੇ (ਪੰਜਾਬ ਪੁਲਿਸ ਦੀ ਪੰਜਾਬ ਦੇ ਪਤਰਾਂ ਬਾਰੇ ਰਿਪੋਰਟ, 1902 ਦੇ ਅਧਾਰ 'ਤੇ) ਇਸ ਨੂੰ ਅੰਗਰੇਜ਼ੀ ਸਰਕਾਰ ਵਿਰੁਧ ਸਮਝਿਆ ਜਾਣ ਵਾਲਾ ਪਤਰ ਕਿਹਾ ਹੈ। 'ਖ਼ਾਲਸਾ ਧਰਮ ਪ੍ਰਚਾਰਕ' , ਸਪਤਾਹਿਕ ਪਤਰ 17 ਮਈ 1894 ਈ. ਨੂੰ ਸੰਪਾਦਕ ਲਾਹੌਰਾ ਸਿੰਘ ਨੇ ਸਿੱਖੀ ਪ੍ਰਚਾਰ, ਇਸਤਰੀ ਵਿਦਿਆ ਤੇ ਆਚਰਣ ਸੰਬੰਧੀ ਲੇਖਾਂ ਨੂੰ ਸਮਰਪਿਤ ਕੀਤਾ । 'ਸ਼ੁਧੀ ਪੱਤਰ' , ਮਈ, 1896 ਈ. ਵਿਚ ਐਂਗਲੋ-ਸੰਸਕ੍ਰਿਤ ਪ੍ਰੈਸ, ਲਾਹੌਰ ਤੋਂ ਜਾਰੀ ਹੋਇਆ ਜਿਸਦਾ ਮਨੋਰਥ ਹੋਰ ਧਰਮਾਂ ਵਿਚੋਂ ਸਿੱਖ ਬਣਨ ਵਾਲੇ ਵਿਅਕਤੀਆਂ ਦੇ ਸਮਾਚਾਰ ਛਾਪਣ ਤੋਂ ਇਲਾਵਾ ਸਿੱਖੀ ਛੱਡ ਕੇ ਗਏ ਵਿਅਕਤੀਆਂ ਨੂੰ ਮੁੜ ਵਾਪਸ ਲਿਆਉਣਾ ਸੀ । ਹਰ ਮਹੀਨੇ 'ਸ਼ੁਧੀ ਪਤਰ ਦੀਆਂ ਕਾਰਵਾਈਆਂ ਦੀ ਰਿਪੋਰਟ' ਛਾਪੀ ਜਾਂਦੀ ਸੀ। 'ਅਮਰ ਪੱਤ੍ਰਕਾ', ਮਾਸਕ ਪੱਤਰ ਭਾਈ ਨੱਥਾ ਸਿੰਘ ਨੇ ਸਿੱਖੀ-ਪ੍ਰਚਾਰ ਹਿਤ

ਅੰਮ੍ਰਿਤਸਰ ਤੋਂ **1897** ਈ. ਛਾਪਣਾ ਸ਼ੁਰੂ ਕੀਤਾ ਜੋ ਮਾਇਕ ਸਮਸਿਆ ਕਾਰਨ ਜਲਦੀ ਬੰਦ ਹੋ ਗਿਆ। 'ਖ਼ਾਲਸਾ ਸਮਾਚਾਰ' , ਸਪਤਾਹਿਕ ਪਤਰ **17** ਨਵੰਬਰ **1899** ਈ. ਨੂੰ ਭਾਈ ਵੀਰ ਸਿੰਘ ਹੋਰਾਂ ਨੇ ਸਿੱਖਾਂ ਨੂੰ ਧਰਮ ਤੇ ਵਿਰਸੇ ਪ੍ਰਤੀ ਚੇਤਨਾ ਪੈਦਾ ਕਰਨ ਹਿਤ ਸ਼ੁਰੂ ਕੀਤਾ। ਇਸ ਦੇ ਸੰਪਾਦਕ ਭਾਈ ਸਾਹਿਬ ਤੋਂ ਇਲਾਵਾ ਧਨੀ ਰਾਮ ਚਾਤ੍ਰਿਕ, ਗਿ. ਮਹਾਂ ਸਿੰਘ, ਆਦਿ ਰਹੇ ਹਨ । ਇਸ ਪਤਰ ਦੇ ਟੀਚਿਆਂ ਸੰਬੰਧੀ ਇਸ ਦੇ ਹੀ ਇਕ ਅੰਕ ਵਿਚ (ਜੋ ਸਾਨੂੰ www.panjabdigitib.org ਤੋਂ ਪ੍ਰਾਪਤ ਹੋਇਆ ਹੈ ) ਇਉਂ ਲਿਖਿਆ ਹੈ, ' ਇਸ ਦਾ {ਖ਼ਾਲਸਾ ਸਮਾਚਾਰ} ਦਾ ਯਤਨ ਹੈ ਕਿ ਪੰਥ ਇਕ ਜਾਨ ਹੋਵੇ , ਜਥੇਬੰਦ ਹੋਵੇ ਤੇ ਨਿਰੋਲ ਗੁਰੂ ਉਪਦੇਸ਼ਾਂ ਤੇ ਟੁਰੇ , ਇਹ ਇਸਦੀ ਨਿਮਾਣੀ ਸੇਵਾ ਦਾ ਤਰਲਾ ਰਿਹਾ ਹੈ। ਪੰਥ ਦੀਆਂ ਸੰਪਰਦਾਵਾਂ ਦਾ ਪਰਸਪਰ ਮੇਲ ਰਹੇ ਇਸ ਆਸ਼ੇ ਦੀ ਪੂਰਤੀ ਲਈ ਇਹਦੇ ਕਾਲਮ ਵਰਤੇ ਜਾਂਦੇ ਰਹੇ ਤੇ ਵਰਤੇ ਜਾਂਦੇ ਹਨ ।........ਪ੍ਰੰਤੂ ਜਿਥੇ ਸਾਡਾ ਉਦੇਸ਼ ਇਹ ਰਿਹਾ ਹੈ ਕਿ ਪੰਥ ਵਿਚ ਮਿਲਾਪ ਵਧੇ ਉਥੇ ਗੁਰੂ ਉਪਦੇਸ਼ਾਂ ਦੀ ਨਿਰੋਲਤਾ ਬੀ ਜ਼ਰੂਰੀ ਫਰਜ਼ ਰਿਹਾ ਹੈ । ਜਿਸ ਜਿਸ ਵੇਲੇ ਪੰਥ ਤੇ ਅਨਮਤੀਆਂ ਦੇ ਹਮਲੇ ਹੁੰਦੇ ਰਹੇ ਹਨ ਯਾ ਪੰਥ ਵਿਚੋਂ ਐਸੀ ਰੌ ਚਲਦੀ ਹੈ ਕਿ ਗੁਰਸਿੱਖੀ ਦੀ ਨਿਰੋਲਤਾ ਵਿਚ ਰਲੇ ਪੈ ਜਾਣ ਦਾ ਭੈ ਪੈਦਾ ਹੋ ਜਾਂਦਾ ਹੈ ਤਾਂ ਆਪਣਾ ਫਰਜ਼ ਸਮਝ ਕੇ ਖ਼ਾਲਸਾ ਸਮਾਚਾਰ ਇਸ ਜਤਨ ਵਿਚ ਲਗ ਜਾਂਦਾ ਹੈ ਕਿ ਨਿਰੋਲਤਾ ਨਿਤਰ ਆਵੇ।' 'ਖ਼ਾਲਸਾ ਨੌਜਵਾਨ ਬਹਾਦਰ', ਪੰਦਰਾਂ ਰੋਜ਼ਾ ਪਤਰ ੫ ਅਕਤੂਬਰ **1899** ਈ. ਅੰਮ੍ਰਿਤਸਰ ਤੋਂ, ਗੁਰਮਤਿ ਪ੍ਰਚਾਰ ਹਿਤ ਪਹਿਲਾਂ ਸੁੰਦਰ ਸਿੰਘ ਅਕਾਲੀ ਤੇ ਪਿਛੋਂ ਸ. ਜ਼ੈਮਲ ਸਿੰਘ ਦੀ ਸੰਪਾਦਨਾ ਹੇਠ ਛਪਦਾ ਰਿਹਾ। 'ਖਾਲਸਾ ਸੇਵਕ', ਮਾਸਿਕ ਪਤਰ **1903** ਵਿਚ ਅੰਮ੍ਰਿਤਸਰ ਤੋਂ ਜੀਵਨ ਸਿੰਘ ਸੇਵਕ ਦੀ ਸੰਪਾਦਨਾ ਹੇਠ ਸ਼ੁਰੂ ਹੋਇਆ ਜਿਸ ਵਿਚ ਸਿੰਘ ਸਭਾਵਾਂ ਤੇ ਚੀਫ਼ ਖ਼ਾਲਸਾ ਦੀਵਾਨ ਦੇ ਫੈਸਲੇ ਤੇ ਮਤਿਆਂ ਤੋਂ ਇਲਾਵਾ ਸਿੱਖਿਆ ਦੇ ਪ੍ਰਸਾਰ ਹਿਤ ਲੇਖ ਛਪਦੇ ਸਨ। 'ਦੁਖ ਨਿਵਾਰਣ' , ਮਾਸਿਕ ਪਤਰ ਭਾਈ ਮੋਹਨ ਸਿੰਘ ਵੈਦ ਵਲੋਂ ੧ ਜਨਵਰੀ **1906** ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਵਾਲੇ ਦਿਨ ਸਰੀਰਕ, ਆਤਮਕ, ਧਾਰਮਿਕ ਅਤੇ ਦੇਸ ਦੀ ਦਸ਼ਾ ਦੇ ਸੁਧਾਰ ਹਿਤ ਤਰਨਤਾਰਨ ਤੋਂ ਨਿਕਲਨਾ ਸ਼ੁਰੂ ਹੋਇਆ। 'ਪੰਜਾਬੀ ਭੈਣ', ਮਾਸਿਕ ਪੱਤਰ ਭਾਈ ਤਖਤ ਸਿੰਘ ਦੀ ਪ੍ਰੇਰਨਾ ਨਾਲ ਕੰਨਿਆ ਮਹਾਂ ਵਿਦਿਆਲਾ, ਫ਼ਿਰੋਜਪੁਰ ਤੋਂ **1907** ਈ. ਵਿਚ ਪਹਿਲਾਂ ਮਾਸਟਰ ਬੀਰ ਸਿੰਘ ਤੇ ਬਾਅਦ ਵਿਚ ਇਸਤਰੀਆਂ ਵਲੋਂ ਹੀ ਸੰਪਾਦਤ ਕੀਤਾ ਜਾਂਦਾ ਰਿਹਾ ਜਿਸਦਾ ਮਨੋਰਥ ਇਸਤਰੀ ਭਲਾਈ ਹਿਤ ਉਨ੍ਹਾਂ ਨਾਲ ਸੰਬੰਧਿਤ ਕਹਾਣੀਆਂ, ਕਵਿਤਾਵਾਂ, ਆਦਿ ਮਹਤਵਪੂਰਨ ਸਮਗਰੀ ਛਪਦੀ ਸੀ ।**1908** ਈ. ਵਿਚ ਲਾਹੌਰ ਤੋਂ ਉਰਦੂ ਵਿਚ ਸ਼ੁਰੂ ਹੋਏ 'ਸ਼ੇਰੇ ਬਬਰ' ਪੱਤਰ ਵਿਚ ਫੋਕਟ ਕਰਮਕਾਂਡਾਂ ਦੀ ਨਿਖੇਧੀ ਤੇ ਸਿੱਖੀ ਪ੍ਰਚਾਰ ਹਿਤ ਲੇਖ ਛਪਦੇ ਸਨ । 'ਬੀਰ' , **1908** ਵਿਚ ਚਰਨ ਸਿੰਘ ਸ਼ਹੀਦ ਦੀ ਸੰਪਾਦਕੀ ਹੇਠ ਜਾਰੀ ਹੋਇਆ ਜੋ ਆਰੀਆ ਸਮਾਜੀ ਤੇ ਕਾਦਿਆਨੀ ਹਮਲਿਆਂ ਦਾ ਢੁਕਵਾਂ ਜਵਾਬ ਦਿੰਦਾ ਰਿਹਾ । ਉਪਰ ਵਰਣਿਤ ਪਤਰਾਂ ਤੋਂ ਇਲਾਵਾ ਸਿੰਘ ਸਭਾ ਦੇ ਪ੍ਰਭਾਵ ਅਧੀਨ 'ਖ਼ਾਲਸਾ ਮੈਗਜ਼ੀਨ' (**1901** ਈ.), 'ਦੀ ਸਿਖਸ ਐਂਡ ਸਿਖਇਜ਼ਮ' (**1903** ਈ.) , 'ਖ਼ਾਲਸਾ ਧਰਮ ਦੀਪਕ' (**1905** ਈ.), 'ਸੇਵਕ ਸਿੰਘ ਪਤ੍ਰਕਾ' (**1905** ਈ.), 'ਪੰਜਾਬ' (**1905** ਈ.), 'ਨੌ ਰਤਨ' (**1905** ਈ.), 'ਦਿੱਤ ਸਿੰਘ ਮੈਗਜ਼ੀਨ' (**1910** ਈ.), 'ਸ਼ਹੀਦ' (**1914** ਈ.), 'ਸੰਤ ਸਿਪਾਹੀ' (**1917** ਈ.), 'ਪ੍ਰਦੇਸ਼ੀ ਖ਼ਾਲਸਾ' (**1918** ਈ.), ਆਦਿ ਪਤਰ ਵੀ ਪ੍ਰਕਾਸ਼ਿਤ ਹੋਏ ।

### 1.5.5.3 ਅਕਾਲੀ ਲਹਿਰ ਦੇ ਪ੍ਰਭਾਵ ਅਧੀਨ ਪਤਰਕਾਰੀ

ਅਕਾਲੀ ਲਹਿਰ, ਜੋ ਸਿੰਘ ਸਭਾ ਦਾ ਵਿਕਾਸ ਰੂਪ ਕਹੀ ਜਾ ਸਕਦੀ ਹੈ, ਦੇ ਪ੍ਰਭਾਵ ਅਧੀਨ ਵੀ ਕਾਫ਼ੀ ਪਤਰ ਹੋਂਦ ਵਿਚ ਆਏ। ਕੁੰਜੀਆਂ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ, ਜੈਤੋ ਦਾ ਮੋਰਚਾ, ਆਦਿ ਨਾਲ ਸੰਬੰਧਿਤ ਘਟਨਾਵਾਂ ਨੇ ਸਿੱਖ ਪਤਰਕਾਰੀ ਨੂੰ ਵਿਕਾਸ ਦੀਆਂ ਅਗਲੇਰੀਆਂ ਲੀਹਾਂ 'ਤੇ ਤੋਰਿਆ। ਅਕਾਲੀ ਲਹਿਰ ਦੇ ਪ੍ਰਭਾਵ ਅਧੀਨ 'ਅਕਾਲੀ' ਪਤਰ **1920** ਈ. ਨੂੰ ਗੁਰੂ ਅਰਜਨ ਦੇਵ ਜੀ ਦੇ ਗੁਰਪੁਰਬ ਮੌਕੇ ਜਾਰੀ ਕੀਤਾ ਗਿਆ ਜਿਸਦੇ ਸੰਪਾਦਕ ਸੁੰਦਰ ਸਿੰਘ ਲਾਇਲਪੁਰੀ, ਪ੍ਰਤਾਪ ਸਿੰਘ ਗਿਆਨੀ ਤੋਂ ਇਲਾਵਾ ਸਰਦੂਲ ਸਿੰਘ ਕਵੀਸ਼ਰ ਵਰਗੇ ਵਿਦਵਾਨ ਵੀ ਰਹੇ ਹਨ। 'ਫੁਲਵਾੜੀ', **1924** ਈ. ਹੀਰਾ ਸਿੰਘ ਦਰਦ ਨੇ ਸ਼ੁਰੂ ਕੀਤਾ। ਇਸ ਵਿਚ ਪ੍ਰਿੰ. ਤੇਜਾ ਸਿੰਘ ਗੁਰਮੁਖ ਸਿੰਘ ਮੁਸਾਫ਼ਿਰ ਵਰਗੇ ਵਿਦਵਾਨਾਂ ਦੀਆਂ ਉਚ-ਪਾਏ ਦੀਆਂ ਲਿਖਤਾਂ ਛਪਦੀਆਂ ਸਨ। ਇਨ੍ਹਾਂ ਤੋਂ ਇਲਾਵਾ 'ਸੰਸਾਰ', 'ਰਾਮਗੜੀਆ

ਗਜ਼ਟ', 'ਜਥੇਦਾਰ', 'ਪ੍ਰਦੇਸੀ ਖ਼ਾਲਸਾ', 'ਸੰਗਤ', 'ਅਕਾਲੀ ਤੇ ਪ੍ਰਦੇਸ਼ੀ', 'ਗੜਗਜ ਅਕਾਲੀ', 'ਬੱਬਰ ਸ਼ੇਰ', 'ਸਤਿਸੰਗ', 'ਸੰਤ ਸੇਵਕ', 'ਨਿਰੋਲ ਖ਼ਾਲਸਾ', 'ਕੌਮੀ ਦਰਦ', 'ਗਹਿਰ ਗੰਭੀਰ', 'ਧਰਮਵੀਰ', 'ਸੰਤ ਸਮਾਚਾਰ', 'ਕ੍ਰਿਪਾਨ ਬਹਾਦਰ', 'ਆਜ਼ਾਦ ਭੈਣ', 'ਪ੍ਰੀਤਮ', 'ਕਿਰਤੀ', 'ਬੀਰ', 'ਖ਼ਾਲਸਾ', ਆਦਿ (ਪ੍ਰੈਸ ਕਮਿਸ਼ਨ ਦੀ ਰਿਪੋਰਟ ਦੇ ਅਧਾਰ 'ਤੇ) ਸਮਾਚਾਰ ਪਤਰ ਛਪਦੇ ਰਹੇ ਹਨ ।ਅਕਾਲੀ ਲਹਿਰ ਦੇ ਪ੍ਰਭਾਵ ਅਧੀਨ ਛਪੇ ਪਤਰਾਂ ਦਾ ਮਨੋਰਥ ਗੁਰਦੁਆਰਿਆਂ ਦੇ ਪ੍ਰਬੰਧ ਸਿੱਖ ਪੰਥ ਦੇ ਸਪੁਰਦ ਕਰਕੇ ਸਿੱਖਾਂ ਵਿਚ ਜਾਗ੍ਰਿਤੀ ਪੈਦਾ ਕਰਨਾ ਸੀ । ਸੂਬਾ ਸਿੰਘ ਨੇ 'ਅਕਾਲੀ' ਅਖ਼ਬਾਰ ਦੇ ਮਨੋਰਥਾਂ ਨੂੰ ਅਖ਼ਬਾਰ ਦੀ ਜ਼ਬਾਨੀ ਇਉਂ ਅੰਕਿਤ ਕੀਤਾ ਹੈ :

1. ਗੁਰਦੁਆਰਿਆਂ ਦਾ ਮਹੰਤੀ ਤੇ ਸਰਬਰਾਹੀ ਪ੍ਰਬੰਦ ਖਤਮ ਕਰਕੇ ਇਹਨਾ ਨੂੰ ਸਿੱਖ ਪੰਥ ਦੇ ਜਮਹੂਰੀ ਪਰਬੰਧ ਵਿਚ ਲਿਆਉਣਾ ।
2. ਖ਼ਾਲਸਾ ਕਾਲਜ ਨੂੰ ਸਰਕਾਰੀ ਪਰਬੰਧ ਵਿਚੋਂ ਕੱਢ ਕੇ ਖ਼ਾਲਸ ਸਿੱਖਾ ਦੇ ਜਮਹੂਰੀ ਪਰਬੰਧ ਵਿਚ ਲਿਆਉਣਾ ।
3. ਸਰਕਾਰ ਦੇ ਹਥੋਂ 1913 ਈ. ਵਿਚ ਢਾਹੀ ਗਈ ਗੁਰਦੁਆਰਾ ਰਕਾਬ ਗੰਜ ਦੀ ਕੰਧ ਨੂੰ ਪਹਿਲਾਂ ਵਾਂਗ ਹੀ ਉਸਰਵਾਉਣਾ ।
4. ਸਿੱਖ ਜਨਤਾ ਵਿਚ ਰਾਜਸੀ ਤੇ ਕੌਮੀ ਜਾਗਰਤੀ ਪੈਦਾ ਕਰਕੇ ਉਸਨੂੰ ਦੇਸ਼ ਦੇ ਸਾਂਝੇ ਆਜ਼ਾਦੀ ਦੇ ਘੋਲ ਵਿਚ ਸਾਮਲ ਹੋ ਕੇ ਵਧ ਚੜ੍ਹ ਕੇ ਹਿਸਾ ਲੈਣ ਲਈ ਉਤਸ਼ਾਹ ਦੇਣਾ ।
5. ਪੰਚਾਇਤੀ ਅਸੂਲਾਂ ਮੁਤਾਬਕ ਸਿੱਖਾਂ ਦੀ ਪ੍ਰਤੀਨਿਧ ਜਥੇਬੰਦੀ ਬਣਾਉਣੀ ।

ਉਪਰੋਕਤ ਸਿੱਖ ਪਤਰਕਤਰੀ ਸੰਬੰਧੀ ਸੰਖੇਪ ਚਰਚਾ ਤੋਂ ਸਾਨੂੰ ਸਮਾਚਾਰ ਪਤਰਾਂ ਦੀ ਉਤਪਤੀ ਕਿਵੇਂ ?, ਕਿਉਂ ?, ਕਿਸ ਮਨੋਰਥ ਲਈ ਜਾਂ ਕਿਨ੍ਹਾਂ ਪ੍ਰਸਥਿਤੀਆਂ ਵਿਚ ਹੋਈ ?, ਆਦਿ ਬਾਬਤ ਜਾਣਜਾਰੀ ਮਿਲੀ ਹੈ ।1876 ਈ. ਤੋਂ ਚਲਿਆ ਸਿੱਖ ਪਤਰਕਾਰੀ ਦਾ ਸਿਲਸਿਲਾ, ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਦੌਰਾਨ ਵਿਕਾਸ ਦੀ ਸਿਖਰਾਂ ਨੂੰ ਛੂੰਹਦਾ ਹੈ ਭਾਵੇਂ ਕਿ 1910 ਈ. ਵਿਚ ਅੰਗਰੇਜ਼ੀ ਸਰਕਾਰ ਦੁਆਰਾ ਲਾਈਆਂ ਪਾਬੰਦੀਆਂ ਨਾਲ ਸਮਾਚਾਰ ਪਤਰਾਂ ਦੀ ਚਾਲ ਥੋੜ੍ਹੀ ਧੀਮੀ ਹੋਈ ਕਿਉਂਕਿ ਕਈ ਪਤਰ ਸਰਕਾਰ ਨੇ ਬੰਦ ਕਰਵਾ ਦਿਤੇ ਸਨ ਅਤੇ ਕੁਝ ਆਰਥਿਕ ਸਮਸਿਆ ਨਾਲ ਵੀ ਜੂਝਦੇ ਰਹੇ ਅਤੇ ਕਈ ਬੰਦ ਹੋ ਗਏ। ਸਿੰਘ ਸਭਾ ਲਹਿਰ ਦਾ ਸਮਾਂ ਸਿੱਖ ਪਤਰਕਾਰੀ ਦਾ ਸੁਨਹਿਰੀ ਸਮਾਂ ਕਿਹਾ ਜਾ ਸਕਦਾ ਹੈ ਕਿਉਂਕਿ ਜਿਥੇ ਇਹ ਲਹਿਰ ਸਿੱਖ ਪਤਰਕਾਰੀ ਦੀ ਉਤਪਤੀ ਦਾ ਕਾਰਨ ਹੈ ਉਥੇ 'ਨਿਰਗੁਣੀਆਰਾ' ਤੇ 'ਖ਼ਾਲਸਾ ਸਮਾਚਾਰ' ਪਤਰ ਇਸੇ ਲਹਿਰ ਦੀ ਦੇਣ ਹਨ ਜਿਨ੍ਹਾਂ ਵਿਚ ਸਤਿਕਾਰਤ ਸ਼ਖਸੀਅਤਾਂ ਦੀਆਂ ਛਪਦੀਆਂ ਰਚਨਾਵਾਂ ਤੇ ਲੇਖਾਂ ਨੇ ਸਿੱਖਾ ਨੂੰ ਆਪਣੇ ਧਰਮ, ਵਿਰਸੇ ਤੇ ਵਿਦਿਅਕ ਪਖ ਤੋਂ ਪੁਨਰ ਜਾਗ੍ਰਿਤ ਕੀਤਾ ।

### 1.5.5.4 ਵਰਤਮਾਨ ਸਮੇਂ ਸਿੱਖ ਪਤਰਕਾਰੀ

1947 ਈ. ਦੀ ਵੰਡ ਵੇਲੇ ਸਿੱਖ ਪਤਰਕਾਰੀ ਵਿਚ ਖੜੋਤ ਆਈ ਕਿਉਂਕਿ ਸਿੱਖਾਂ ਦੀਆਂ ਕੀਮਤੀ ਲਾਇਬਰੇਰੀਆਂ, ਛਾਪੇਖਾਨੇ , ਆਦਿ ਉਥਲ-ਪੁਥਲ ਦੇ ਇਸ ਸਮੇਂ ਦੀ ਭੇਂਟ ਚੜ੍ਹ ਗਏ । ਇਸ ਉਪਰੰਤ 1984 ਈ. ਵਿਚ ਅਕਾਲ ਤਖ਼ਤ ਸਾਹਿਬ 'ਤੇ ਹੋਏ ਹਮਲੇ ਤੋਂ ਬਾਅਦ ਸਿੱਖ ਪੰਥ ਨਾਜ਼ੁਕ ਸਥਿਤੀਆਂ ਵਿਚੋਂ ਗੁਜ਼ਰਿਆ ਜਿਸ ਕਾਰਨ ਕੁਝ ਗਿਣੇ-ਚੁਣੇ ਪਤਰ ਹੀ ਛਪਦੇ ਸਨ । ਵਰਤਮਾਨ ਸਿੱਖਾਂ ਦਾ ਦੇਸ਼ਾਂ-ਵਿਦੇਸ਼ਾਂ ਵਿਚ ਫੈਲਾਉ ਨਾਲ ਸਿੱਖਾਂ ਨਾਲ ਸੰਬੰਧਿਤ ਮਸਲੇ ਵੀ ਵਧ ਗਏ ਹਨ ਜੋ ਸਿੱਖ ਪਤਰਕਾਰੀ ਨੇ ਸੰਸਾਰ ਦੇ ਸਨਮੁਖ ਕੀਤੇ, ਜਿਵੇਂ ਸਿੱਖਾਂ ਦਾ ਕਿਰਪਾਨ ਪਹਿਨਣ ਜਾਂ ਦਸਤਾਰ ਬੰਨ੍ਹਣ ਦਾ ਮਸਲਾ ਜੋ ਅਜੇ ਵੀ ਉਵੇਂ ਦਾ ਉਵੇਂ ਹੀ ਪਿਆ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ, ਪ੍ਰਬੰਧ, ਤਖ਼ਤਾਂ ਦੇ ਜਥੇਦਾਰਾਂ ਦੀਆਂ ਪੰਥਕ ਕਾਰਵਾਈਆਂ, ਧਰਮ ਤੇ ਰਾਜਨੀਤੀ, 84 ਨਾਲ ਸੰਬੰਧਿਤ ਪੀੜਤਾਂ ਨੂੰ ਨਿਆਂ ਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ, ਪਾਖੰਡੀ ਸਾਧਾਂ ਦੇ ਪਾਜ ਉਘਾੜਣ ਅਤੇ ਸਿੱਖੀ ਪ੍ਰਚਾਰ ਨਾਲ ਸੰਬੰਧਿਤ ਸਮਾਚਾਰ, ਪਤਰਾਂ ਵਿਚ ਛਪਦੇ ਰਹਿੰਦੇ ਹਨ । 'ਸਚਖੰਡ ਪਤਰ' (ਮਾਸਿਕ, ਹਜ਼ੂਰ ਸਾਹਿਬ ਨੰਦੇੜ), 'ਸੰਤ ਸਿਪਾਹੀ' (ਜਲੰਧਰ), 'ਸਿੱਖ ਸ਼ਹਾਦਤ' (ਮਾਸਿਕ, ਲੁਧਿਆਣਾ), 'ਸਿੱਖ ਫੁਲਵਾੜੀ' (ਮਾਸਿਕ, ਲੁਧਿਆਣਾ ), 'ਸੀਸ ਗੰਜ'

(ਮਾਸਿਕ, ਨਵੀਂ ਦਿਲੀ), 'ਗੁਰਮਤਿ ਪ੍ਰਕਾਸ਼' (ਮਾਸਿਕ, ਅੰਮ੍ਰਿਤਸਰ), 'ਮਿਸ਼ਨਰੀ ਸੇਧਾਂ' (ਮਾਸਿਕ, ਜਲੰਧਰ), 'ਖ਼ਾਲਸਾ ਸਮਾਚਾਰ' (ਸਪਤਾਹਿਕ, ਨਵੀਂ ਦਿਲੀ), 'Abstracts of Sikh Studies' (quartly, Chandigarh), 'The Sikh Review' (monthly, Calcutta), ਰੋਜ਼ਾਨਾ 'ਅਜੀਤ' ਦਾ ਮੰਗਲਵਾਰ ਨੂੰ ਨਿਕਲਣ ਵਾਲਾ 'ਧਰਮ ਤੇ ਵਿਰਸਾ' ਅੰਕ, ਆਦਿ ਅੱਜ ਵੀ ਸਿੱਖ ਪਤਰਕਾਰੀ ਵਿਚ ਯਥਾਸਕਤ ਯੋਗਦਾਨ ਪਾ ਰਹੇ ਹਨ ।

**1.5.7 ਸਾਰ:** ਇਸ ਤਰ੍ਹਾਂ ਸਿੰਘ ਸਭਾ ਲਹਿਰ ਇਕ ਸਮਾਜ ਸੁਧਾਰਕ ਲਹਿਰ ਸੀ ਜੋ ਅੰਦਰੂਨੀ ਮਤਭੇਦਾਂ ਦੇ ਬਾਵਜੂਦ ਮਿੱਥੇ ਟੀਚੇ ਪੂਰੇ ਕਰਨ ਵਿਚ ਸਫਲ ਰਹੀ। ਇਸਨੇ ਸਿੱਖ ਪਛਾਣ ਤੇ ਹੋ ਰਹੇ ਹਮਲਿਆਂ ਦਾ ਜਵਾਬ, ਪ੍ਰਚਾਰ ਅਤੇ ਸਾਹਿਤ ਸਿਰਜਣਾ ਰਾਹੀਂ ਦੇ ਕੇ ਸਿੱਖਾਂ ਨੂੰ ਪੁਨਰ-ਜਾਗ੍ਰਿਤ ਕੀਤਾ। ਇਸ ਤੋਂ ਇਲਾਵਾ ਇਹ ਲਹਿਰ ਸਿੱਖ ਪੱਤਰਕਾਰੀ ਦੀ ਉਤਪਤੀ ਦਾ ਕਾਰਨ ਹੈ ਅਤੇ ਨਿਰਗੁਣਿਆਰਾ ਤੇ ਖਾਲਸਾ ਸਮਾਚਾਰ ਪੱਤਰ ਇਸੇ ਲਹਿਰ ਦੀ ਦੇਣ ਹਨ।

**1.5.8 ਅਭਿਆਸ ਲਈ ਪ੍ਰਸ਼ਨ:**

1.ਸਿੰਘ ਸਭਾ ਲਹਿਰ ਸ਼ੁਰੂ ਹੋਣ ਦੇ ਕਾਰਨਾਂ ਉੱਪਰ ਚਰਚਾ ਕਰੋ।

2. ਸਿੰਘ ਸਭਾ ਲਹਿਰ ਦੇ ਉਦੇਸ਼ ਅਤੇ ਪ੍ਰਾਪਤੀਆਂ ਬਿਆਨ ਕਰੋ।

**1.5.9 ਸਹਾਇਕ ਪੁਸਤਕ-ਸੂਚੀ**

1. ਏ. ਸੀ. ਅਰੋੜਾ (ਸੰਪਾ.), *ਪੰਜਾਬ ਦੀਆਂ ਲੋਕ ਲਹਿਰਾਂ*
2. ਸਤਿੰਦਰ ਕੋਰ (ਡਾ.), *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ ਸਰਵੇਖਣ ਤੇ ਮੁਲਾਂਕਣ*
3. ਸੂਬਾ ਸਿੰਘ, *ਪੰਜਾਬੀ ਪਤਰਕਾਰੀ ਦਾ ਇਤਿਹਾਸ*
4. ਸ਼ਮਸੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*
5. ਸ਼ਮਸੇਰ ਸਿੰਘ ਅਸ਼ੋਕ, *ਪੰਜਾਬੀ ਪੱਤਰਕਲਾ*
6. ਗੰਡਾ ਸਿੰਘ, *ਕੂਕਿਆਂ ਦੀ ਵਿਥਿਆ*
7. ਗੰਡਾ ਸਿੰਘ (ਸੰਪਾ), *ਦ ਸਿੰਘ ਸਭਾ ਐਂਡ ਸੋਸਿਉ-ਰਿਲੀਜੀਅਸ ਮੂਵਮੈਂਟ ਇਨ ਦ ਪੰਜਾਬ*
8. ਤੇਜਵੰਤ ਮਾਨ (ਡਾ.), *ਪੰਚ ਖ਼ਾਲਸਾ ਦੀਵਾਨ ਭਸੌੜ ਦੀ ਪੰਜਾਬੀ ਸਾਹਿਤ ਨੂੰ ਦੇਣ*
9. ਨਰਿੰਦਰ ਸਿੰਘ ਕਪੂਰ (ਡਾ.), *ਪੰਜਾਬੀ ਪੱਤਰਕਾਰੀ ਦਾ ਵਿਕਾਸ*

**ਪਾਠ 1.6** ਲੇਖਕ: ਡਾ.ਸ਼ਿਵ ਕੁਮਾਰ ਗੁਪਤਾ

# ਚੀਫ਼ ਖਾਲਸਾ ਦੀਵਾਨ
## (ਸਿੱਖਿਆ ਤੇ ਰਾਜਸੀ ਖੇਤਰ ਵਿਚ ਯੋਗਦਾਨ)

**ਪਾਠ ਬਣਤਰ:**

**1.6.1 ਉਦੇਸ਼**

**1.6.2 ਭੂਮਿਕਾ**

**1.6.3 ਮੁੱਖ ਉਦੇਸ਼**

**1.6.4 ਚੀਫ ਖਾਲਸਾ ਦੀਵਾਨ ਦੀ ਸਥਾਪਨਾ**

**1.6.5ਵਿਦਿਆ ਦੇ ਖੇਤਰ ਵਿਚ ਪਸਾਰ**

**1.6.6 ਸਮਾਜਿਕ ਤੇ ਧਾਰਮਿਕ ਸੁਧਾਰ**

**1.6.7 ਰਾਜਨੀਤਕ ਗਤੀਵਿਧੀਆਂ**

**1.6.8 ਸਿੱਟਾ**

**1.6.9 ਅਭਿਆਸ ਲਈ ਪ੍ਰਸ਼ਨ**

**1.6.10: ਸਹਾਇਕ ਪੁਸਤਕ ਸੂਚੀ**

**1.6.1 ਉਦੇਸ਼:** ਇਸ ਪਾਠ ਦਾ ਉਦੇਸ਼ ਚੀਫ ਖਾਲਸਾ ਦੀਵਾਨ ਦੀ ਸਥਾਪਨਾ ਅਤੇ ਇਸਦੇ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕਰਨਾ ਹੈ।

**1.6.2 ਭੂਮਿਕਾ:** ਉਨੀਂਵੀਂ ਸ਼ਤਾਬਦੀ ਦੇ ਦੂਜੇ ਅੱਧ ਵਿਚ ਵੱਖ-ਵੱਖ ਧਰਮਾਂ ਵਿਚ ਕਈ ਸਮਾਜਿਕ-ਧਾਰਮਿਕ ਲਹਿਰਾਂ ਦਾ ਜਨਮ ਹੋਇਆ। 1851 ਵਿਚ ਨਿਰੰਕਾਰੀ ਲਹਿਰ, 1862 ਵਿਚ ਨਾਮਧਾਰੀ ਲਹਿਰ, 1869 ਵਿਚ ਅੰਜਮਨਿ ਇਸਲਾਮੀਆ, ਲਾਹੌਰ ਦੀ ਸਥਾਪਨਾ ਹੋਈ। ਹਿੰਦੂਆਂ ਵਿਚ ਸਨਾਤਨ ਧਰਮ ਪ੍ਰਚਾਰਕ ਸਭਾ ਅਤੇ ਆਰੀਆ ਸਮਾਜ ਹੋਂਦ ਵਿਚ ਆਏ। ਇਹਨਾਂ ਸਾਰੀਆਂ ਲਹਿਰਾਂ ਵਿਚੋਂ ਸਿੱਖ ਧਰਮ ਵਿਚ ਉਭਰੀ ਸਿੰਘ ਸਭਾ ਲਹਿਰ ਸਭ ਤੋਂ ਮਹੱਤਵਪੂਰਨ ਤੇ ਚਿਰ ਸਥਾਈ ਸਾਬਤ ਹੋਈ। ਹਿੰਦੂ, ਮੁਸਲਮਾਨ ਅਤੇ ਸਿੱਖਾਂ ਵਿਚ ਇਸ ਲਹਿਰਾਂ ਦਾ ਉਥਾਨ ਮੁੱਖ ਤੌਰ ਤੇ ਈਸਾਈਅਤ ਦੇ ਵੱਧ ਰਹੇ ਪ੍ਰਚਾਰ ਦੀ ਮਾਰ ਤੋਂ ਬਚਾਉਣ ਲਈ ਸੀ। ਪਹਿਲੀ ਸਿੰਘ ਸਭਾ 1873 ਵਿਚ ਅੰਮ੍ਰਿਤਸਰ ਵਿਖੇ ਅਤੇ ਦੂਜੀ ਲਹੌਰ ਵਿਚ

1879 ਵਿਚ ਬਣੀ। ਪ੍ਰੰਤੂ ਦੋਨਾਂ ਲਹਿਰਾਂ ਵਿਚ ਆਪਸੀ ਮੱਤਭੇਦ ਹੋਣ ਕਾਰਨ ਇਹ ਲਹਿਰਾਂ ਸਿੱਖ ਜਗਤ ਵਿਚ ਕੋਈਵਿਸ਼ੇਸ਼ ਸਫ਼ਲਤਾ ਪ੍ਰਾਪਤ ਨਾ ਕਰ ਸਕੀਆਂ। ਇਹਨਾਂ ਹਾਲਾਤ ਵਿਚ ਸਰਦਾਰ ਸੁੰਦਰ ਸਿੰਘ ਮਜੀਠੀਆ ਨੇ ਦੋਨੋਂ ਸਭਾਵਾਂ ਨੂੰ ਇਕ ਕਰਨ ਦੇ ਉਪਰਾਲੇ ਨਾਲ 1902 ਵਿਚ ਇਕ ਸੰਗਠਿਤ ਕੇਂਦਰੀ ਸਭਾ ਬਣਾਈ ਜਿਸ ਨੂੰ ਚੀਫ਼ ਖਾਲਸਾ ਦੀਵਾਨ ਦਾ ਨਾਂ ਦਿੱਤਾ ਗਿਆ। ਇਸ ਸਭਾ ਨੇ ਆਪਣੀਆਂ ਵਿਦਿਅਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿਚ ਪਾਈਆਂ ਸਫ਼ਲਤਾਵਾਂ ਦੇ ਸਦਕੇ ਸਿੱਖ ਮੱਤ ਦੀ ਅਲੱਗ ਪਹਿਚਾਣ ਬਨਾਉਣ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਪੰਜਾਬ ਵਿਚ ਸਿੰਘ ਸਭਾ ਲਹਿਰ ਚੱਲਣ ਦੇ ਕਈ ਕਾਰਣ ਬਣੇ। ਸਿੱਖਾਂ ਦੀਆਂ ਪਹਿਲੀਆਂ ਦੋ ਲਹਿਰਾਂ- ਨਿਰੰਕਾਰੀ ਲਹਿਰ ਅਤੇ ਨਾਮਧਾਰੀ ਲਹਿਰ- ਦਸ ਸਿੱਖ ਗੁਰੂਆਂ ਤੋਂ ਬਾਅਦ ਕਿਸੇ ਹੱਦ ਤੱਕ ਦੇਹਧਾਰੀ ਗੁਰੂ ਦੀ ਹੋਂਦ ਨੂੰ ਮੰਨਦੀਆਂ ਸਨ। ਪ੍ਰੰਤੂ ਖਾਲਸਾ ਪੰਥ ਵਿਚ ਮੁਢੋਂ ਹੀ ਇਸ ਧਾਰਨਾ ਦਾ ਵਿਰੋਧ ਹੁੰਦਾ ਰਿਹਾ। ਦੂਜਾ ਕਾਰਨ ਇਹ ਸੀ ਕਿ ਪੰਜਾਬ ਅੰਗਰੇਜ਼ ਰਾਜ ਦੇ ਅਧੀਨ ਆਉਣ ਉਪਰੰਤ ਈਸਾਈਆਂ ਨੇ ਆਪਣੇ ਧਰਮ ਪ੍ਰਚਾਰ ਦਾ ਅੱਡਾ ਬਣਾ ਲਿਆ। 1849 ਤੋਂ 1857 ਤੱਕ ਉਨ੍ਹਾਂ ਦੇ ਪ੍ਰਚਾਰ ਨੇ ਪੰਜਾਬ ਵਿਚ ਬਹੁਤ ਜ਼ੋਰ ਫੜਿਆ। ਇਥੋਂ ਤੱਕ ਕਿ ਮਹਾਰਾਜ ਦਲੀਪ ਸਿੰਘ ਨੂੰ ਵੀ ਈਸਾਈ ਬਣਾ ਲਿਆ ਗਿਆ। ਪੰਜਾਬ ਵਿਚ ਈਸਾਈਆਂ ਨੇ ਆਪਣੀਆਂ ਵਿਦਿਅਕ ਸੰਸਥਾਵਾਂ ਨੂੰ ਵੀ ਪ੍ਰਚਾਰ ਦੇ ਕੇਂਦਰ ਬਣਾ ਦਿੱਤਾ। 1873 ਵਿਚ ਹੀ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਬਣਨ ਦੀ ਇੱਛਾ ਜਾਹਰ ਕੀਤੀ। ਬਹੁਤ ਮੁਸ਼ਕਲ ਨਾਲ ਉਹਨਾਂ ਨੂੰ ਈਸਾਈ ਮੱਤ ਅਪਨਾਉਣ ਤੋਂ ਰੋਕਿਆ ਗਿਆ। ਸਨਾਤਨ ਧਰਮ ਦੇ ਨੇਤਾ ਸ਼ਰਧਾ ਰਾਮ ਫਿਲੌਰੀ ਦੇ ਭਾਸ਼ਣਾਂ ਨੇ ਵੀ ਸਿੱਖਾਂ ਨੂੰ ਇਹਨਾਂ ਚੁਣੋਤੀਆਂ ਦਾ ਮੁਕਾਬਲਾ ਕਰਨ ਲਈ ਇੱਕ ਅਲੱਗ ਸਭਾ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਲਈ ਜੁਲਾਈ 1873 ਵਿਚ ਕੁਝ ਸਿਰ ਕੱਢ ਸਿੱਖਾਂ ਨੇ ਮਿਲ ਕੇ ਅੰਮ੍ਰਿਤਸਰ ਵਿਖੇ ਇੱਕ ਮੀਟਿੰਗ ਬੁਲਾਈ। ਇਸ ਮੀਟਿੰਗ ਵਿਚ ਪੁਜਾਰੀਆਂ, ਮਹੰਤਾਂ, ਗ੍ਰੰਥੀਆਂ, ਗਿਆਨੀਆਂ ਅਤੇ ਕੁਝ ਮੰਨੇ ਪ੍ਰਮੰਨੇ ਸਰਦਾਰਾਂ ਨੇ ਭਾਗ ਲਿਆ। ਬਾਬਾ ਖੇਮ ਸਿੰਘ ਬੇਦੀ, ਠਾਕਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਅਤੇ ਸਰਦਾਰ ਗਿਆਨ ਸਿੰਘ ਨੇ ਇਸ ਸਭਾ ਨੂੰ ਸਥਾਪਿਤ ਕਰਨ ਵਿਚ ਉਚੇਚਾ ਯੋਗਦਾਨ ਪਾਇਆ। ਸਰਦਾਰ ਠਾਕਰ ਸਿੰਘ ਸੰਧਾਵਾਲੀਆ ਇਸ ਸਭਾ ਦੇ ਪ੍ਰਧਾਨ ਤੇ ਗਿਆਨੀ ਗਿਆਨ ਸਿੰਘ ਸਕੱਤਰ ਥਾਪੇ ਗਏ।

### 1.6.3 ਮੁੱਖ ਉਦੇਸ਼:

ਇਸ ਸਭਾ ਦੇ ਮੁੱਖ ਉਦੇਸ਼ ਸਨ ਸਿੱਖ ਧਰਮ ਵਿਚੋਂ ਕੁਰੀਤੀਆਂ ਨੂੰ ਦੂਰ ਕਰਕੇ ਇਸ ਦੀ ਪਵਿੱਤਰਤਾ ਨੂੰ ਮੁੜ ਬਹਾਲ ਕਰਨਾ, ਸਿੱਖ ਇਤਿਹਾਸ ਅਤੇ ਧਰਮ ਸਬੰਧੀ ਪੁਸਤਕਾਂ ਅਤੇ ਮੈਗਜ਼ੀਨ ਛਾਪਣੇ, ਪੰਜਾਬੀ ਭਾਸ਼ਾ ਵਿਚ ਗਿਆਨ ਦੇਣਾ, ਪਤਿਤ ਸਿੱਖਾਂ ਨੂੰ ਮੁੜ ਸਿੱਖ ਮੱਤ ਵਿਚ ਆਉਣ ਲਈ ਪ੍ਰੇਰਣਾ, ਕੁਝ ਅੰਗਰੇਜ਼ ਅਧਿਕਾਰੀਆਂ ਨੂੰ ਸਿੱਖਾਂ ਦੇ ਵਿਦਿਅਕ ਪ੍ਰੋਗਰਾਮ ਵਿਚ ਸਹਿਯੋਗ ਦੇਣ ਲਈ ਜੋੜਨਾ।

ਸਿੰਘ ਸਭਾ ਅੰਮ੍ਰਿਤਸਰ ਨੇ ਜਲਦੀ ਹੀ ਆਪਣੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਕੰਮ ਅਰੰਭਿਆ। ਸਭਾ ਨੇ ਇਕ ਜੰਤਰੀ ਤਿਆਰ ਕੀਤੀ ਜਿਸ ਵਿਚ ਸਿੱਖ ਗੁਰੂਆਂ ਦੇ ਸਹੀ ਪ੍ਰਕਾਸ਼ ਅਤੇ ਜੋਤੀ-ਜੋਤ ਸਮਾਉਣ ਦੀਆਂ ਮਿਤੀਆਂ ਦਿੱਤੀਆਂ ਗਈਆਂ। ਸਭਾ ਨੇ ਬਹੁਤ ਸਾਰੇ ਟਰੈਕਟ ਅਤੇ ਕਿਤਾਬਾਂ ਛਾਪਣੀਆਂ ਸ਼ੁਰੂ ਕੀਤੀਆਂ। ਪੰਜਾਬੀ ਵਿਚ ਲੋਕ ਪ੍ਰਥਾ ਬਨਾਉਣ ਲਈ '**ਖਾਲਸਾ ਟ੍ਰੈਕਟ ਸੁਸਾਇਟੀ**' ਬਣਾਈ ਗਈ। ਸਿੱਖ ਇਤਿਹਾਸ ਦੀ ਖੋਜ ਵੀ ਨਾਲ ਹੀ ਸ਼ੁਰੂ ਕੀਤੀ ਗਈ।ਸਿੱਖ ਜਗਤ ਵਿਚ ਜਾਗ੍ਰਤੀ ਆਉਣ ਲੱਗੀ। 1877 **ਉਰੀਐਂਟਲ ਕਾਲਜ**, ਲਾਹੌਰ ਵਿਖੇ, ਸਭਾ ਵਲੋਂ ਕੀਤੀਆਂ ਕੋਸ਼ਿਸ਼ਾਂ ਦੇ ਕਾਰਣ, ਪੰਜਾਬੀ ਦਾ ਪੜ੍ਹਾਉਣਾ ਆਰੰਭ ਹੋਇਆ। ਇਸ ਤਰ੍ਹਾਂ ਸਿੰਘ ਸਭਾ ਅੰਮ੍ਰਿਤਸਰ ਦੇ ਬਣਨ ਸਦਕਾ ਸਿੱਖ ਧਰਮ ਗਿਰਾਵਟ ਵੱਲ ਜਾਣ ਤੋਂ ਰੁਕਿਆ। ਇਸ ਸਭਾ ਨੇ ਸਿੱਖਾਂ ਵਿਚ ਪੁਰਾਣੀਆਂ ਸਿੱਖ ਕਦਰਾਂ ਕੀਮਤਾਂ ਦਾ

ਪ੍ਰਚਾਰ ਕੀਤਾ। ਇਸ ਤਰ੍ਹਾਂ ਇਹ ਸਭਾ ਕੁਝ ਪੜ੍ਹੇ ਲਿਖੇ ਤਬਕੇ ਖਾਸ ਤੌਰ ਤੇ ਸ਼ਹਿਰਾਂ ਵਿਚ ਲੋਕ ਪ੍ਰਿਯ ਹੋਈ। ਪ੍ਰੰਤੂ ਪਿੰਡਾਂ ਵਿਚ ਰਹਿਣ ਵਾਲੇ ਪੁਰਾਣੇ ਵਿਚਾਰਾਂ ਦੇ ਲੋਕ ਸਿੰਘ ਸਭਾ ਅੰਮ੍ਰਿਤਸਰ ਦੀਆਂ ਇਹਨਾਂ ਸਫ਼ਲਤਾਵਾਂ ਦਾ ਮੁੱਲ ਨਾ ਪਹਿਚਾਣ ਸਕੇ। ਜਲਦੀ ਹੀ ਅੰਮ੍ਰਿਤਸਰ ਸਿੰਘ ਸਭਾ ਦੇ ਨੇਤਾਵਾਂ ਵਿਚ ਮੱਤਭੇਦ ਪੈਦਾ ਹੋ ਗਏ। ਇਸ ਦਾ ਬੁਨਿਆਦੀ ਕਾਰਨ ਬਾਬਾ ਪ੍ਰੇਮ ਸਿੰਘ ਬੇਦੀ ਵਲੋਂ ਆਪਣੇ ਆਪ ਨੂੰ ਗੁਰੂ ਸਮਝਣਾ ਅਤੇ ਦੇਹਧਾਰੀ ਗੁਰੂ ਵਿਚ ਵਿਸ਼ਵਾਸ਼ ਜਿਤਾਉਣਾ ਸੀ। ਵਧੇਰੇ ਕਰਕੇ ਸਿੱਖ ਉਹਨਾਂ ਦੇ ਇਹਨਾਂ ਵਿਚਾਰਾਂ ਦੇ ਵਿਰੋਧੀ ਹੋ ਗਏ।

1879 ਵਿਚ ਪ੍ਰੋਫੈਸਰ ਗੁਰਮੁੱਖ ਸਿੰਘ ਨੇ ਲਾਹੌਰ ਵਿਖੇ ਇਕ ਹੋਰ ਸਿੰਘ ਸਭਾ ਦੀ ਸਥਾਪਨਾ ਕੀਤੀ। ਇਸ ਸਭਾ ਨੇ ਆਪਣੇ ਉਦੇਸ਼ ਲੱਗਭਗ ਅੰਮ੍ਰਿਤਸਰ ਸਭਾ ਵਾਲੇ ਹੀ ਅਪਣਾਏ। ਇਸ ਸਭਾ ਨੇ ਸਿੱਖ ਧਰਮ ਵਿਚ ਬਾਹਰੀ ਦਖ਼ਲ ਨੂੰ ਰੋਕਣ ਲਈ ਅਤੇ ਸਿੱਖ ਧਰਮ ਵਿਚ ਉਹਨਾਂ ਬੁਰਾਈਆਂ ਨੂੰ ਦੂਰ ਕਰਨ ਲਈ, ਜਿਹੜੀਆਂ ਸਿੱਖ ਮੱਤ ਦੀ ਤਰੱਕੀ ਵਿਚ ਰੁਕਾਵਟਾਂ ਬਣਦੀਆਂ ਸਨ, ਕੰਮ ਕੀਤਾ। ਇਸ ਤੋਂ ਇਲਾਵਾ ਸਿੱਖਾਂ ਵਿਚ ਆਪਣੇ ਮੱਤ ਲਈ ਪਿਆਰ ਉਜਾਗਰ ਕਰਨਾ, ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦੀ ਠੀਕ ਵਿਆਖਿਆ ਕਰਨਾ, ਸਿੱਖ ਧਰਮ ਦੇ ਸੱਚੇ ਨਿਯਮਾਂ ਦਾ ਪਾਲਣ ਕਰਨਾ ਅਤੇ ਝੂਠੇ ਵਿਚਾਰਾਂ ਦਾ ਖੰਡਨ ਕਰਨਾ ਇਸ ਸਭਾ ਦੇ ਵਿਸ਼ੇਸ਼ ਉਪਰਾਲੇ ਰਹੇ।

ਲਾਹੌਰ ਸਿੰਘ ਸਭਾ ਨਾਲ ਜੁੜੇ ਸਿੱਖਾਂ ਦੀ ਵੱਖਰੀ ਹੀ ਸੋਚ ਸੀ। ਇਸ ਸਭਾ ਦੇ ਮੈਂਬਰ ਭਿੰਨ ਭਿੰਨ ਜਾਤੀਆਂ, ਜਮਾਤਾਂ, ਵਕੀਲ, ਅਧਿਆਪਕ, ਵਪਾਰੀ ਅਤੇ ਅਧਿਕਾਰੀ ਵਰਗ ਵਿਚੋਂ ਸਨ।ਇਸ ਸਭਾ ਦੀਆਂ ਕਈ ਹੋਰ ਬ੍ਰਾਂਚਾਂ ਰਾਵਲਪਿੰਡੀ, ਪਿਸ਼ਾਵਰ, ਬੰਨੂੰ, ਕੋਹਾਟ, ਜਲੰਧਰ, ਗੁਜਰਾਂਵਾਲਾ ਅਤੇ ਮੁਲਤਾਨ ਵਿਖੇ ਸਥਾਪਤ ਹੋਈਆਂ।

ਸਿੰਘ ਸਭਾ ਲਾਹੌਰ ਨੇ ਲੜਕੇ ਲੜਕੀਆਂ ਦੇ ਸਕੂਲ ਖੋਲ ਕੇ ਬਹੁਤ ਲਾਹੇਵੰਦ ਕੰਮ ਕੀਤਾ। ਸਭਾ ਨੇ ਇਕ ਵਿਦਿਅਕ ਕਮੇਟੀ ਦਾ ਗਠਨ ਵੀ ਕੀਤਾ। ਲਾਹੌਰ ਸਿੰਘ ਸਭਾ ਵਧੇਰੇ ਲੋਕਤੰਤਰੀ ਸੀ ਅਤੇ ਅਛੂਤ ਵਰਗ ਨੂੰ ਆਪਣਾ ਮੈਂਬਰ ਬਨਾਉਣ ਦੇ ਹੱਕ ਵਿੱਚ ਸੀ। ਇਸ ਸਭਾ ਦਾ ਸਿੱਖ ਧਰਮ ਵਿਚ ਸੁਧਾਰ ਕਰਨ ਦਾ ਪ੍ਰੋਗਰਾਮ ਅੰਮ੍ਰਿਤਸਰ ਸਭਾ ਦੇ ਕੁਝ ਮੈਂਬਰਾਂ ਦੀ ਸੋਚ ਤੋਂ ਵੱਖਰਾ ਸੀ। ਫਿਰ ਵੀ ਦੋਨੋਂ ਸਭਾਵਾਂ ਨੇ ਆਪਸ ਵਿਚ ਮਿਲਕੇ ਕੰਮ ਕਰਨ ਵਿਚ ਹੀ ਸਿੱਖ ਧਰਮ ਦਾ ਭਲਾ ਸਮਝਿਆ। 11 ਅਪ੍ਰੈਲ 1880 ਨੂੰ ਲਾਹੌਰ ਅਤੇ ਅੰਮ੍ਰਿਤਸਰ ਸਿੰਘ ਸਭਾਵਾਂ ਇਕੱਠੀਆਂ ਹੋਈਆਂ ਅਤੇ ਉਸ ਦਾ ਇਕ ਨਾਉਂ ਸ੍ਰੀ ਗੁਰੂ ਸਿੰਘ ਸਭਾ ਜਨਰਲ ਰੱਖਿਆ ਗਿਆ। ਹੁਣ ਦੋਨਾਂ ਸਭਾਵਾਂ ਨੇ ਜ਼ੋਰ-ਸ਼ੋਰ ਨਾਲ ਸਿੱਖ ਧਰਮ ਦੇ ਸੁਧਾਰ ਲਈ ਕੰਮ ਕਰਨਾ ਸ਼ੁਰੂ ਕੀਤਾ। 10 ਨਵੰਬਰ 1880 ਤੋਂ ਗੁਰਮੁੱਖੀ ਹਫ਼ਤਾਵਾਰੀ ਅਖ਼ਬਾਰ ਨਿਕਲਣਾ ਸ਼ੁਰੂ ਹੋਇਆ। ਪ੍ਰੋਫੈਸਰ ਗੁਰਮੁੱਖ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਥਾਂ-ਥਾਂ ਜਾ ਕੇ ਸਿੰਘ ਸਭਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਖਾਲਸਾ ਸਕੂਲ ਖੋਲ੍ਹਣ ਅਤੇ ਪੰਜਾਬੀ ਦੀ ਪੜ੍ਹਾਈ ਦੇ ਵਾਧੇ ਲਈ ਪ੍ਰਚਾਰ ਤੇ ਉਤਸ਼ਾਹ ਵਧਣ ਲੱਗਾ। ਇਸ ਕੰਮ ਨੂੰ ਪੂਰਾ ਕਰਨ ਲਈ 1883 ਵਿਚ ''ਖਾਲਸਾ ਦੀਵਾਨ'' ਦੀ ਸਥਾਪਨਾ ਹੋਈ। ਸਰਦਾਰ ਬਿਕਰਮ ਸਿੰਘ, ਫਰੀਦਕੋਟ ਇਸ ਦੇ ਸਰਪ੍ਰਸਤ ਸਨ। ਇਸ ਦੀਵਾਨ ਦਾ ਮੁੱਖ ਕੰਮ ਸਿੰਘ ਸਭਾਵਾਂ ਵਿਚ ਆਪਸੀ ਮੱਤਭੇਦਾਂ ਨੂੰ ਦੂਰ ਕਰਨਾ ਸੀ। ਪ੍ਰੰਤੂ ਦੀਵਾਨ ਨੂੰ ਇਸ ਕੰਮ ਵਿਚ ਸਫ਼ਲਤਾ ਨਾ ਮਿਲੀ। 1886 ਵਿਚ ਲਾਹੌਰ ਸਿੰਘ ਸਭਾ ਨੇ ਵੀ ਆਪਣਾ ਲਾਹੌਰ ਖਾਲਸਾ ਦੀਵਾਨ ਬਣਾ ਲਿਆ। ਇਸ ਦਾ ਸਰਪ੍ਰਸਤ ਨਾਭੇ ਦਾ ਰਾਜਾ ਸੀ। ਸਰਦਾਰ ਅਤਰ ਸਿੰਘ ਇਸ ਦਾ ਪ੍ਰਧਾਨ, ਭਾਈ ਗੁਰਮੁੱਖ ਸਿੰਘ, ਸਕੱਤਰ ਸੀ।

### 1.6.4 ਚੀਫ਼ ਖਾਲਸਾ ਦੀਵਾਨ ਦੀ ਸਥਾਪਨਾ

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੇ ਖਾਲਸਾ ਦੀਵਾਨਾਂ ਵਿਚ ਆਪਸੀ ਮੱਤਭੇਦ ਬਣੇ ਰਹੇ ਪ੍ਰੰਤੂ ਦੋਨਾਂ ਸਭਾਵਾਂ ਨੇ 1892 ਵਿਚ ਖਾਲਸਾ ਕਾਲਜ ਬਣਨ ਦੀ ਮੁਹਿੰਮ ਵਿਚ ਇਕ ਦੂਜੇ ਦਾ ਭਲੀ ਭਾਂਤੀ

ਸਹਿਯੋਗ ਕੀਤਾ। ਖਾਲਸਾ ਕਾਲਜ ਬਨਾਉਣ ਵਿਚ ਸਫ਼ਲਤਾ ਪ੍ਰਾਪਤ ਕਰਨ ਉਪਰੰਤ ਦੋਨੋਂ ਧੜਿਆਂ ਨੇ ਮਹਿਸੂਸ ਕੀਤਾ ਕਿ ਸਿੱਖ ਧਰਮ ਦੀ ਉਨਤੀ ਲਈ ਉਹਨਾਂ ਨੂੰ ਆਪਣੇ ਮੱਤਭੇਦ ਖ਼ਤਮ ਕਰਕੇ ਇਕੱਠੇ ਹੋ ਕੇ ਕੰਮ ਕਰਨ ਦੀ ਜ਼ਰੂਰਤ ਹੈ। ਇਸ ਸੋਚ ਅਧੀਨ ਹੀ 30 ਅਕਤੂਬਰ 1902 ਨੂੰ ਚੀਫ਼ ਖਾਲਸਾ ਦੀਵਾਨ ਹੋਂਦ ਵਿਚ ਆਇਆ। ਇਸ ਦੀ ਸਥਾਪਨਾ ਨਾਲ ਸਿੰਘ ਸਭਾ ਅੰਦੋਲਨ ਇਕ ਨਵੇਂ ਪੜਾਉ ਵਿਚ ਦਾਖ਼ਲ ਹੋਇਆ। ਸ਼ੁਰੂ ਵਿਚ ਕੇਵਲ 29 ਸਿੰਘ ਸਭਾਵਾਂ ਹੀ ਇਸ ਦੀਆਂ ਮੈਂਬਰ ਬਣੀਆਂ। 47 ਹੋਰ ਮੈਂਬਰ ਵੀ ਚੁਣੇ ਗਏ। ਇਹਨਾਂ ਮੈਂਬਰਾਂ ਵਿਚੋਂ ਭਾਈ ਅਰਜਨ ਸਿੰਘ ਬਾਗੜੀਆ, ਪ੍ਰਧਾਨ, ਸਰਦਾਰ ਸੁੰਦਰ ਸਿੰਘ ਮਜੀਠੀਆ, ਸਕੱਤਰ ਚੁਣੇ ਗਏ। 18 ਹੋਰ ਮੈਂਬਰ ਚੁਣ ਕੇ ਇਕ ਕਾਰਜਸਾਧਕ ਕਮੇਟੀ ਬਣਾਈ ਗਈ। ਚੀਫ਼ ਖਾਲਸਾ ਦੀਵਾਨ ਨੂੰ 9 ਜੁਲਾਈ, 1904 ਨੂੰ 1860 ਦੇ ਐਕਟ 21 ਅਨੁਸਾਰ ਰਜਿਸਟਰਡ ਕਰਵਾਇਆ ਗਿਆ। ਚੀਫ਼ ਖਾਲਸਾ ਦੀਵਾਨ ਦੇ ਮੈਂਬਰ ਬਣਨ ਲਈ ਪੜ੍ਹਨਾ, ਲਿਖਣਾ ਆਉਣਾ ਜ਼ਰੂਰੀ ਸੀ। ਹਰ ਮੈਂਬਰ ਨੂੰ ਆਪਣੀ ਆਮਦਨ ਦਾ 1/10 ਹਿੱਸਾ ਹਰ ਮਹੀਨੇ ਚੀਫ਼ ਖਾਲਸਾ ਦੀਵਾਨ ਦੇ ਫੰਡ ਵਿਚ ਦੇਣਾ ਹੁੰਦਾ ਸੀ। ਇਸ ਸੰਸਥਾ ਦੇ ਹੇਠ ਲਿਖੇ ਉਦੇਸ਼ ਸਨ:

1. ਸਿੱਖਾਂ ਦੀ ਅਧਿਆਤਮਕ, ਸਮਾਜਿਕ, ਨੈਤਿਕ ਅਤੇ ਆਰਥਿਕ ਖੇਤਰ ਵਿਚ ਉਨਤੀ ਲਈ ਯਤਨ ਕਰਨਾ।
2. ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਸਹੀ ਪ੍ਰਚਾਰ ਕਰਨਾ।
3. ਅਨਪੜ੍ਹਤਾ ਨੂੰ ਦੂਰ ਕਰਨਾ ਤੇ ਵਿਦਿਆ ਦਾ ਬਿਨਾਂ ਕਿਸੇ ਭੇਦਭਾਵ ਦੇ ਪ੍ਰਸਾਰ ਕਰਨਾ।
4. ਸਿੱਖਾਂ ਦੇ ਰਾਜਨੀਤਕ ਹੱਕਾਂ ਦੀ ਰਾਖੀ ਕਰਨਾ ਅਤੇ ਉਹਨਾਂ ਦੀਆਂ ਮੰਗਾਂ ਸੰਵਿਧਾਨਿਕ ਤਰੀਕਿਆਂ ਰਾਹੀਂ ਸਰਕਾਰ ਤੋਂ ਸਵੀਕਾਰ ਕਰਵਾਉਣਾ।

ਚੀਫ਼ ਖਾਲਸਾ ਦੀਵਾਨ ਨੇ ਉਪਰੋਕਤ ਉਦੇਸ਼ਾਂ ਦੀ ਪੂਰਤੀ ਦੇ ਨਾਲ-ਨਾਲ ਧਾਰਮਿਕ ਪ੍ਰਚਾਰ ਕਰਨਾ ਅਤੇ ਸਿੱਖਾਂ ਨੂੰ ਆਪਣੇ ਧਰਮ ਦੀ ਪਹਿਚਾਣ ਕਰਵਾਉਣਾ ਸੀ।

ਚੀਫ਼ ਖਾਲਸਾ ਦੀਵਾਨ ਬਣਨ ਨਾਲ ਸਿੱਖਾਂ ਦੀ ਅਗਵਾਈ ਪੜ੍ਹੇ ਲਿਖੇ ਲੋਕਾਂ ਦੇ ਹੱਥਾਂ ਵਿਚ ਆ ਗਈ ਜਿਨ੍ਹਾਂ ਨੇ ਇਸ ਸੰਸਥਾ ਨੂੰ ਭਲੀ-ਭਾਂਤ ਚਲਾਉਣ ਲਈ ਇਕ ਸੰਵਿਧਾਨ ਤਿਆਰ ਕਰਨਾ ਅਤਿਅੰਤ ਜ਼ਰੂਰੀ ਸਮਝਿਆ। ਸੰਵਿਧਾਨ ਅਨੁਸਾਰ ਚੀਫ਼ ਖਾਲਸਾ ਦੀਵਾਨ ਦੇ ਕੰਮ-ਕਾਜ ਨੂੰ ਚਲਾਉਣ ਲਈ ਪੰਜ ਕਮੇਟੀਆਂ ਬਣਾਈਆਂ ਗਈਆਂ। ਜਨਰਲ ਕਮੇਟੀ, ਕਾਰਜਕਾਰਨੀ ਕਮੇਟੀ, ਵਿੱਤ ਕਮੇਟੀ, ਸਲਾਹਕਾਰ ਕਮੇਟੀ, ਆਜੀਵਨ ਮੈਂਬਰ ਕਮੇਟੀ। ਇਸਦਾ ਸੰਵਿਧਾਨ ਲਚਕੀਲਾ ਸੀ ਅਤੇ ਇਸ ਵਿਚ ਆਸਾਨੀ ਨਾਲ ਸੋਧ ਕੀਤੀ ਜਾ ਸਕਦੀ ਸੀ। ਚੀਫ਼ ਖਾਲਸਾ ਦੀਵਾਨ ਹੁਣ ਸਿੱਖਾਂ ਦੀ ਇਕੋ-ਇੱਕ ਪ੍ਰਤੀਨਿਧੀ ਸੰਸਥਾ ਸੀ ਜਿਸ ਵਿਚ ਗੁਰਦਵਾਰਿਆਂ, ਤਖ਼ਤਾਂ, ਸਿੰਘ ਸਭਾਵਾਂ, ਸਿੱਖ ਜੈਂਟਰੀ, ਸੈਨਿਕ ਅਫ਼ਸਰਾਂ ਅਤੇ ਖਾਲਸਾ ਪੰਥ ਦੇ ਸੁਭਚਿੰਤਕਾਂ ਅਤੇ ਸਿੱਖ ਗਰੈਜੂਏਟਸ ਦੇ ਪ੍ਰਤੀਨਿਧ ਮੈਂਬਰ ਸਨ। ਇਸ ਦੇ ਆਪਣੇ ਵਿੱਤੀ ਸਾਧਨ ਸਨ। ਅੰਗਰੇਜ਼ ਸਰਕਾਰ ਵੀ ਇਸ ਨੂੰ ਸਿੱਖਾਂ ਦੀ ਇਕੋ-ਇਕ ਪ੍ਰਤੀਨਿਧ ਸੰਸਥਾ ਸਵੀਕਾਰ ਕਰਦੀ ਸੀ ਅਤੇ ਜ਼ਰੂਰਤ ਪੈਣ ਤੇ ਇਸ ਦੇ ਪ੍ਰਤੀਨਿਧੀਆਂ ਨੂੰ ਭਿੰਨ-ਭਿੰਨ ਮਸਲਿਆਂ ਬਾਰੇ ਵਿਚਾਰ ਕਰਨ ਲਈ ਸੱਦਾ ਦਿੰਦੀ ਸੀ।

ਪ੍ਰੰਤੂ ਚੀਫ਼ ਖਾਲਸਾ ਦੀਵਾਨ ਦੇ ਮੈਂਬਰਾਂ ਵਿਚ ਜਲਦੀ ਹੀ ਮੱਤਭੇਦ ਪੈਦਾ ਹੋ ਗਿਆ। 1907 ਵਿਚ ''ਪੰਚ ਖਾਲਸਾ'' ਦੀਵਾਨ ਹੋਂਦ ਵਿਚ ਆਇਆ ਜਿਸ ਦਾ ਮੁੱਖ ਦਫ਼ਤਰ ਭਸੌੜ ਸੀ। ਪੰਚ ਖਾਲਸਾ ਦੀਵਾਨ ਦੇ ਨੇਤਾ ਚੀਫ਼ ਖਾਲਸਾ ਦੀਵਾਨ ਦੇ ਨੇਤਾਵਾਂ ਨੂੰ ''ਨਰਮ ਦਲੀਏ'' ਦੱਸਦੇ ਹਨ ਜਦ ਕਿ ਚੀਫ਼ ਖਾਲਸਾ ਦੀਵਾਨ ਦੇ ਨੇਤਾ 'ਪੰਚ ਖਾਲਸਾ' ਦੀਵਾਨ ਨੂੰ 'ਹਠ ਧਰਮੀ' ਦੱਸਦੇ ਸਨ। ਇਥੇ ਹੀ ਬੱਸ ਨਹੀਂ

1909 ਵਿਚ ਇਹਨਾਂ ਦੋ ਸੰਸਥਾਵਾਂ ਤੋਂ ਇਲਾਵਾ ਇਕ ''ਕੇਂਦਰੀ ਖਾਲਸਾ ਦੀਵਾਨ'' ਹੋਂਦ ਵਿਚ ਆਇਆ, ਜਿਸ ਦਾ ਮੁੱਖ ਕੇਂਦਰ ਬਾਗੜੀਆ ਸੀ। ਪ੍ਰੰਤੂ ਇਹ ਜ਼ਿਆਦਾ ਦੇਰ ਨਾ ਚਲ ਸਕਿਆ। ਚੀਫ਼ ਖਾਲਸਾ ਦੀਵਾਨ ਦੇ ਮੈਂਬਰ ਵਧੇਰੇ ਕਰਕੇ ਉੱਚ ਪਰਿਵਾਰਾਂ ਵਿਚੋਂ ਆਉਂਦੇ ਸਨ। ਉਹ ਆਮ ਲੋਕਾਂ ਅਤੇ ਖਾਸ ਤੌਰ ਤੇ ਮੱਧ ਵਰਗ ਦੀਆਂ ਉਮੀਦਾਂ ਤੇ ਪੂਰਾ ਨਾ ਉਤਰ ਸਕੇ। ਇਹਨਾਂ ਕੁਝ ਕਾਰਨਾਂ ਕਰਕੇ ਚੀਫ਼ ਖਾਲਸਾ ਦੀਵਾਨ ਦਾ ਕੰਮ ਕੁਝ ਢਿੱਲਾ ਪੈ ਗਿਆ। ਪ੍ਰੰਤੂ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਪੰਥ ਵਿਚ ਏਕਤਾ ਲਿਆਉਣ ਲਈ, ਸਿੱਖ ਪੰਥ ਦਾ ਸੰਦੇਸ਼ ਦੂਰ ਦੂਰ ਤੱਕ ਪਹੁੰਚਾਉਣ ਵਿਚ, ਸਿੱਖਿਆ ਦੇ ਖੇਤਰ ਵਿਚ ਭਾਰੀ ਯੋਗਦਾਨ ਪਾਉਣ ਵਿਚ, ਸਮਾਜਿਕ ਚੇਤਨਤਾ ਤੇ ਉਥਾਨ ਕਰਨ ਵਿਚ, ਸਿੱਖਾਂ ਦੀ ਧਾਰਮਿਕ ਪਹਿਚਾਣ ਬਨਾਉਣ ਵਿਚ ਅਤੇ ਉਹਨਾਂ ਨੂੰ ਰਾਜਨੀਤਕ ਅਤੇ ਸੰਵਿਧਾਨਿਕ ਹੱਕ ਦਿਵਾਉਣ ਵਿਚ ਇਸ ਦੀਵਾਨ ਨੇ ਭਾਰੀ ਯੋਗਦਾਨ ਪਾਇਆ।

### 1.6.5 ਵਿੱਦਿਆ ਦੇ ਖੇਤਰ ਵਿਚ ਪਸਾਰ :

ਚੀਫ਼ ਖਾਲਸਾ ਦੀਵਾਨ ਨੇ ਵਿਦਿਆ ਦੇ ਖੇਤਰ ਵਿਚ ਬਹੁਤ ਫੈਲਾਉ ਕੀਤਾ। ਇਸ ਖੇਤਰ ਵਿਚ ਬਾਬਾ ਖੇਮ ਸਿੰਘ ਬੇਦੀ ਅਤੇ ਭਾਈ ਤਖ਼ਤ ਸਿੰਘ ਨੇ ਪਹਿਲਾਂ ਹੀ ਕਾਫ਼ੀ ਕੰਮ ਕੀਤਾ ਸੀ। ਵੱਖਰੀਆਂ ਵੱਖਰੀਆਂ ਸਿੰਘ ਸਭਾਵਾਂ ਨੇ ਵੀ ਆਪਣਾ ਯੋਗਦਾਨ ਪਾਇਆ। ਪ੍ਰੰਤੂ ਚੀਫ਼ ਖਾਲਸਾ ਦੀਵਾਨ ਅਧੀਨ ਸਿੱਖਿਆ ਦਾ ਯੋਜਨਾਬੱਧ ਪ੍ਰਸਾਰ ਹੋਇਆ। ਇਸ ਦੀ ਸਭ ਤੋਂ ਵੱਡੀ ਸਫ਼ਲਤਾ ਸਿੱਖ ਐਜੂਕੇਸ਼ਨ ਕਾਨਫਰੰਸ ਸੀ। 1907 ਵਿਚ ਜਦ ਚੀਫ਼ ਖਾਲਸਾ ਦੀਵਾਨ ਦਾ ਇਕ ਜਥਾ ਸਿੰਧ ਵਿਚ ਧਰਮ ਪ੍ਰਚਾਰ ਕਰਨ ਗਿਆ ਤਾਂ ਉਹਨਾਂ ਦਿਨਾਂ ਵਿਚ ਕਰਾਚੀ ਵਿਚ ਮੁਸਲਮਾਨਾਂ ਦੀ ਵਿਦਿਅਕ ਕਾਨਫਰੰਸ ਹੋ ਰਹੀ ਸੀ। ਇਸ ਕਾਨਫਰੰਸ ਨੂੰ ਵੇਖ ਕੇ ਸਿੱਖ ਨੇਤਾਵਾਂ ਦੇ ਮਨਾਂ ਵਿਚ ਅਜਿਹੀ ਹੀ ਇਕ ਸਿੱਖ ਕਾਨਫਰੰਸ ਕਰਨ ਲਈ ਉਤਸ਼ਾਹ ਜਾਗਿਆ। ਦੂਜੇ, 1907-08 ਵਿਚ ਦੇਸ਼ ਵਿਚ ਹਲਚਲ ਹੋਣ ਕਾਰਨ ਖਾਲਸਾ ਕਾਲਜ, ਅੰਮ੍ਰਿਤਸਰ ਦਾ ਪ੍ਰਬੰਧ ਸਰਕਾਰ ਪਾਸ ਚਲਾ ਗਿਆ ਸੀ। ਇਸ ਲਈ ''ਸਿੱਖ ਐਜੂਕੇਸ਼ਨ ਕਾਨਫਰੰਸ'' ਸ਼ੁਰੂ ਕਰਨ ਦਾ ਖਿਆਲ ਚੀਫ਼ ਖਾਲਸਾ ਦੀਵਾਨ ਦੇ ਨੇਤਾਵਾਂ ਵਿਚ ਹੋਰ ਵੀ ਦ੍ਰਿੜ ਹੋ ਗਿਆ। 19 ਜਨਵਰੀ 1908 ਨੂੰ ਇਕ ਭਾਰੀ ਸਿੱਖ ਇਕੱਤਰਤਾ ਸੱਦ ਕੇ ਇਸ ਦੀ ਨੀਂਹ ਰੱਖੀ ਗਈ ਅਤੇ ਪਹਿਲੀ ਸਿੱਖ ਕਾਨਫਰੰਸ ਗੁਜਰਾਂਵਾਲਾ ਵਿਖੇ ਹੋਈ। ਇਸ ਤੋਂ ਬਾਅਦ ਇਸ ਦੇ ਇਜਾਲਾਸ ਹਰ ਵਰ੍ਹੇ ਹੋਣ ਲੱਗੇ। ਰਾਜਨੀਤੀ ਨੂੰ ਇਸ ਕਾਨਫਰੰਸ ਤੋਂ ਅਲੱਗ ਰੱਖਿਆ ਗਿਆ। ਇਸ ਕਾਨਫਰੰਸ ਅਧੀਨ ਚੰਗੀ ਤੋਂ ਚੰਗੀ ਪੱਛਮੀ ਅਤੇ ਦੇਸੀ ਭਾਸ਼ਾਵਾਂ ਵਿਚ ਸਿੱਖਿਆ ਦੇਣ ਦਾ ਅਤੇ ਨਾਲ ਹੀ ਧਾਰਮਿਕ ਅਤੇ ਅਧਿਆਤਮਿਕ ਸਿਖਿਆ ਦੇਣ ਦਾ ਪ੍ਰੋਗਰਾਮ ਉਲੀਕਿਆ।

ਚੀਫ਼ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਦੇ ਕੰਮ ਇਹ ਸਨ :

1. ਵਿੱਦਿਆ ਦਾ ਪ੍ਰਸਾਰ ਕਰਨ ਲਈ ਕਾਨਫਰੰਸਾਂ ਕਰਨੀਆਂ, ਸਕੂਲ ਖੋਲ੍ਹਣੇ, ਮੁੱਢਲੀ ਵਿਦਿਆ ਲਈ ਚੰਦਾ ਇਕੱਠਾ ਕਰਨਾ।
2. ਧਾਰਮਿਕ ਵਿਦਿਆ ਦੇ ਸੰਦਰਭ ਵਿਚ ਧਰਮ ਪੋਥੀਆਂ ਤਿਆਰ ਕਰਵਾਉਣੀਆਂ, ਵਜ਼ੀਫ਼ੇ ਦੇਣੇ, ਅੰਮ੍ਰਿਤ ਪ੍ਰਚਾਰ ਕਰਨਾ, ਧਾਰਮਿਕ ਕੀਰਤਨ ਅਤੇ ਦੀਵਾਨ ਆਯੋਜਿਤ ਕਰਨੇ।
3. ਪੰਜਾਬੀ ਦਾ ਪ੍ਰਚਾਰ ਕਰਨ ਲਈ ਪੁਸਤਕਾਂ ਤਿਆਰ ਕਰਵਾਉਣੀਆਂ, ਯੂਨੀਵਰਸਿਟੀਆਂ, ਸਕੂਲਾਂ, ਪੜ੍ਹਾਈ ਦੀ ਹਰ ਸਕੀਮ ਵਿਚ, ਕਚਹਿਰੀਆਂ, ਡਾਕਖਾਨਿਆਂ, ਰੇਲਾਂ ਆਦਿ ਸਭ ਥਾਂ ਪੰਜਾਬੀ ਨੂੰ ਯੋਗ ਥਾਂ ਦਿਵਾਉਣੀ

4. ਮਹਿਕਮਾ ਸਿੱਖਿਆ ਵਿਚ ਸਿੱਖ ਹੱਕਾਂ ਦੀ ਰਾਖੀ।

5. ਅਛੂਤ ਸੁਧਾਰ ਕਰਨਾ।

ਚੀਫ਼ ਖਾਲਸਾ ਦੀਵਾਨ ਦੀਆਂ ਕੋਸ਼ਿਸ਼ਾਂ ਦੇ ਸਦਕਾ 1920 ਤੱਕ 200 ਦੇ ਲਗਭਗ ਖਾਲਸਾ ਪ੍ਰਾਇਮਰੀ ਸਕੂਲ ਖੁੱਲ੍ਹ ਗਏ। 1944 ਤੱਕ ਇਹਨਾਂ ਦੀ ਗਿਣਤੀ 300 ਹੋ ਗਈ। ਦੀਵਾਨ ਨੇ ਫੈਸਲਾ ਲਿਆ ਕਿ 6 ਤੋਂ 14 ਸਾਲ ਤੱਕ ਦੇ ਬੱਚਿਆਂ ਲਈ ਸਿੱਖਿਆ ਲਾਜ਼ਮੀ ਕੀਤੀ ਜਾਵੇ। 1914 ਤੱਕ 11 ਹਾਈ ਸਕੂਲ, 20 ਮਿਡਲ ਸਕੂਲ ਖੁਲ੍ਹ ਚੁੱਕੇ ਸਨ।

ਸਿੱਖ ਐਜੂਕੇਸ਼ਨ ਕਾਨਫਰੰਸ ਨੇ ਉੱਚ ਸਿੱਖਿਆ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਇਸ ਕਾਨਫਰੰਸ ਨੇ ਹੀ ਖਾਲਸਾ ਕਾਲਜ, ਗੁਜਰਾਂਵਾਲਾ ਅਤੇ ਖਾਲਸਾ ਕਾਲਜ, ਲਾਇਲਪੁਰ ਖੋਲ੍ਹਣ ਦਾ ਕੰਮ ਸੰਪੰਨ ਕੀਤਾ। ਖਾਲਸਾ ਕਾਲਜ, ਅੰਮ੍ਰਿਤਸਰ ਨੂੰ ਤਰੱਕੀ ਦੀਆਂ ਲੀਹਾਂ ਤੇ ਲਿਜਾਣ ਲਈ ਇਸ ਸੰਸਥਾ ਨੇ ਬਹੁਤ ਕੰਮ ਕੀਤਾ।

ਖਾਲਸਾ ਕਾਲਜ, ਅੰਮ੍ਰਿਤਸਰ ਦੀ ਨੀਂਹ 1892 ਵਿਚ ਸਿੰਘ ਸਭਾ ਦੀਆਂ ਕੋਸ਼ਿਸ਼ਾਂ ਨਾਲ ਰੱਖੀ ਗਈ। ਇਹ ਸੰਸਥਾ 22 ਅਕਤੂਬਰ 1893 ਨੂੰ ਮਿਡਲ ਸਕੂਲ ਦੇ ਰੂਪ ਵਿਚ ਸ਼ੁਰੂ ਹੋਈ। ਤਿੰਨ ਸਾਲ ਬਾਅਦ ਹਾਈ ਕਲਾਸਾਂ ਸ਼ੁਰੂ ਕੀਤੀਆਂ ਗਈਆਂ। 1899 ਵਿਚ ਬੀ.ਏ.ਦੀਆਂ ਕਲਾਸਾਂ ਆਰੰਭੀਆਂ। ਇਹ ਕਾਲਜ ਤਰੱਕੀ ਦੇ ਰਾਹ ਤੇ ਜਾਣ ਲੱਗਾ। ਵਿਦਿਆਰਥੀ ਦੂਰ ਦੂਰ ਤੋਂ ਇਥੇ ਪੜ੍ਹਨ ਆਉਣ ਲੱਗੇ। ਇਸ ਸੰਸਥਾ ਵਿਚ 1905 ਵਿਚ ਬੀ.ਐਸ.ਸੀ.ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ। ਸੰਸਥਾ ਵਿਚ ਕਮਰਸ਼ੀਅਲ ਅਤੇ ਟਾਈਪ ਦੀਆਂ ਕਲਾਸਾਂ ਵੀ ਆਰੰਭੀਆਂ। ਇਸ ਉਪਰੰਤ 1916 ਵਿਚ ਐਮ.ਏ.ਅੰਗਰੇਜ਼ੀ ਅਤੇ ਇਤਿਹਾਸ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ। ਅੰਗਰੇਜ਼ੀ, ਹਿਸਾਬ, ਇਤਿਹਾਸ ਅਤੇ ਅਰਥ-ਸਾਸ਼ਤਰ ਵਿਸ਼ਿਆਂ ਵਿਚ ਆਨਰਜ ਦੇ ਕੋਰਸ ਵੀ ਸ਼ੁਰੂ ਕੀਤੇ ਗਏ। ਬਾਟਨੀ ਅਤੇ ਕੈਮਿਸਟਰੀ ਵਿਚ ਆਨਰਜ਼ ਸਕੂਲ ਦੇ ਕੋਰਸ ਆਰੰਭ ਕੀਤੇ ਗਏ। ਇਸ ਤਰ੍ਹਾਂ ਚੀਫ਼ ਖਾਲਸਾ ਦੀਵਾਨ ਦੀਆਂ ਕੋਸ਼ਿਸ਼ਾਂ ਸਦਕਾ ਖਾਲਸਾ ਕਾਲਜ, ਅੰਮ੍ਰਿਤਸਰ ਦਾ ਨਾਂ ਪੰਜਾਬ ਵਿਚ ਉਚ ਸਿੱਖਿਆ ਲਈ ਉਚ ਕੋਟੀ ਦੀਆਂ ਸੰਸਥਾਵਾਂ ਵਿਚ ਆ ਗਿਆ। ਚੀਫ਼ ਖਾਲਸਾ ਦੀਵਾਨ ਦੀ ਹਿੰਮਤ ਨਾਲ ਹੀ ਖਾਲਸਾ ਕਾਲਜ ਨੂੰ ਅੰਗਰੇਜ਼ਾਂ ਦੇ ਕੰਟਰੋਲ ਤੋਂ 1920 ਵਿਚ ਮੁੜ ਆਜਾਦ ਕਰਵਾਇਆ ਗਿਆ। ਹੁਣ ਸਰਦਾਰ ਸੁੰਦਰ ਸਿੰਘ ਮਜੀਠੀਆ ਇਸ ਦੀ ਮੈਨੇਜਮੈਂਟ ਦੇ ਮੁੜ ਪ੍ਰਧਾਨ ਅਤੇ ਸਰਦਾਰ ਹਰਬੰਸ ਸਿੰਘ ਸਕੱਤਰ ਚੁਣੇ ਗਏ।

ਇਸ ਤੋਂ ਇਲਾਵਾ ਸਿੱਖ ਐਜੂਕੇਸ਼ਨ ਕਾਨਫਰੰਸ ਨੇ ਉਦਯੋਗਿਕ ਅਤੇ ਖੇਤੀਬਾੜੀ ਸੰਸਥਾਵਾਂ ਵੀ ਖੋਲ੍ਹੀਆਂ। ਲੜਕੀਆਂ ਦੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਇਕ ''ਵਿਧਵਾ ਆਸ਼ਰਮ'' ਵੀ ਖੋਲ੍ਹਿਆ ਗਿਆ ਜਿਸ ਵਿਚ ਵਿਧਵਾਵਾਂ ਨੂੰ ਕੇਵਲ ਰਹਿਣ ਲਈ ਠਿਕਾਣਾ ਹੀ ਨਹੀਂ ਬਲਕਿ ਉਨ੍ਹਾਂ ਦੀ ਪੜ੍ਹਾਈ ਦਾ ਉਚਿਤ ਪ੍ਰਬੰਧ ਕੀਤਾ ਗਿਆ। ਉਹਨਾਂ ਨੂੰ ਰੋਜੀ ਰੋਟੀ ਕਮਾਉਣ ਲਈ ਅਧਿਆਪਕ ਜਾਂ ਨਰਸ ਬਣਨ ਦੀ ਟਰੇਨਿੰਗ ਦਿੱਤੀ ਜਾਣ ਲੱਗੀ। 1920 ਤੱਕ ਚੀਫ਼ ਖਾਲਸਾ ਦੀਵਾਨ ਅਧੀਨ ਲੱਗਭੱਗ 100 ਕੰਨਿਆਂ ਪ੍ਰਾਇਮਰੀ ਸਕੂਲ ਅਤੇ 5 ਬੋਰਡਿੰਗ ਸਕੂਲ ਖੁਲ੍ਹ ਚੁੱਕੇ ਸਨ। 1935 ਤੱਕ ਚੀਫ਼ ਖਾਲਸਾ ਦੀਵਾਨ ਅਧੀਨ ਲੜਕੀਆਂ ਲਈ 52 ਹਾਈ ਸਕੂਲ, 42 ਮਿਡਲ ਸਕੂਲ, 291 ਪ੍ਰਾਇਮਰੀ ਸਕੂਲ ਸਨ। ਸਿੱਖਿਆ ਦੇ ਪ੍ਰਸਾਰ ਵਿਚ ਚੀਫ਼ ਖਾਲਸਾ ਦੀਵਾਨ ਦਾ ਇੰਨਾ ਕੰਮ, ਇਸ ਸੰਸਥਾ ਦੀ ਸੂਝ-ਬੂਝ ਅਤੇ ਦੂਰ ਅੰਦੇਸ਼ੀ ਦਾ ਪ੍ਰਦਰਸ਼ਨ ਹੈ। ਇਸ ਦੇ ਕੰਮ ਦੀ ਪ੍ਰਸੰਸਾ ਵਿਚ ਇਕ ਸਰਕਾਰੀ ਰਿਪੋਰਟ ਵਿਚ ਵੀ ਰਿਕਾਰਡ ਕੀਤਾ ਹੋਇਆ ਹੈ ਕਿ

> ''ਸਿੱਖ ਪੰਥ ਵਲੋਂ ਵਿਦਿਆ ਦੇ ਖੇਤਰ ਵਿਚ ਕੀਤਾ ਕੰਮ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਕਿਸੇ ਹੋਰ ਸੰਪਰਦਾਇ ਨੇ ਭਿੰਨ-ਭਿੰਨ ਵਿਦਿਅਕ ਖੇਤਰਾਂ ਵਿਚ ਇੰਨਾ ਕੰਮ ਨਹੀਂ

ਕੀਤਾ ਜਿੰਨਾ ਕਿ ਇਹਨਾਂ ਨੇ।''

### 1.6.6 ਸਮਾਜਿਕ ਤੇ ਧਾਰਮਿਕ ਸੁਧਾਰ

ਚੀਫ਼ ਖਾਲਸਾ ਦੀਵਾਨ ਨੇ ਸਿੱਖਾਂ ਦੇ ਸਮਾਜਿਕ ਉਥਾਨ ਵੱਲ ਵਿਸ਼ੇਸ਼ ਧਿਆਨ ਦਿੱਤਾ। ਸਿੱਖ ਗੁਰੂਆਂ ਵਲੋਂ ਜਾਤੀ ਪ੍ਰਥਾ ਦਾ ਪੁਰਜ਼ੋਰ ਵਿਰੋਧ ਕਰਨ ਦੇ ਬਾਵਜੂਦ, ਸਿੱਖ ਇਨ੍ਹਾਂ ਬੰਧਨਾਂ ਤੋਂ ਮੁਕਤ ਨਹੀਂ ਸਨ। ਸਿੱਖਾਂ ਵਿਚ ਮਜ਼ਬੀ ਸਿੱਖ, ਰਾਮਦਾਸੀਏ, ਰਹਿਤੀਏ, ਰੰਗਰੇਟੇ ਆਦਿ ਵਰਗਾਂ ਨਾਲ ਨਾ ਖਾਣ-ਪੀਣ ਸੀ ਤੇ ਨਾਂ ਹੀ ਅੰਤਰਜਾਤੀ ਵਿਵਾਹ। ਇਹਨਾਂ ਜਾਤੀਆਂ ਵਿਚੋਂ ਬਹੁਤ ਸਾਰੇ ਲੋਕਾਂ ਨੇ ਈਸਾਈ ਮੱਤ ਅਪਣਾ ਲਿਆ ਅਤੇ ਜਾਂ ਆਰੀਆ ਸਮਾਜ। ਚੀਫ਼ ਖਾਲਸਾ ਦੀਵਾਨ ਇਸ ਸਮੱਸਿਆ ਦੇ ਹੱਲ ਲਈ ਬਹੁਤ ਪ੍ਰੇਸ਼ਾਨ ਸੀ। ਉਸ ਨੇ ਇਹਨਾਂ ਪਤਿਤ ਸਿੱਖਾਂ ਨੂੰ ਮੁੜ ਸਿੱਖ ਧਰਮ ਵਿਚ ਲੈਣ ਦੀ ਅਥਾਹ ਕੋਸ਼ਿਸ਼ ਕੀਤੀ। ਇਸ ਕੰਮ ਲਈ ਇਕ **ਖਾਲਸਾ ਬਿਰਾਦਰੀ** ਨਾਂ ਦੀ ਸੰਸਥਾ ਵੀ ਬਣਾਈ ਗਈ। ਇਸ ਦਾ ਕੰਮ ਛੂਤ-ਛਾਤ ਅਤੇ ਅੰਤਰਜਾਤੀ ਭੇਦਭਾਵ ਨੂੰ ਖਤਮ ਕਰਨਾ ਸੀ। ਸੁੰਦਰ ਸਿੰਘ ਮਜੀਠੀਆ ਨੇ ''ਅਛੂਤ ਸੁਧਾਰ'' ਅੰਦੋਲਨ ਵੀ ਸ਼ੁਰੂ ਕੀਤਾ। ਇਹਨਾਂ ਸੰਸਥਾਵਾਂ ਦੇ ਸਦਕਾ ਸਿੱਖਾਂ ਵਿਚ ਦਲਿੱਤ ਵਰਗ ਨੂੰ ਗੁਰਦਵਾਰਿਆਂ ਵਿਚ ਜਾਣ ਲਈ ਖੁੱਲ ਮਿਲੀ।

ਚੀਫ਼ ਖਾਲਸਾ ਦੀਵਾਨ ਨੇ ਔਰਤਾਂ ਦੇ ਉਥਾਨ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਉਹਨਾਂ ਵਲੋਂ ਸਿੱਖਾਂ ਵਿਚ ਲੜਕੀਆਂ ਨੂੰ ਜਨਮ ਹੁੰਦੇ ਮਾਰ ਦੇਣ ਦੀ ਪ੍ਰਥਾ, ਬਹੁ-ਵਿਆਹ, ਪਰਦਾ, ਬਚਪਨ ਵਿਚ ਹੀ ਲੜਕੀ ਦੀ ਸ਼ਾਦੀ ਕਰ ਦੇਣ ਦਾ ਰਿਵਾਜ਼ ਆਦਿ ਬੁਰਾਈਆਂ ਦਾ ਡੱਟ ਕੇ ਵਿਰੋਧ ਕੀਤਾ ਗਿਆ। ਚੀਫ਼ ਖਾਲਸਾ ਦੀਵਾਨ ਨੇ ਔਰਤਾਂ ਨੂੰ ਸਮਾਜਿਕ ਅਤੇ ਸੰਸਕ੍ਰਿਤਕ ਜੀਵਨ ਵਿਚ ਪੂਰਾ ਭਾਗ ਲੈਣ ਲਈ ਪ੍ਰੇਰਿਆ। ਇਸ ਸੰਸਥਾ ਨੇ ਨੌਜਵਾਨਾਂ ਵਿਚ ਜੂਆ ਖੇਡਣ, ਸ਼ਰਾਬ ਪੀਣ, ਤੰਬਾਕੂ ਦਾ ਸੇਵਨ ਕਰਨ ਅਤੇ ਮੁਕੱਦਮੇਬਾਜ਼ੀ ਵਿਚ ਪੈਣ ਦੇ ਵਿਰੁੱਧ ਪ੍ਰਚਾਰ ਕੀਤਾ।

ਚੀਫ਼ ਖਾਲਸਾ ਦੀਵਾਨ ਵਲੋਂ ਸਮਾਜਿਕ ਖੇਤਰ ਵਿਚ ਕੀਤੇ ਇਹਨਾਂ ਸਾਰੇ ਕੰਮਾਂ ਨੇ ਸਿੱਖ ਸਮਾਜ ਦਾ ਨਾਂ ਕੇਵਲ ਉਥਾਨ ਕਰਨ ਵਿਚ ਬਲਕਿ ਇਕ ਸਮਾਜਿਕ ਪ੍ਰਵਰਤਨ ਲਿਆਉਣ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਚੀਫ਼ ਖਾਲਸਾ ਦੀਵਾਨ ਦਾ ਮੁੱਖ ਉਦੇਸ਼ ਸਿੱਖ ਧਰਮ ਨੂੰ ਪਤਨ ਤੋਂ ਬਚਾਉਣਾ ਅਤੇ ਨਿਰਮਲ ਬਨਾਉਣਾ ਸੀ। ਬਹੁਤ ਸਾਰੇ ਸਿੱਖ ਅਜੇ ਵੀ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਸਨ। ਹਰਮੰਦਰ ਸਾਹਿਬ ਦੀ ਪਰਕਰਮਾਂ ਵਿਚੋਂ ਇਹ ਮੂਰਤੀਆਂ ਉਠਾ ਦਿੱਤੀਆਂ ਗਈਆਂ। ਸਿੱਖਾਂ ਨੂੰ ਹਿੰਦੂਆਂ ਦੇ ਤੀਰਥ ਸਥਾਨ ਹਰਦਵਾਰ, ਬਨਾਰਸ ਅਤੇ ਮਥਰਾ ਜਾਣ ਤੋਂ ਰੋਕਿਆ ਗਿਆ। ਸੰਤ ਅਤਰ ਸਿੰਘ ਮਸਤੂਆਣਾ ਨੇ ਸਿੱਖਾਂ ਦੇ ਅਧਿਆਤਮਿਕ ਉਥਾਨ ਲਈ ਪੁਰਜ਼ੋਰ ਕੋਸ਼ਿਸ਼ ਕੀਤੀ। ਉਹਨਾਂ ਵਿਚ ਨਿੱਤ ਸਵੇਰੇ ਜਲਦੀ ਉਠਣ, ਇਸ਼ਨਾਨ ਕਰਨ ਅਤੇ ਸਿਮਰਨ ਕਰਨ ਦੀ ਪ੍ਰੰਪਰਾ ਪਰਪੱਕ ਕੀਤੀ।

ਚੀਫ਼ ਖਾਲਸਾ ਦੀਵਾਨ ਨੇ ਸਿੱਖ ਨੌਜਵਾਨਾਂ ਵਿਚ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਅਤੇ ਮੂਲ ਸਿਧਾਂਤਾਂ ਨੂੰ ਸਾਹਿਤ ਰਾਹੀਂ ਉਜਾਗਰ ਕਰਕੇ ਪ੍ਰਚਾਰ ਕਰਨ ਦਾ ਕੰਮ ਕੀਤਾ। ਪੰਜਾਬੀ ਵਿਚ ਟਰੈਕਟ ਛਾਪੇ ਗਏ। ਧਰਮ ਪ੍ਰਚਾਰ ਦਾ ਕੰਮ ਜ਼ੋਰਾਂ ਤੇ ਕੀਤਾ ਗਿਆ। ਕੇਵਲ ਪੰਜਾਬ ਵਿਚ ਹੀ ਨਹੀਂ ਬਲਕਿ ਮਲਾਇਆ, ਬਰ੍ਹਮਾ ਵਿਚ ਵੀ ਧਰਮ ਪ੍ਰਚਾਰ ਲਈ ਯਤਨ ਆਰੰਭੇ ਗਏ। 1908 ਵਿਚ ਤਰਨਤਾਰਨ ਵਿਖੇ ਇਕ ਮਿਸ਼ਨਰੀ ਕਾਲਜ ਦੀ ਸਥਾਪਨਾ ਕੀਤੀ ਗਈ ਜਿਥੇ ਕਿ ਸਿੱਖ ਰਾਗੀ, ਗ੍ਰੰਥੀ, ਪ੍ਰਚਾਰਕਾਂ ਨੂੰ ਟਰੇਨਿੰਗ ਦਿੱਤੀ ਜਾਣ ਲੱਗੀ। ਗੁਰਪੁਰਬਾਂ ਦੇ ਮੌਕੇ ਤੇ ਵਿਸ਼ੇਸ਼ ਦੀਵਾਨ ਲਗਾਏ ਜਾਣ ਲੱਗੇ। ਚੀਫ਼ ਖਾਲਸਾ ਦੀਵਾਨ ਗੁਰਦੁਆਰਿਆਂ ਵਿਚ ਪ੍ਰਚੱਲਿਤ ਮਹੰਤਾਂ ਵਲੋਂ ਹੋ ਰਹੇ ਭ੍ਰਿਸ਼ਟਾਚਾਰ ਤੋਂ ਅਗਿਆਤ ਨਹੀਂ ਸੀ।

ਇਸ ਨੇ ਗੁਰਦੁਆਰਿਆਂ ਵਿਚ ਸੁਧਾਰ ਕਰਨ ਦੀ ਵੀ ਕੋਸ਼ਿਸ਼ ਕੀਤੀ। ਆਪਣੇ ਰਸਾਲੇ, ਅਖ਼ਬਾਰਾਂ ਵਿਚ ਇਨ੍ਹਾਂ ਮਹੰਤਾਂ ਵਿਰੁੱਧ ਲੇਖ ਲਿਖੇ ਜਾਣ ਲੱਗੇ। ਪ੍ਰੰਤੂ ਇਹ ਕੰਮ ਬਾਅਦ ਵਿਚ ਅਕਾਲੀ ਲਹਿਰ ਨੇ ਬਹੁਤ ਵੱਡੀ ਲਹਿਰ ਸ਼ੁਰੂ ਕਰਕੇ ਸੰਪੰਨ ਕੀਤਾ ਅਤੇ ਗੁਰਦੁਆਰਿਆਂ ਨੂੰ ਭ੍ਰਿਸ਼ਟਾਚਾਰ ਮਹੰਤਾਂ ਤੋਂ ਅਜ਼ਾਦ ਕਰਵਾਉਣ ਵਿਚ ਕਾਮਯਾਬੀ ਹਾਸਲ ਕੀਤੀ। 12 ਦਸੰਬਰ 1920 ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਅਤੇ ਸੁੰਦਰ ਸਿੰਘ ਮਜੀਠੀਆ ਹੀ ਇਸ ਦੇ ਪਹਿਲੇ ਪ੍ਰਧਾਨ ਥਾਪੇ ਗਏ।

### 1.6.7 ਰਾਜਨੀਤਕ ਗਤੀਵਿਧੀਆਂ:

1849 ਵਿਚ ਅੰਗਰੇਜ਼ਾਂ ਦੁਆਰਾ ਪੰਜਾਬ ਤੇ ਕਬਜਾ ਹੋਣ ਉਪਰੰਤ ਹੀ ਸਿੱਖਾਂ ਵਿਚ ਅੰਗਰੇਜ਼ਾਂ ਵਿਰੁੱਧ ਬੇਚੈਨੀ ਫੈਲ ਰਹੀ ਸੀ। ਭਾਈ ਮਹਾਰਾਜ ਸਿੰਘ ਨੇ ਤਾਂ ਅੰਗਰੇਜ਼ੀ ਰਾਜ ਵਿਰੁੱਧ ਖੁੱਲ੍ਹੀ ਬਗਾਵਤ ਕੀਤੀ। ਉਸ ਨੂੰ ਗ੍ਰਿਫ਼ਤਾਰ ਕਰਕੇ ਸਿੰਘਾਪੁਰ ਜੇਲ੍ਹ ਵਿਚ ਬੰਦ ਰੱਖਿਆ ਗਿਆ। ਨਾਮਧਾਰੀ ਗੁਰੂ ਬਾਬਾ ਰਾਮ ਸਿੰਘ ਤਾਂ ਖੁਲ੍ਹੇ ਆਮ ਆਪਣੇ ਸ਼ਰਧਾਲੂਆਂ ਨੂੰ ਸਵਦੇਸ਼ੀ ਰਾਜ ਲਈ ਤਿਆਰ ਕਰ ਰਹੇ ਸਨ। ਸਿੰਘ ਸਭਾ ਅਤੇ ਚੀਫ਼ ਖਾਲਸਾ ਦੀਵਾਨ ਨੇ ਸਿੱਖਾਂ ਦੇ ਸਮਾਜਿਕ ਉਥਾਨ ਅਤੇ ਧਾਰਮਿਕ ਪਹਿਚਾਣ ਬਨਾਉਣ ਦਾ ਕੰਮ ਕਰਦੇ ਹੋਏ ਉਹਨਾਂ ਵਿਚ ਰਾਜਨੀਤਿਕ ਜਾਗ੍ਰਤੀ ਪੈਦਾ ਕੀਤੀ। ਸਿੱਖ ਆਪਣੇ ਹੱਕਾਂ ਲਈ ਲੜਨ ਲੱਗੇ। ਉਹਨਾਂ ਨੇ ਆਪਣੇ ਲਈ ਰਾਜਨੀਤਿਕ ਅਤੇ ਸੰਵਿਧਾਨਕ ਹੱਕ ਪ੍ਰਾਪਤ ਕਰਨ ਲਈ ਜਦੋ-ਜਹਿਦ ਕਰਨੀ ਸ਼ੁਰੂ ਕੀਤੀ ਅਤੇ ਆਪਣੇ ਧਾਰਮਿਕ ਦੀਵਾਨਾਂ ਵਿਚ ਆਪਣੀ ਰਾਜਨੀਤਿਕ ਸਥਿਤੀ ਦਾ ਬਿਆਨ ਕਰਨਾ ਸ਼ੁਰੂ ਕੀਤਾ।

ਖਾਲਸਾ ਕਾਲਜ ਅਤੇ ਸਿੱਖ ਐਜੂਕੇਸ਼ਨ ਕਾਨਫਰੰਸ ਵਲੋਂ ਖੋਲ੍ਹੀਆਂ ਵਿਦਿਅਕ ਸੰਸਥਾਵਾਂ ਵਿਚ ਦਿੱਤੀ ਪੱਛਮੀ ਸਿੱਖਿਆ ਨੇ ਲੋਕਾਂ ਵਿਚ ਰਾਜਨੀਤਿਕ ਜਾਗ੍ਰਤੀ ਲਿਆਉਣ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਜਦ ਸਰਕਾਰ ਨੇ ਖਾਲਸਾ ਕਾਲਜ ਵਿਚ ਦਖ਼ਲ ਦੇਣਾ ਸ਼ੁਰੂ ਕੀਤਾ ਅਤੇ 1907-08 ਦੀ ਹਲਚਲ ਵਿਚ ਇਸ ਸੰਸਥਾ ਦੀ ਮੈਨੇਜਮੈਂਟ ਅੰਗਰੇਜ਼ ਸਰਕਾਰ ਅਧੀਨ ਚਲੀ ਗਈ ਤਾਂ ਸੰਸਥਾ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮੈਨੇਜਮੈਂਟ ਵਲੋਂ ਬਹੁਤ ਵਿਰੋਧ ਹੋਇਆ ਅਤੇ ਇਸ ਸੰਸਥਾ ਨੂੰ ਸਰਕਾਰੀ ਕੰਟਰੋਲ ਤੋਂ ਅਜ਼ਾਦ ਕਰਵਾਉਣ ਲਈ ਇਕ ਲੰਮੀ ਜਦੋ-ਜਹਿਦ ਕਰਨੀ ਪਈ। ਅੰਤ 1920 ਵਿਚ ਕਾਲਜ ਸਰਕਾਰੀ ਕੰਟਰੋਲ ਤੋਂ ਅਜ਼ਾਦ ਹੋਇਆ।

ਚੀਫ਼ ਖਾਲਸਾ ਦੀਵਾਨ ਨੇ ਗੁਰਦਵਾਰਿਆਂ ਵਿਚ ਮਹੰਤਾਂ ਵਲੋਂ ਚਲ ਰਹੇ ਭ੍ਰਿਸ਼ਟਾਚਾਰ ਵਿਰੁੱਧ ਵੀ ਜਦੋ-ਜ਼ਹਿਦ ਕਰਨੀ ਸ਼ੁਰੂ ਕੀਤੀ। **ਖਾਲਸਾ ਐਡਵੋਕੇਟ, ਖਾਲਸਾ ਸਮਾਚਾਰ, ਖਾਲਸਾ ਸੇਵਕ** ਵਿੱਚ ਸਿੱਖ ਗੁਰਦੁਆਰਿਆਂ ਦੇ ਸੁਧਾਰ ਲਈ ਲੇਖ ਛਪਣ ਲੱਗੇ ਬਾਅਦ ਵਿਚ ਅਕਾਲੀ ਲੀਡਰਸ਼ਿਪ ਅਧੀਨ ਸਫ਼ਲਤਾ ਪੂਰਵਕ ਗੁਰਦੁਆਰਿਆਂ ਨੂੰ ਭ੍ਰਿਸ਼ਟਾਚਾਰ ਮਹੰਤਾਂ ਤੋਂ ਆਜ਼ਾਦ ਕਰਵਾਇਆ ਗਿਆ। ਹੁਣ ਉਹਨਾਂ ਦੀ ਮੈਨੇਜਮੈਂਟ ਨਵੀਂ ਬਣੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਈ।

ਚੀਫ਼ ਖਾਲਸਾ ਦੀਵਾਨ ਨੇ ਸਿੱਖਾਂ ਲਈ ਵਿਧਾਨ ਸਭਾ ਵਿਚ 30% ਸੀਟਾਂ ਰਾਖਵੀਆਂ ਕਰਨ ਲਈ ਮੰਗ ਪੇਸ਼ ਕੀਤੀ। ਉਹਨਾਂ ਨੇ ਨਹਿਰੂ ਰਿਪੋਰਟ ਨੂੰ ਵੀ ਸਵੀਕਾਰ ਨਾ ਕੀਤਾ। ਕਮਿਊਨਲ ਅਵਾਰਡ ਵੀ ਸਿੱਖਾਂ ਨੂੰ ਸਵੀਕਾਰ ਨਹੀਂ ਸੀ ਕਿਉਂਕਿ ਇਸ ਵਿਚ ਸਿੱਖਾਂ ਨੂੰ ਕੇਵਲ 19% ਸੀਟਾਂ ਹੀ ਦੇਣੀਆਂ ਮੰਨੀਆਂ ਗਈਆਂ ਜਦ ਕਿ ਮੁਸਲਮਾਨਾਂ ਨੂੰ 52%, ਹਿੰਦੂਆਂ ਨੂੰ 27%। ਸਰਦਾਰ ਸੁੰਦਰ ਸਿੰਘ ਮਜੀਠੀਆ, ਸਰਦਾਰ ਜੋਗਿੰਦਰ ਸਿੰਘ, ਰਾਜਾ ਦਲਜੀਤ ਸਿੰਘ, ਭਗਤ ਜਸਵੰਤ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ 17 ਅਗਸਤ 1932 ਨੂੰ ਜਾਰੀ ਕੀਤੀ ਇਕ ਸਟੇਟਮੈਂਟ ਵਿਚ ਕਮਿਊਨਲ ਅਵਾਰਡ ਦੀ ਨਿੰਦਾ ਕੀਤੀ।

ਚੀਫ਼ ਖਾਲਸਾ ਦੀਵਾਨ ਨੇ ਸਿੱਖਾਂ ਨੂੰ ਸਿਵਲ ਅਤੇ ਸੈਨਿਕ ਨੌਕਰੀਆਂ ਦੀ ਪ੍ਰਾਪਤੀ ਵਿਚ ਵਧੇਰੇ ਸਥਾਨ ਉਪਲਬਧ ਕਰਵਾਉਣ ਲਈ ਵੀ ਮੁਹਿੰਮ ਚਲਾਈ। 1878 ਦੇ ਆਰਮਜ਼ ਐਕਟ ਅਨੁਸਾਰ ਸਿੱਖ ਕ੍ਰਿਪਾਨ

ਨਹੀਂ ਸਨ ਰੱਖ ਸਕਦੇ। ਪ੍ਰੰਤੂ ਉਹਨਾਂ ਦਾ ਇਹ ਪਵਿੱਤਰ ਚਿੰਨ੍ਹ ਮੰਨਿਆ ਜਾਂਦਾ ਹੈ। ਸਰਦਾਰ ਸੁੰਦਰ ਸਿੰਘ ਮਜੀਠੀਆ ਨੇ ਇਸ ਬਾਰੇ ਸਰਕਾਰ ਨਾਲ ਗੱਲਬਾਤ ਚਲਾਈ ਜਿਸ ਦੇ ਸਦਕਾ 25 ਜੂਨ 1914 ਨੂੰ ਸਿੱਖਾਂ ਦੀ ਕ੍ਰਿਪਾਨ ਹਥਿਆਰਾਂ ਦੇ ਕਾਨੂੰਨ ਤੋਂ ਅਜ਼ਾਦ ਕੀਤੀ ਗਈ। 17 ਜੁਲਾਈ 1914 ਤੋਂ ਸਾਰੇ ਭਾਰਤ ਵਿਚ ਸਿੱਖਾਂ ਲਈ ਇਸ ਦੀ ਖੁਲ੍ਹ ਹੋ ਗਈ।

ਚੀਫ਼ ਖਾਲਸਾ ਦੀਵਾਨ ਨੇ ਸਿੱਖ ਮਰਿਆਦਾ ਅਨੁਸਾਰ ਅਨੰਦ ਮੈਰਿਜ ਐਕਟ ਪਾਸ ਕਰਵਾਉਣ ਵਿਚ ਵੀ ਅਹਿਮ ਭੂਮਿਕਾ ਨਿਭਾਈ।

ਜਲ੍ਹਿਆਂਵਾਲੇ ਬਾਗ ਦੇ ਦੁਖਾਂਤ ਨੇ ਭਾਰਤ ਦੀ ਸਵਤੰਤਰਤਾ ਦੇ ਇਤਿਹਾਸ ਵਿਚ ਇਕ ਭਾਰੀ ਮੋੜ ਲਿਆਂਦਾ। ਚੀਫ਼ ਖਾਲਸਾ ਦੀਵਾਨ ਦੀ ਰਾਜਸੀ ਨੀਤੀ ਸਰਕਾਰ ਦੀ ਵਫ਼ਾਦਾਰੀ ਤੇ ਉਸ ਨਾਲ ਮਿਲਵਰਤਨ ਬਣਾ ਕੇ ਕੰਮ ਕਰਵਾਉਣ ਦੀ ਸੀ। ਪ੍ਰੰਤੂ ਪਹਿਲਾ ਵਿਸ਼ਵ ਯੁੱਧ ਖ਼ਤਮ ਹੋਣ ਤੇ ਭਾਰਤ ਵਿਚ ਅੰਗਰੇਜ਼ ਸਰਕਾਰ ਵਲੋਂ ਲਾਗੂ ਕੀਤੇ ਰੌਲਟ ਐਕਟ ਨੇ ਲੋਕਾਂ ਦੇ ਮਨ ਹਿਲਾ ਦਿੱਤੇ। ਜਲ੍ਹਿਆਂਵਾਲਾ ਬਾਗ ਵਿਚ ਜਨਰਲ ਡਾਇਰ ਵਲੋਂ ਚਲਾਈਆਂ ਅੰਨ੍ਹੇਵਾਹ ਗੋਲੀਆਂ ਨੇ ਧੁਖਦੀ ਅੱਗ ਨੂੰ ਭੜਕਾ ਦਿੱਤਾ। ਜਦ ਇਹੋ ਜਿਹੇ ਅਤਿਆਚਾਰੀ ਜਨਰਲ ਡਾਇਰ ਨੂੰ ਹਰਮੰਦਿਰ ਸਾਹਿਬ ਦੇ ਪ੍ਰਬੰਧਕਾਂ ਵਲੋਂ ਸਿਰੋਪਾ ਦਿੱਤਾ ਗਿਆ ਤਾਂ ਸਿੱਖਾਂ ਵਿਚ ਰੋਸ ਭੜਕ ਉਠਿਆ। ਹੁਣ ਗੁਰਦੁਆਰਾ ਸੁਧਾਰ ਲਹਿਰ ਨਰਮ ਦਲੀ ਚੀਫ਼ ਖਾਲਸਾ ਦੀਵਾਨ ਦੇ ਹੱਥੋਂ ਨਿਕਲ ਕੇ ਅਕਾਲੀ ਲਹਿਰ ਦੀ ਅਗਵਾਈ ਵਿਚ ਆ ਗਈ ਅਤੇ ਸਫ਼ਲਤਾ ਪੂਰਵਕ ਗੁਰਦੁਆਰਿਆਂ ਨੂੰ ਭ੍ਰਿਸ਼ਟਾਚਾਰੀ ਮਹੰਤਾਂ ਤੋਂ ਅਜ਼ਾਦ ਕਰਵਾਇਆ।

**1.6.8 ਸਿੱਟਾ:** ਇਸ ਤਰ੍ਹਾਂ ਚੀਫ਼ ਖਾਲਸਾ ਦੀਵਾਨ ਦਾ ਇਤਿਹਾਸ ਵਿਦਿਅਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿਚ ਪ੍ਰਾਪਤੀਆਂ ਦਾ ਪ੍ਰਭਾਵਸ਼ਾਲੀ ਰਿਕਾਰਡ ਹੈ। ਇਸ ਨੇ ਸਿੱਖਾਂ ਨੂੰ ਉਹਨਾਂ ਦੇ ਰਾਜਨੀਤਿਕ ਅਤੇ ਸੰਵਿਧਾਨਿਕ ਹੱਕ ਦਵਾਉਣ ਵਿਚ ਕੋਈ ਕਸਰ ਨਾ ਛੱਡੀ। ਭਾਵੇਂ ਸਰਕਾਰ ਪ੍ਰਤੀ ਉਹਨਾਂ ਦਾ ਵਤੀਰਾ ਨਰਮ ਦਲ ਅਤੇ ਵਫ਼ਾਦਾਰੀ ਵਾਲਾ ਸੀ ਪ੍ਰੰਤੂ ਚੀਫ਼ ਖਾਲਸਾ ਦੀਵਾਨ ਸ਼ਾਇਦ ਆਪਣੀ ਇਸ ਰਾਜਨੀਤੀ ਕਾਰਣ ਹੀ ਸਰਕਾਰ ਤੋਂ ਸਿੱਖਾਂ ਲਈ ਹੱਕ ਪ੍ਰਾਪਤ ਕਰਨ ਵਿਚ ਕਾਮਯਾਬ ਰਿਹਾ।

### 1.6.9 ਅਭਿਆਸ ਲਈ ਪ੍ਰਸ਼ਨ:

1.ਚੀਫ ਖਾਲਸਾ ਦੀਵਾਨ ਦੀ ਸਥਾਪਨਾ ਅਤੇ ਸਥਾਪਨਾ ਦਾ ਉਦੇਸ਼ ਬਿਆਨ ਕਰੋ।

2. ਚੀਫ ਖਾਲਸਾ ਦੀਵਾਨ ਨੇ ਸਿੱਖਿਆ ਅਤੇ ਰਾਜਸੀ ਖੇਤਰ ਵਿਚ ਕੀ ਯੋਗਦਾਨ ਪਾਇਆ?

### 1.6.10: ਸਹਾਇਕ ਪੁਸਤਕ ਸੂਚੀ

1. ਜਗਜੀਤ ਸਿੰਘ: ਸਿੰਘ ਸਭਾ ਲਹਿਰ
2. ਸ਼ਮਸ਼ੇਰ ਸਿੰਘ ਅਸ਼ੋਕ : ਪੰਜਾਬ ਦੀਆਂ ਲਹਿਰਾਂ
3. N.Gerald Barrier, **The Singh Sabha Movement, 1875-1925**, article in Harish K. Puri ed., Social and Political Movements, Rawat Publicatins, New Delhi.

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.